ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 72 | 24 May to 30 May, 2023 | Ph.: (510) 240-5949 | Email: asrtimes@gmail.com

# ਕਰਜ਼ੇ ਦੇ ਜਾਲ 'ਚ ਫਸੇ ਪੰਜਾਬੀ




## ਆਰ.ਬੀ.ਆਈ. ਅਨੁਸਾਰ 'ਪੰਜਾਬ ਮੁਲਕ ਦਾ ਸਭ ਤੋਂ ਵੱਧ ਕਰਜ਼ਈ ਸੂਬਾ'

## ਮਹਿੰਗੀਆਂ ਗੱਡੀਆਂ, ਖ਼ਰਚੀਲੇ ਵਿਆਹਾਂ, ਆਲੀਸ਼ਾਨ ਕੋਠੀਆਂ, ਬੇਰੁਜ਼ਗਾਰੀ, ਮਹਿੰਗਾਈ ਅਤੇ ਫੋਕੀ ਟੌਹਰ ਨੇ ਕਰਜ਼ਈ ਕੀਤੇ ਲੋਕ

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੇ ਲੋਕਾਂ ਨੂੰ ਜਿਥੇ ਨਸ਼ੇ, ਬੇਰੁਜ਼ਗਾਰੀ, ਮਹਿੰਗਾਈ ਸਮੇਤ ਅਨੇਕਾਂ ਸਮੱਸਿਆਵਾਂ ਨੇ ਘੇਰਿਆ ਹੋਇਆ ਹੈ, ਉਥੇ ਪੰਜਾਬ ਦੇ ਵੱਡੀ ਗਿਣਤੀ ਲੋਕ ਕਰਜ਼ੇ ਦੇ ਜਾਲ 'ਚ ਵੀ ਫਸੇ ਹੋਏ ਹਨ। ਇਕ ਰਿਪੋਰਟ ਅਨੁਸਾਰ ਪੰਜਾਬ ਦੇ ਲੋਕਾਂ ਦੇ ਮਹਿੰਗੇ ਸ਼ੌਕ, ਵੱਡੀਆਂ ਤੇ ਮਹਿੰਗੀਆਂ ਗੱਡੀਆਂ, ਖ਼ਰਚੀਲੇ ਵਿਆਹਾਂ, ਆਲੀਸ਼ਾਨ ਕੋਠੀਆਂ, ਬਰਾਂਡਿਡ ਕੱਪੜਿਆਂ, ਅਮਰ ਵੇਲ ਵਾਂਗ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਫੋਕੀ ਟੌਹਰ ਨੇ ਵੀ ਪੰਜਾਬੀਆਂ ਨੂੰ ਕਰਜ਼ਈ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਕਰਜ਼ੇ ਲੈ ਕੇ ਆਪਣੇ ਧੀਆਂ ਪੁੱਤਾਂ ਨੂੰ ਵਿਦੇਸ਼ ਭੇਜ ਰਹੇ ਹਨ, ਜਿਸ ਕਾਰਨ ਉਹ ਵੀ ਕਰਜ਼ੇ ਦੀ ਲਪੇਟ 'ਚ ਆ ਰਹੇ ਹਨ। ਪੰਜਾਬ 'ਚ ਹਾਲ ਇਹ ਹੋ ਗਿਆ ਹੈ ਕਿ ਅਨੇਕਾਂ ਲੋਕਾਂ ਦੀ ਜਿੰਦਗੀ ਮੁੱਕ ਜਾਂਦੀ ਹੈ ਪਰ ਉਹਨਾਂ ਵੱਲੋਂ ਲਿਆ ਗਿਆ ਕਰਜ਼ਾ ਨਹੀਂ ਮੁੱਕਦਾ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ 'ਚ ਕਰਜ਼ੇ ਦੀ ਸਮੱਸਿਆ ਕਿੰਨੀ ਗੰਭੀਰ ਹੋ ਗਈ ਹੈ।




ਪੰਜਾਬ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀਬਾੜੀ ਹੈ। ਪੰਜਾਬ 'ਚ ਲੰਬੇ ਸਮੇਂ ਤੋਂ ਖੇਤੀਬਾੜੀ ਘਾਟੇ 'ਚ ਜਾ ਰਹੀ ਹੈ। ਕਿਸਾਨਾਂ ਅਨੁਸਾਰ ਉਹਨਾਂ ਨੂੰ ਫਸਲਾਂ ਦਾ ਲਾਗਤ ਮੁੱਲ ਵੀ ਨਹੀਂ ਮਿਲਦਾ, ਇਸਦਾ ਸਬੂਤ ਥਾਂ- ਥਾਂ 'ਤੇ ਕਿਸਾਨਾਂ ਵੱਲੋਂ ਲਗਾਏ ਜਾਂਦੇ ਧਰਨੇ ਵੀ ਹਨ। ਇਸ ਤੋਂ ਇਲਾਵਾ ਕਈ ਫ਼ਸਲਾਂ ਦਾ ਸਹੀ ਮੰਡੀ ਕਰਨ ਨਾ ਹੋਣ ਕਾਰਨ ਅਤੇ ਕਦੇ ਮੌਸਮ ਦੇ ਕਹਿਰ ਕਰਕੇ ਮੰਡੀਆਂ 'ਚ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਰੁਲ ਜਾਂਦੀ ਹੈ, ਜਿਸ ਕਾਰਨ ਕਿਸਾਨ ਆਰਥਿਕ ਘਾਟੇ ਦਾ ਸ਼ਿਕਾਰ ਹੋ ਕੇ ਕਰਜ਼ਈ ਹੋ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਆਪਣੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਆੜ੍ਹਤੀਆਂ ਅਤੇ ਬੈਂਕਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ ਅਤੇ ਫਿਰ ਉਹਨਾਂ ਦੀ ਸਾਰੀ ਉਮਰ ਇਸ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਵਿੱਚ ਲੰਘ ਜਾਂਦੀ ਹੈ। ਪੰਜਾਬ 'ਚ ਕਰਜ਼ੇ ਤੋਂ ਦੁਖੀ ਹੋ ਕੇ ਅਨੇਕਾਂ ਕਿਸਾਨ- ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਅਨੇਕਾਂ ਨੌਜਵਾਨ ਆਪਣੇ ਮਾਪਿਆਂ ਦੇ ਪੈਸੇ 'ਤੇ ਐਸ਼ਪ੍ਰਸਤੀ ਕਰਦੇ ਹਨ, ਜਿਸ ਕਾਰਨ ਉਹਨਾਂ ਦੇ ਮਾਪੇ ਕਰਜ਼ੇ 'ਚ ਡੁੱਬ ਜਾਂਦੇ ਹਨ। ਪੰਜਾਬ 'ਚ ਲੋਕਾਂ ਦੀ ਆਮਦਨੀ ਘੱਟ ਰਹੀ ਹੈ ਅਤੇ ਖ਼ਰਚੇ ਵੱਧ ਰਹੇ ਹਨ, ਜਿਸ ਕਾਰਨ ਪੰਜਾਬ ਦੀ ਆਰਥਿਕਤਾ ਡਾਵਾਂਡੋਲ ਹੁੰਦੀ ਜਾ ਰਹੀ ਹੈ। ਆਰਥਿਕ ਮਾਹਿਰ ਕਹਿੰਦੇ ਹਨ ਕਿ ਪੰਜਾਬ ਦੇ ਲੋਕ ਆਪਣੀਆਂ ਆਲੀਸ਼ਾਨ ਕੋਠੀਆਂ ਬਣਾਉਣ ਲਈ ਅਕਸਰ ਕਰਜ਼ਾ ਲੈਂਦੇ ਹਨ, ਇਸ ਤੋਂ ਇਲਾਵਾ ਰੇਤਾ, ਬਜਰੀ, ਸੀਮਿੰਟ, ਇੱਟਾਂ,

(ਬਾਕੀ ਸਫ਼ਾ 29 'ਤੇ)

## ਕਰਜ਼ੇ 'ਚ ਡੁੱਬੀ ਪੰਜਾਬ ਸਰਕਾਰ



ਪੰਜਾਬ ਦੇ ਲੋਕਾਂ ਨੂੰ ਕਰਜ਼ੇ ਤੋਂ ਬਚਾਉਣ ਲਈ ਪੰਜਾਬ ਸਰਕਾਰ ਨੇ ਕੋਈ ਵੱਡਾ ਉਪਰਾਲਾ ਤਾਂ ਕੀ ਕਰਨਾ ਸੀ, ਸਗੋਂ ਪੰਜਾਬ ਸਰਕਾਰ ਖੁਦ ਹੀ ਕਰਜ਼ੇ 'ਚ ਡੁੱਬੀ ਹੋਈ ਹੈ। ਅੰਕੜਿਆਂ ਅਨੁਸਾਰ ਇਸ ਸਮੇਂ ਪੰਜਾਬ 'ਤੇ 327542 ਕਰੋੜ ਰੁਪਏ ਦਾ ਕਰਜ਼ਾ ਹੈ, ਇਸ ਕਰਜ਼ੇ 'ਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਖੁਦ ਕਰਜ਼ੇ ਦੇ ਸਹਾਰੇ ਚੱਲ ਰਹੀ ਹੈ, ਫਿਰ ਉਸ ਤੋਂ ਪੰਜਾਬੀਆਂ ਨੂੰ ਕਰਜ਼ਾ ਮੁਕਤ ਕਰਨ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਪੰਜਾਬ 'ਚ ਜਦੋਂ ਮੌਜੂਦਾ 'ਆਪ' ਸਰਕਾਰ ਨੇ ਕਮਾਨ ਸੰਭਾਲੀ ਸੀ, ਉਦੋਂ ਪੰਜਾਬ ਸਿਰ ਜਨਤਕ ਕਰਜ਼ਾ 'ਤਿੰਨ ਲੱਖ ਕਰੋੜ ਰੁਪਏ' ਤੋਂ ਜ਼ਿਆਦਾ ਸੀ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਇੱਕ ਖੋਜ ਪੱਤਰ ਅਨੁਸਾਰ 'ਪੰਜਾਬ ਮੁਲਕ ਦਾ ਸਭ ਤੋਂ ਵੱਧ ਕਰਜ਼ਈ ਸੂਬਾ' ਹੈ। ਕਿਸੇ ਵੀ ਸ਼ਖ਼ਸ ਜਾਂ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ ਭਾਰ ਮਿਣਨ ਦਾ ਸਹੀ ਤਰੀਕਾ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖਣਾ ਹੁੰਦਾ ਹੈ। 2001 ਤੋਂ ਪਹਿਲਾਂ ਕਰਜ਼ੇ ਅਤੇ ਕੁਲ ਘਰੇਲੂ ਉਤਪਾਦ ਦਾ ਅਨੁਪਾਤ 40 ਫੀਸਦੀ ਤੋਂ ਘੱਟ ਹੁੰਦਾ ਸੀ ਜਿਹੜੀ ਹੁਣ 50 ਫੀਸਦੀ ਤੋਂ ਉਪਰ ਪਹੁੰਚ ਗਿਆ ਹੈ, ਭਾਵ, 2001 ਵਿੱਚ ਪੰਜਾਬ ਸਰਕਾਰ ਸਿਰ 30760 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ ਵਧਦਾ ਵਧਦਾ 2007 ਵਿੱਚ 40000 ਕਰੋੜ ਰੁਪਏ, 2010 ਵਿੱਚ 53252 ਕਰੋੜ ਰੁਪਏ, 2015 ਵਿੱਚ 86818 ਕਰੋੜ ਰੁਪਏ, 2017 ਵਿੱਚ 153773 ਕਰੋੜ ਰੁਪਏ ਸੀ। ਇਸ ਸਮੇਂ ਪੰਜਾਬ 'ਤੇ 327542 ਕਰੋੜ ਰੁਪਏ ਦਾ ਕਰਜ਼ਾ ਹੈ। ਜੇ ਪੰਜਾਬ ਦੀਆਂ ਸਰਕਾਰਾਂ ਇਵੇਂ ਹੀ ਚਲਦੀਆਂ ਰਹੀਆਂ ਤਾਂ ਅੰਦਾਜ਼ੇ ਮੁਤਾਬਿਕ ਇਹ ਕਰਜ਼ਾ 2025 ਵਿੱਚ 373988 ਕਰੋੜ ਰੁਪਏ ਹੋ ਜਾਵੇਗਾ। ਵਿੱਤੀ ਸਾਲ 2021-22 ਵਿੱਚ ਪੰਜਾਬ ਨੇ

(ਬਾਕੀ ਸ.ਫ਼ਾ 29 'ਤੇ)

## ਪੰਜਾਬ 'ਚ ਨਹੀਂ ਵਧੇ ਆਮਦਨੀ ਦੇ ਸਰੋਤ



ਹਰਿਆਣਾ ਦੇ ਮੁਕਾਬਲੇ ਪੰਜਾਬ ਦੀ ਸਥਿਤੀ ਚਿੰਤਾਜਨਕ ਇਸ ਲਈ ਹੈ ਕਿਉਂਕਿ ਪੰਜਾਬ ਨੇ ਆਪਣੀ ਆਮਦਨੀ ਦੇ ਸਰੋਤ ਨਹੀਂ ਵਧਾਏ ਹਨ ਬਲਕਿ ਕੇਂਦਰੀ ਗਰਾਂਟਾਂ ਅਤੇ ਕੇਂਦਰੀ ਯੋਜਨਾਵਾਂ 'ਤੇ ਨਿਰਭਰਤਾ ਵੱਧ ਰਹੀ ਹੈ। ਜੀਐੱਸਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਕਿਉਂਕਿ ਜੀਐੱਸਟੀ ਤੋਂ ਪਹਿਲਾਂ ਖੁਰਾਕੀ ਪਦਾਰਥਾਂ 'ਤੇ ਚਾਰ ਫੀਸਦੀ ਪਰਚੇਜ ਟੈਕਸ ਲੱਗਦਾ ਸੀ ਜੋ ਕੇਂਦਰ ਸਰਕਾਰ ਨੇ ਜੀਐੱਸਟੀ ਵਿੱਚ ਬੰਦ ਕਰ ਦਿੱਤਾ। ਜੀਐੱਸਟੀ ਤੋਂ ਪਹਿਲਾਂ ਸਰਕਾਰ ਨੂੰ ਪਰਚੇਜ ਟੈਕਸ, ਬੁਨਿਆਦੀ ਢਾਂਚਾ ਵਿਕਾਸ ਫੀਸ ਆਦਿ ਤੋਂ 3094 ਕਰੋੜ ਰੁਪਏ ਦੀ ਆਮਦਨੀ ਸੀ ਅਤੇ ਜੇ 14 ਫੀਸਦੀ ਵਿਕਾਸ ਦਰ ਨੂੰ ਆਧਾਰ ਸਾਲ 'ਤੇ ਲਾਗੂ ਕੀਤਾ ਜਾਵੇ ਤਾਂ ਇਹ ਅੱਜ 6791 ਕਰੋੜ ਰੁਪਏ ਹੁੰਦਾ। ਯਾਨੀ ਰਾਜ ਦੇ ਆਪਣੇ ਆਮਦਨੀ ਦੇ ਸਰੋਤ ਘੱਟ ਹੁੰਦੇ ਜਾ ਰਹੇ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਸਾਲ 2008-09 'ਚ ਕੁੱਲ ਮਾਲੀਆ ਪ੍ਰਾਪਤੀਆਂ ਵਿੱਚ 81.8 ਫੀਸਦੀ ਰਾਜ ਦੀ ਆਪਣੀ ਆਮਦਨੀ ਤੋਂ ਹਿੱਸਾ ਆਉਂਦਾ ਸੀ ਜੋ ਹੁਣ ਘੱਟ ਕੇ 53.9 ਫੀਸਦੀ ਰਹਿ ਗਿਆ ਹੈ, ਜਦਕਿ ਹਰਿਆਣਾ ਵਿੱਚ ਕੇਵਲ ਜੀਐੱਸਟੀ ਕੁਲੈਕਸ਼ਨ ਹੀ ਪੰਜਾਬ ਤੋਂ ਸਾਢੇ ਤਿੰਨ ਗੁਣਾ ਵੱਧ ਹੈ। ਇਸ ਤੋਂ ਇਲਾਵਾ ਕਰ ਤੇ ਆਬਕਾਰੀ ਤੋਂ ਹੋਣ ਵਾਲੀ ਆਮਦਨੀ ਵੀ ਲਗਭਗ ਡੇਢ ਗੁਣਾ ਵੱਧ ਹੈ। ਪੰਜਾਬ ਵਿੱਚ ਪਿਛਲੇ ਸਾਲ 8600 ਕਰੋੜ ਦੀ ਆਮਦਨੀ ਹੋਈ ਹੈ ਜਦਕਿ ਹਰਿਆਣਾ

(ਬਾਕੀ ਸਫ਼ਾ 29 'ਤੇ)

## ਪੰਜਾਬ 'ਚ ਹਰ ਕਿਸਾਨ ਸਿਰ ਹੈ ਔਸਤਨ 2.03 ਲੱਖ ਰੁਪਏ ਦਾ ਕਰਜ਼ਾ



ਭਾਰਤ ਵਿੱਚ ਹਰੇਕ ਕਿਸਾਨ ਪਰਿਵਾਰ ਸਿਰ 74,121 ਰੁਪਏ ਦਾ ਕਰਜ਼ਾ ਹੈ। ਇਕ ਰਿਪੋਰਟ ਅਨੁਸਾਰ ਦੇਸ਼ ਦਾ ਹਰ ਦੂਜਾ ਕਿਸਾਨ ਕਰਜ਼ਦਾਰ ਹੈ। ਭਾਰਤ ਸਰਕਾਰ ਮੁਤਾਬਕ ਕਰਜ਼ੇ ਦੇ ਮਾਮਲੇ ਵਿੱਚ ਆਂਧਰਾ ਪ੍ਰਦੇਸ਼ 2.45 ਲੱਖ ਰੁਪਏ ਪ੍ਰਤੀ ਕਿਸਾਨ ਪਰਿਵਾਰ ਕਰਜ਼ੇ ਨਾਲ ਦੇਸ਼ ਵਿਚ ਪਹਿਲੇ ਨੰਬਰ 'ਤੇ ਹੈ। ਕੇਰਲ 2.42 ਲੱਖ ਰੁਪਏ ਪ੍ਰਤੀ ਪਰਿਵਾਰ ਕਰਜ਼ੇ ਨਾਲ ਦੂਜੇ ਨੰਬਰ 'ਤੇ ਹੈ ਜਦਕਿ ਪੰਜਾਬ ਇਸ ਸੂਚੀ ਵਿੱਚ ਔਸਤਨ 2.03 ਲੱਖ ਰੁਪਏ ਪ੍ਰਤੀ ਪਰਿਵਾਰ ਕਰਜ਼ੇ ਨਾਲ ਤੀਜੇ ਨੰਬਰ 'ਤੇ ਹੈ। ਪੰਜਾਬ ਦਾ ਗੁਆਂਢੀ ਸੂਬਾ ਹਰਿਆਣਾ 1.82 ਲੱਖ ਕਰਜ਼ੇ ਨਾਲ ਚੌਥੇ ਨੰਬਰ 'ਤੇ ਹੈ। ਰਿਪੋਰਟ ਅਨੁਸਾਰ ਕੇਂਦਰ ਸਰਕਾਰ ਨੇ 15 ਸਾਲਾਂ ਤੋਂ ਕਿਸਾਨਾਂ ਦੀ ਕਰਜ਼ਾਮੁਆਫੀ ਨਹੀਂ ਕੀਤੀ। ਕੇਂਦਰ ਨੇ 2008-09 ਵਿੱਚ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਸੀ। ਉਦੋਂ ਤੋਂ ਹੁਣ ਤੱਕ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਨਾਲ ਜੁੜੀ ਕੋਈ ਯੋਜਨਾ ਨਹੀਂ ਬਣੀ ਹੈ।ਜੇਕਰ ਕਿਸਾਨਾਂ ਦੀ ਆਮਦਨ ਦੀ ਗੱਲ ਕਰੀਏ ਤਾਂ ਭਾਰਤੀ ਕਿਸਾਨਾਂ ਦੀ ਪ੍ਰਤੀ ਪਰਿਵਾਰ ਔਸਤ ਮਹੀਨੇਵਾਰ ਆਮਦਨ 10,218 ਹਜ਼ਾਰ ਰੁਪਏ ਹੈ। ਮੇਘਾਲਿਆ 29,000 ਰੁਪਏ ਦੇ ਨਾਲ ਦੇਸ਼ ਵਿੱਚ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਪੰਜਾਬ (ਪ੍ਰਤੀ ਪਰਿਵਾਰ 26, 700 ਰੁਪਏ ਪ੍ਰਤੀ ਮਹੀਨਾ) ਅਤੇ ਹਰਿਆਣਾ (22,841 ਰੁਪਏ ਪ੍ਰਤੀ ਮਹੀਨਾ ਪ੍ਰਤੀ ਪਰਿਵਾਰ) ਨਾਲ ਤੀਜੇ ਸਥਾਨ 'ਤੇ ਹੈ। ਝਾਰਖੰਡ ਦੇ ਕਿਸਾਨ ਪਰਿਵਾਰ 4,895 ਹਜ਼ਾਰ ਦੀ ਔਸਤ ਮਹੀਨੇਵਾਰ ਆਮਦਨ ਦੇ ਨਾਲ ਦੇਸ਼ ਵਿੱਚ ਸਭ ਤੋਂ ਬੁਰੀ ਹਾਲਤ ਵਿੱਚ ਹਨ।

**ਪੰਜਾਬ 'ਤੇ ਹਰਿਆਣਾ ਤੋਂ 42 ਹਜ਼ਾਰ ਕਰੋੜ ਵੱਧ ਕਰਜ਼ਾ**

ਪੰਜਾਬ 'ਤੇ 31 ਮਾਰਚ 2024 ਤਕ ਕਰਜ਼ੇ ਦਾ ਬੋਝ 3.27 ਲੱਖ ਕਰੋੜ ਰੁਪਏ ਹੋ ਜਾਵੇਗਾ ਤਾਂ ਹਰਿਆਣਾ 'ਤੇ ਇਸੇ ਸਮੇਂ ਦੌਰਾਨ ਇਹ 2.86 ਲੱਖ ਕਰੋੜ ਦਾ ਹੋ ਜਾਵੇਗਾ। ਇਨ੍ਹਾਂ ਅੰਕੜਿਆਂ ਨੂੰ ਦੇਖ ਕੇ ਕੋਈ ਵੀ ਕਹਿ ਸਕਦਾ ਹੈ ਕਿ ਇਸ ਵਿੱਚ ਕਿਹੜੀ ਵੱਡੀ ਗੱਲ ਹੈ। ਪੰਜਾਬ ਹਰਿਆਣਾ ਤੋਂ ਵੱਡਾ ਹੈ, ਇੰਨਾ ਤਾਂ ਕਰਜ਼ਾ ਵੱਧ ਹੋ ਹੀ ਸਕਦਾ ਹੈ ਪਰ ਚਿੰਤਾ 42 ਹਜ਼ਾਰ ਕਰੋੜ ਵੱਧ ਕਰਜ਼ੇ ਦੀ ਨਹੀਂ, ਬਲਕਿ ਪੰਜਾਬ 'ਤੇ ਕਰਜ਼ਾ ਕੁੱਲ ਘਰੇਲੂ ਕੁੱਲ ਉਤਪਾਦ ਦੇ 46.81 ਫੀਸਦੀ ਹੋ ਜਾਣ ਦੀ ਹੈ ਜਦਕਿ ਹਰਿਆਣਾ ਵਿੱਚ ਇਹ ਸਿਰਫ਼ 25.45 ਫੀਸਦੀ ਹੈ। ਯਾਨੀ ਹਰਿਆਣਾ ਦੀ ਜੀਐੱਸਡੀਪੀ ਪੰਜਾਬ ਤੋਂ ਕਿਤੇ ਵੱਧ ਹੈ ਅਤੇ ਇਸ ਲਈ ਉਨ੍ਹਾਂ ਕੋਲ ਆਪਣੀ ਆਮਦਨੀ ਦੇ ਸਰੋਤ ਵੀ ਵੱਧ ਹਨ, ਜਿਸ ਕਾਰਨ ਕਰਜ਼ੇ ਦਾ ਵਿਆਜ ਜਾਂ ਮੂਲ ਅਦਾ ਕਰਨਾ ਹਰਿਆਣਾ ਲਈ ਓਨਾ ਮੁਸ਼ਕਲ ਨਹੀਂ ਹੈ ਜਿੰਨਾ ਕਿ ਪੰਜਾਬ ਲਈ ਹੈ।

ਪੰਜਾਬ ਅਤੇ ਹਰਿਆਣਾ ਦੇ ਕਰਜ਼ੇ ਦੇ ਅੰਕੜੇ
ਪੰਜਾਬ 'ਤੇ ਕਰਜ਼ਾ :327542 ਕਰੋੜ ਰੁਪਏ
ਹਰਿਆਣਾ 'ਤੇ ਕਰਜ਼ਾ : 285886 ਕਰੋੜ ਰੁਪਏ
ਕਰਜ਼ੇ 'ਤੇ ਵਿਆਜ
ਪੰਜਾਬ : 22000 ਕਰੋੜ ਰੁਪਏ
ਹਰਿਆਣਾ : 21249 ਕਰੋੜ ਰੁਪਏ
ਕੁੱਲ ਘਰੇਲੂ ਕੁੱਲ ਉਤਪਾਦ ਦੇ ਪਿੱਛੇ ਕਰਜ਼ਾ
ਪੰਜਾਬ : 46.81 ਫੀਸਦੀ
ਹਰਿਆਣਾ: 25.45 ਫੀਸਦੀ
ਪੂੰਜੀਗਤ ਖਰਚੇ
ਪੰਜਾਬ: 10354 ਕਰੋੜ
ਹਰਿਆਣਾ: 22658 ਕਰੋੜ

# ਜਸਵੰਤ ਸਿੰਘ ਬਿਰਦੀ ਬਣੇ ਕੋਵੈਂਟਰੀ ਦੇ ਨਵੇਂ ਲਾਰਡ ਮੇਅਰ





ਲੰਡਨ/ਏ.ਟੀ.ਨਿਊਜ਼ :-ਭਾਰਤੀ ਮੂਲ ਦੇ ਸਿੱਖ ਕੰਸਲਰ ਨੇ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਦੇ ਸ਼ਹਿਰ ਕੋਵੈਂਟਰੀ ਦੇ ਨਵੇਂ ਲਾਰਡ ਮੇਅਰ ਵਜੋਂ ਨਿਯੁਕਤ ਹੋ ਕੇ ਇਤਿਹਾਸ ਰਚ ਦਿੱਤਾ ਹੈ।ਲਾਰਡ ਮੇਅਰ ਹੋਣ ਦੇ ਨਾਤੇ, ਪੰਜਾਬ ਵਿੱਚ ਜਨਮੇ ਜਸਵੰਤ ਸਿੰਘ ਬਿਰਦੀ ਸਿਟੀ ਕੌਂਸਲ ਦੇ ਚੇਅਰਮੈਨ ਹੋਣਗੇ ਅਤੇ ਕਾਵੈਂਟਰੀ ਦੇ ਪਹਿਲੇ ਨਾਗਰਿਕ ਹੋਣ ਦੇ ਨਾਤੇ, ਉਹ ਸ਼ਹਿਰ ਦੇ ਗੈਰ-ਸਿਆਸੀ, ਰਸਮੀ ਮੁਖੀ ਹੋਣਗੇ।

ਜਸਵੰਤ ਸਿੰਘ ਬਿਰਦੀ ਨੇ ਇਕ ਬਿਆਨ 'ਚ ਕਿਹਾ ਕਿ ਮੈਨੂੰ ਆਪਣੇ ਗੋਦ ਲਏ ਗਏ ਸ਼ਹਿਰ ਦੇ ਲਾਰਡ ਮੇਅਰ ਬਣਨ 'ਤੇ ਬਹੁਤ ਮਾਣ ਹੈ। ਇਸ ਨੇ ਸਾਲਾਂ ਦੌਰਾਨ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਬਹੁਤ ਕੁਝ ਦਿੱਤਾ ਹੈ ਅਤੇ ਮੈਨੂੰ ਇਹ ਦਿਖਾਉਣ ਲਈ ਸਨਮਾਨਿਤ ਕੀਤਾ ਜਾਵੇਗਾ ਕਿ ਮੈਂ ਇਸ ਨੂੰ ਇੰਨਾ ਪਿਆਰ ਕਿਉਂ ਕਰਦਾ ਹਾਂ ਅਤੇ ਸ਼ਹਿਰ ਅਤੇ ਸ਼ਾਨਦਾਰ ਲੋਕਾਂ ਨੂੰ ਉਤਸ਼ਾਹਿਤ ਕਰਦਾ ਹਾਂ, ਜੋ ਇੱਥੇ ਰਹਿੰਦੇ ਹਨ।ਉਹਨਾਂ ਕਿਹਾ ਕਿ ਇੱਕ ਸਿੱਖ ਹੋਣ ਦੇ ਨਾਤੇ, ਇਸ ਦਾ ਮਤਲਬ ਇਹ ਵੀ ਹੈ ਕਿ ਮੈਂ ਦਫ਼ਤਰ ਦੀ ਚੇਨ ਅਤੇ ਪੱਗ ਪਾਵਾਂਗਾ। ਇਹ ਦਿਖਾਉਣ ਵਿੱਚ ਮਦਦ ਕਰੇਗਾ ਕਿ ਸਾਡੇ ਕੋਲ ਕਿੰਨਾ ਖੁਸ਼ਹਾਲ ਬਹੁ ਸੱਭਿਆਚਾਰਕ ਸ਼ਹਿਰ ਹੈ ਅਤੇ ਸ਼ਾਇਦ ਦੂਜਿਆਂ ਨੂੰ ਵੀ ਪ੍ਰੇਰਿਤ ਕਰੇਗਾ।

ਪੰਜਾਬ ਵਿੱਚ ਜਨਮੇ, ਬਿਰਦੀ 60 ਸਾਲ ਪਹਿਲਾਂ ਕੋਵੈਂਟਰੀ ਚਲੇ ਗਏ ਸਨ ਅਤੇ ਹਿਲਫੀਲਡਜ਼ ਵਾਰਡ ਵਿੱਚ 1990 ਦੇ ਦਹਾਕੇ ਵਿੱਚ ਦੋ ਕਾਰਜਕਾਲਾਂ ਤੋਂ ਬਾਅਦ, ਪਿਛਲੇ ਨੌਂ ਸਾਲਾਂ ਤੋਂ ਬਾਬਲਕੇ ਵਾਰਡ ਦੀ ਨੁਮਾਇੰਦਗੀ ਕਰਦੇ ਹੋਏ ਸ਼ਹਿਰ ਵਿੱਚ ਇੱਕ ਕੌਂਸਲਰ ਵਜੋਂ 17 ਸਾਲ ਬਿਤਾ ਚੁੱਕੇ ਹਨ।

ਉਹਨਾਂ ਨੇ ਸਾਲ ਲਈ ਆਪਣੀਆਂ ਚੁਣੀਆਂ ਚੈਰਿਟੀਜ਼ ਦਾ ਨਾਮ ਮਾਸਕੂਲਰ ਡਾਇਸਟ੍ਰੋਫੀ ਚੈਰਿਟੀ, ਕੋਵੈਂਟਰੀ ਰਿਸੋਰਸ ਸੈਂਟਰ ਫਾਰ ਦਾ ਬਲਾਇੰਡ ਅਤੇ ਯੂਨੀਵਰਸਿਟੀ ਹਸਪਤਾਲ ਕੋਵੈਂਟਰੀ ਅਤੇ ਵਾਰਵਿਕਸ਼ਾਇਰ ਚੈਰਿਟੀ ਰੱਖਿਆ ਹੈ।




*ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ...*

# ਗਲੋਬਲ ਆਰਥਿਕ ਮੰਦੀ ਕਾਰਨ ਅਮਰੀਕਾ 'ਚ ਰਹਿੰਦੇ ਪੰਜਾਬੀ ਵੀ ਹੋਏ ਪ੍ਰਭਾਵਿਤ

## ਅੱਧੀ ਤਨਖ਼ਾਹ 'ਤੇ ਕੰਮ ਕਰਨ ਲਈ ਮਜਬੂਰ ਹੋਏ ਪੰਜਾਬੀ



ਕੈਲੀਫੋਰਨੀਆ/ਏ.ਟੀ.ਨਿਊਜ਼ :ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਅਮਰੀਕਾ 'ਚ ਮੰਦੀ ਦੀ ਆਵਾਜ਼ ਨਾਲ ਭਾਰਤੀ ਮੂਲ ਦੇ ਲੋਕ ਵੀ ਪ੍ਰਭਾਵਿਤ ਹੋ ਰਹੇ ਹਨ।ਉਥੇ ਲੱਖਾਂ ਭਾਰਤੀਆਂ ਵਿੱਚੋਂ, ਪੰਜਾਬ ਮੂਲ ਦੇ ਲੋਕ ਸਭ ਤੋਂ ਵੱਧ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਜ਼ਦੂਰਾਂ ਵਜੋਂ ਕੰਮ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਅੱਧੀ ਦਿਹਾੜੀ 'ਤੇ ਕੰਮ ਕਰਨਾ ਪੈਂਦਾ ਹੈ। ਅਮਰੀਕਾ ਵਿੱਚ 5 ਲੱਖ ਦੇ ਕਰੀਬ ਸਿੱਖ ਰਹਿੰਦੇ ਹਨ, ਜਦਕਿ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 47 ਲੱਖ ਦੇ ਕਰੀਬ ਹੈ।ਅਮਰੀਕਾ ਵਿੱਚ ਲੇਬਰ 7.5 ਡਾਲਰ ਪ੍ਰਤੀ ਘੰਟਾ ਦੀ ਮਜ਼ਦੂਰੀ 'ਤੇ ਆਸਾਨੀ ਨਾਲ ਉਪਲਬਧ ਹੈ। ਅਮਰੀਕਾ ਵਿੱਚ ਵੀ ਸਭ ਤੋਂ ਵੱਧ ਉਜਰਤਾਂ ਕੈਲੀਫੋਰਨੀਆ ਸੂਬੇ ਵਿੱਚ ਮਿਲਦੀਆਂ ਹਨ, ਹੁਣ ਉੱਥੇ ਵੀ ਮਜ਼ਦੂਰਾਂ ਨੂੰ ਘੱਟ ਉਜਰਤ ਮਿਲਣੀ ਸ਼ੁਰੂ ਹੋ ਗਈ ਹੈ।ਪਹਿਲਾਂ ਇੱਕ ਘੰਟੇ ਲਈ 14 ਡਾਲਰ ਅਤੇ 8 ਘੰਟੇ ਲਈ 112 ਡਾਲਰ ਸੀ।

ਅਮਰੀਕਾ ਵਿੱਚ ਹੋਟਲ ਕਲੀਨਰ ਦੀ ਤਨਖਾਹ 25000 ਤੋਂ 30000 ਡਾਲਰ ਸਾਲਾਨਾ ਹੈ, ਜੋ ਕਿ ਭਾਰਤੀ ਰੁਪਏ ਵਿੱਚ ਲਗਭਗ 25 ਲੱਖ ਰੁਪਏ ਬਣਦੀ ਹੈ, ਪਰ ਪਿਛਲੇ ਸਮੇਂ ਵਿੱਚ ਅਮਰੀਕਾ ਵਿੱਚ ਸ਼ਰਨਾਰਥੀਆਂ ਦੀ ਗਿਣਤੀ ਵਿੱਚ ਅਚਾਨਕ ਵਾਧਾ ਹੋਣ ਕਾਰਨ ਇਹ ਕਾਫ਼ੀ ਪ੍ਰਭਾਵਿਤ ਹੋਇਆ ਹੈ।

ਅਮਰੀਕਾ ਵਿੱਚ ਇੱਕ ਸਟੋਰ ਦੀ ਮੈਨੇਜਰ ਮਨਜੀਤ ਕੌਰ ਸੰਘਾ ਦਾ ਕਹਿਣਾ ਹੈ ਕਿ ਬੇਰੁਜ਼ਗਾਰੀ ਬਹੁਤ ਵਧ ਗਈ ਹੈ। ਸਰਕਾਰ ਦਾ ਸਖ਼ਤ ਨਿਯਮ ਹੈ ਕਿ ਘੱਟੋ-ਘੱਟ 15 ਡਾਲਰ ਪ੍ਰਤੀ ਘੰਟਾ ਤਨਖਾਹ ਦਿੱਤੀ ਜਾਵੇ, ਫਿਰ ਵੀ ਲੋਕ ਅੱਧੀ ਤਨਖਾਹ 'ਤੇ ਕੰਮ ਕਰ ਰਹੇ ਹਨ।ਉਨ੍ਹਾਂ ਨੂੰ ਨਕਦ ਭੁਗਤਾਨ ਕਰਕੇ ਪੈਸੇ ਦੀ ਬਚਤ ਕੀਤੀ ਜਾ ਰਹੀ ਹੈ।

**ਅਚਾਨਕ ਚਲੀਆਂ ਗਈਆਂ 80 ਹਜ਼ਾਰ ਨੌਕਰੀਆਂ**

ਅਮਰੀਕਾ ਵਿੱਚ ਇੱਕ ਆਈ ਟੀ ਕੰਪਨੀ ਦੇ ਡਾਇਰੈਕਟਰ ਰੁਪੇਸ਼ ਜੈਨ ਦਾ ਕਹਿਣਾ ਹੈ ਕਿ ਇੱਥੇ ਇੱਕ ਸੰਕਟ ਹੈ। ਪਹਿਲੀਆਂ 80 ਹਜ਼ਾਰ ਨੌਕਰੀਆਂ ਅਚਾਨਕ ਚਲੀਆਂ ਗਈਆਂ।

# ਸ਼ਹੀਦ ਭਾਈ ਪੰਜਵੜ ਦੀ ਤਸਵੀਰ ਗੁਰਦੁਆਰਿਆਂ 'ਚ ਲਗਾਈ ਜਾਵੇ : ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ.

## ਬ੍ਰਮਿੰਘਮ ਵਿੱਚ ਹੋਏ ਵਿਸ਼ਾਲ ਸ਼ਹੀਦੀ ਸਮਾਗਮਾਂ 'ਚ ਕੌਮੀ ਯੋਧੇ ਦੀ ਕੁਰਬਾਨੀ ਨੂੰ ਕੀਤਾ ਸਿੱਜਦਾ

ਲੰਡਨ/ਏ.ਟੀ.ਨਿਊਜ਼ : ਪਿਛਲੇ ਦਿਨੀਂ ਪਾਕਿਸਤਾਨ ਵਿੱਚ ਸ਼ਹੀਦ ਕੀਤੇ ਗਏ ਭਾਈ ਪਰਮਜੀਤ ਸਿੰਘ ਪੰਜਵੜ ਮੁਖੀ ਖਾਲਿਸਤਾਨ ਕਮਾਂਡੋ ਫੋਰਸ ਦੀ ਯਾਦ ਵਿੱਚ ਬ੍ਰਮਿੰਘਮ ਦੇ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਅਤੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ।ਉਪਰੰਤ ਦੀਵਾਨ ਸਜਾਏ ਗਏ, ਜਿਸ ਵਿੱਚ ਵੱਖ ਵੱਖ ਪੰਥਕ ਬੁਲਾਰਿਆਂ, ਰਾਗੀਆਂ, ਢਾਡੀਆਂ ਨੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਸੰਘਰਸ਼ਮਈ ਜੀਵਨ ਅਤੇ ਪਰਿਵਾਰ 'ਤੇ ਹੋਏ ਸਰਕਾਰੀ ਤਸ਼ੱਦਦ ਦਾ ਵਰਣਨ ਕਰਦਿਆਂ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਅਤੇ ਉਹਨਾਂ ਨੂੰ ਸਿੱਖ ਸੰਘਰਸ਼ ਦਾ ਮਹਾਨ ਯੋਧਾ ਕਰਾਰ ਦਿੰਦਿਆਂ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ ਗਿਆ । ਜ਼ਿਕਰਯੋਗ ਹੈ ਕਿ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ ਰਾਜਵਿੰਦਰ ਸਿੰਘ ਅਤੇ ਮਾਤਾ ਮਹਿੰਦਰ ਕੌਰ ਨੂੰ ਵੀ ਸ਼ਹੀਦ ਕੀਤਾ ਜਾ ਚੁੱਕਾ ਹੈ। ਤਿੰਨ ਭਰਾ ਪੁਲਿਸ ਦੇ ਤਸ਼ੱਦਦ ਨਾਲ ਸਰੀਰਕ ਪੱਖ ਤੋਂ ਨਕਾਰਾ ਹਨ । ਸਾਰੇ ਪਰਿਵਾਰ ਦੀ ਸੰਘਰਸ਼ ਵਿੱਚ ਬਹੁਤ ਵੱਡੀ ਕੁਰਬਾਨੀ ਹੈ । ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਵੱਲੋਂ ਘੱਲੂਘਾਰਾ ਜੂਨ ਚੁਰਾਸੀ ਦੀ ਯਾਦ ਵਿੱਚ ਚਾਰ ਜੂਨ ਨੂੰ ਲੰਡਨ ਵਿੱਚ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਸਬੰਧੀ



ਵਿਸ਼ੇਸ਼ ਮੀਟਿੰਗ ਵਿੱਚ ਇਹ ਮਤਾ ਪਾਸ ਕਰਦਿਆਂ ਇੰਗਲੈਂਡ ਭਰ ਦੇ ਗੁਰਦੁਆਰਾ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਗਈ ਕਿ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਤਸਵੀਰ ਗੁਰਦੁਆਰਿਆਂ ਵਿੱਚ ਲਗਾਈ ਜਾਵੇ। ਮੀਟਿੰਗ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕਰਦਿਆਂ ਰੋਸ ਮੁਜ਼ਾਹਰੇ ਨੂੰ ਕਾਮਯਾਬ ਕਰਨ ਲਈ ਵਿਚਾਰ ਸਾਂਝੇ ਕੀਤੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਤਰਸੇਮ ਸਿੰਘ ਦਿਉਲ, ਭਾਈ ਗੁਰਦੇਵ ਸਿੰਘ ਚੌਹਾਨ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸਰਬਜੀਤ ਸਿੰਘ, ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਭਾਈ ਕੁਲਦੀਪ ਸਿੰਘ ਦਿਉਲ, ਭਾਈ ਜੱਸ ਸਿੰਘ ਡਰਬੀ, ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਜਗਦੀਪ ਸਿੰਘ ਨੇ ਸ਼ਮੂਲੀਅਤ ਕੀਤੀ।

*ਮਾਮਲਾ ਬੀ.ਬੀ.ਸੀ. ਵੱਲੋਂ ਮੋਦੀ ਖ਼ਿਲਾਫ਼ ਬਣਾਈ ਦਸਤਾਵੇਜ਼ੀ ਫ਼ਿਲਮ ਦਾ*

# ਦਿੱਲੀ ਹਾਈ ਕੋਰਟ ਵੱਲੋਂ ਬੀ.ਬੀ.ਸੀ. ਸਮੇਤ ਹੋਰ ਧਿਰਾਂ ਨੂੰ ਜਾਰੀ ਕੀਤਾ ਨੋਟਿਸ

ਨਵੀਂ ਦਿੱਲੀ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਬੀ.ਬੀ.ਸੀ. ਵੱਲੋਂ ਬਣਾਈ 'ਇੰਡੀਆ:ਦਾ ਮੋਦੀ ਕੋਆਸ਼ਚਿਨ' ਦਸਤਾਵੇਜ਼ੀ ਫ਼ਿਲਮ ਨੂੰ ਲੈ ਕੇ ਦਿੱਲੀ ਹਾਈ ਕੋਰਟ ਨੇ ਬੀ.ਬੀ.ਸੀ. ਸਮੇਤ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਤਲਬ ਕੀਤਾ ਹੈ। ਦਿੱਲੀ ਹਾਈ ਕੋਰਟ ਵਿੱਚ ਜਸਟਿਸ ਸਚਿਨ ਦੱਤਾ ਦੇ ਬੈਂਚ ਨੇ ਗੁਜਰਾਤ ਦੀ ਇਕ ਐੱਨ.ਜੀ.ਓ. ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਉਕਤ ਨੋਟਿਸ ਜਾਰੀ ਕੀਤਾ। ਇਸ ਪਟੀਸ਼ਨ ਵਿੱਚ ਸੰਸਥਾ ਵਲੋਂ ਇਲਜ਼ਾਮ ਲਾਇਆ ਗਿਆ ਕਿ ਦਸਤਾਵੇਜ਼ੀ ਫ਼ਿਲਮ ਨੇ ਭਾਰਤ ਦੇ ਲੋਕਾਂ ਦਾ ਅਪਮਾਨ ਕੀਤਾ ਹੈ।ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਇਸ ਨੂੰ ਨਿਆਂਪਾਲਿਕਾ ਸਮੇਤ ਪੂਰੇ ਸਿਸਟਮ ਜਾਂ ਸੰਵਿਧਾਨਕ ਤੰਤਰ ਦਾ ਅਪਮਾਨ ਦੱਸਿਆ ਹੈ।

# ਅਮਰੀਕਾ ਖ਼ਬਰਨਾਮਾ

## ਅਮਰੀਕਾ ਦੇ ਟੈਕਸਾਸ ਰਾਜ ਵਿੱਚ ਜੈਨ ਹਿੰਦੂ ਮੰਦਿਰ ਦਾ ਸ਼ਰਧਾ ਪੂਰਵਕ ਉਦਘਾਟਨ





ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡਲਾਸ ਨੇੜੇ ਵਿੰਡਮ (ਟੈਕਸਾਸ) ਵਿਖੇ ਸਿੱਧਯਤਨ ਤੀਰਥ ਸਥਾਨ ਜੈਨ ਹਿੰਦੂ ਮੰਦਿਰ ਦਾ ਇਤਿਹਾਸਕ ਉਦਘਾਟਨ ਸ਼ਰਧਾ ਪੂਰਵਕ ਮੰਤਰਾਂ ਦੇ ਉਚਾਰਣ ਦੌਰਾਨ ਹੋਇਆ। 60 ਏਕੜ ਵਿਚ ਫੈਲੇ ਤੇ 11000 ਵਰਗ ਫੁੱਟ ਵਿਚ ਬਣੇ ਮੰਦਿਰ ਨੂੰ ਸ਼ਰਧਾਲੂਆਂ ਨੂੰ ਸਮਰਪਿਤ ਕਰਨ ਮੌਕੇ ਸੈਂਕੜੇ ਲੋਕ ਇਕੱਤਰ ਹੋਏ । ਸਿੱਧਯਤਨ ਤੀਰਥ ਉਤਰੀ ਅਮਰੀਕਾ ਦਾ ਪਹਿਲਾ ਸਭ ਤੋਂ ਵੱਡਾ ਹਿੰਦੂ ਜੈਨ ਧਾਰਮਿੱਕ ਸਥਾਨ ਹੈ ਜਿਸ ਦੇ ਉਦਘਾਟਨ ਸਮਾਗਮ ਵਿਚ ਦੂਰ ਦੂਰ ਤੋਂ ਸ਼ਰਧਾਲੂ ਪੁੱਜੇ। ਅਮਰੀਕਾ ਦੇ ਨਿਊ ਮੈਕਸੀਕੋ , ਕੈਲੀਫੋਰਨੀਆ ਰਾਜਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਸ਼ਰਧਾਲੂਆਂ ਨੇ ਉਦਘਾਟਨੀ ਸਮਾਗਮ ਵਿਚ ਹਾਜਰੀ ਲਵਾਈ। ਜਿਆਦਾਤਰ ਮਹਿਮਾਨ ਡਲਾਸ, ਫੋਰਟ ਵਰਥ ਤੇ ਹੋਸਟਨ ਤੋਂ ਸਨ। ਇਸ ਮੌਕੇ ਸੰਸਥਾਪਕ ਐਚ ਐਚ ਅਚਾਰੀਆ ਸ਼੍ਰੀ ਯੋਗੀਸ਼ ਨੇ ਦਿੱਤੇ ਆਪਣੇ ਵਿਸ਼ੇਸ਼ ਧਾਰਮਿੱਕ ਸੰਦੇਸ਼ ਵਿਚ ਇਸ ਇਤਿਹਾਸਕ ਅਵਸਰ ਦੀ ਮਹੱਤਤਾ ਉਪਰ ਚਾਨਣਾ ਪਾਇਆ। ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ ਇਸ ਮੌਕੇ ਆਪਣੇ ਇਕ ਸੁਨੇਹੇ ਵਿਚ ਕਿਹਾ ਹੈ ਕਿ ਇਸ ਮੰਦਿਰ ਤੇ ਸਮਾਧੀ ਪਾਰਕ ਦੀ ਸ਼ੁਰੂਆਤ ਨਾਲ ਸਾਰੇ ਟੈਕਸਾਸ ਵਾਸੀਆਂ ਨੂੰ ਜੈਨ ਤੇ ਹਿੰਦੂ ਭਾਈਚਾਰੇ ਦੀਆਂ ਅਮੀਰ ਰਵਾਇਤਾਂ ਨੂੰ ਜਾਣਨ ਦਾ ਅਵਸਰ ਪ੍ਰਦਾਨ ਹੋਵੇਗਾ। ਭਾਰਤੀ ਕਲਾਸੀਕਲ ਸੰਗੀਤ ਤੇ ਡਾਂਸ ਦੀ ਪੇਸ਼ਕਾਰੀ ਨ੍ਰਿਤਿਆ ਅਰਪਨਮ ਅਕੈਡਮੀ ਆਫ ਆਰਟਸ ਦੇ ਕਲਾਕਾਰਾਂ ਵੱਲੋਂ ਕੀਤੀ ਗਈ। ਢੋਲੀ ਤਰਕ ਸ਼ਾਹ, ਢੋਲੀ ਟੀ ਕੇ, ਰਾਗਲੀਨਾ ਡਾਂਸ ਐਕਡਮੀ, ਰਵਿੰਦਰਾ ਸੀਤਾਰਾਮ ਸ੍ਰੀ ਰਾਮ ਮਿਊਜ਼ਕ ਸਕੂਲ, ਸ਼੍ਰੀਲਯਾ ਡਾਂਸ ਅਕੈਡਮੀ ਤੇ ਡਲਾਸ ਨਾਟਆਲਿਆ ਨੇ ਵੀ ਸਮਾਗਮ ਦੀ ਰੌਣਕ ਨੂੰ ਵਧਾਇਆ।

## ਅਮਰੀਕਾ ਵਿੱਚ ਹੱਤਿਆ ਦੇ ਮਾਮਲੇ ਦੇ ਦੋਸ਼ੀ ਦੀ ਫ਼ਾਂਸੀ ਰੁਕੀ, ਮਾਮਲਾ ਸੁਪ੍ਰੀਮ ਕੋਰਟ ਜਾਵੇਗਾ- ਅਟਾਰਨੀ ਜਨਰਲ



ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਅਪੀਲ ਕੋਰਟ ਨੇ ਸੁਣਾਏ ਇਕ ਫੈਸਲੇ ਵਿੱਚ ਕਿਹਾ ਹੈ ਕਿ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਜੋਸਫ ਕਲਿਫਟਨ ਸਮਿਥ ਦੀ ਦਿਮਾਗੀ ਅਸਮਰਥਾ ਕਾਰਨ ਉਸ ਨੂੰ ਸੁਣਾਈ ਮੌਤ ਦੀ ਸਜ਼ਾ ਉਪਰ ਅਮਲ ਨਹੀਂ ਕੀਤਾ ਜਾ ਸਕਦਾ। ਅਪੀਲ ਕੋਰਟ ਨੇ ਸਟੇਟ ਆਫ਼ ਅਲਬਾਮਾ ਨੂੰ ਦਿੱਤੇ ਆਦੇਸ਼ ਵਿੱਚ ਮੌਤ ਦੀ ਸਜ਼ਾ ਉਪਰ ਅਮਲ ਰੋਕਣ ਲਈ ਕਿਹਾ ਹੈ। ਸਮਿੱਥ ਨੂੰ 20 ਮਈ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਜਾਣੀ ਸੀ। ਸ਼ੁੱਕਰਵਾਰ ਨੂੰ ਦਿੱਤੇ ਇਸ ਫੈਸਲੇ ਦਾ ਮਤਲਬ ਹੈ ਕਿ 53 ਸਾਲ ਸਮਿਥ ਨੂੰ ਓਦੋਂ ਤੱਕ ਫਾਂਸੀ ਸੰਭਵ ਨਹੀਂ ਹੈ ਜਦੋਂ ਤੱਕ ਸੁਪ੍ਰੀਮ ਕੋਰਟ ਅਪੀਲ ਕੋਰਟ ਦਾ ਫੈਸਲਾ ਰੱਦ ਨਹੀਂ ਕਰ ਦਿੰਦੀ। ਅਲਾਬਾਮਾ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਅਪੀਲ ਕੋਰਟ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਫੈਸਲੇ 'ਤੇ ਪੁਨਰ ਵਿਚਾਰ ਲਈ ਅਮਰੀਕੀ ਸੁਪ੍ਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

## ਅਮਰੀਕਾ ਦੇ ਇੱਕ ਸਕੂਲ 'ਚ ਹਥਿਆਰ ਲਿਆਉਣ ਦੇ ਦੋਸ਼ਾਂ ਤਹਿਤ ਵਿਦਿਆਰਥੀ ਗ੍ਰਿ਼ਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਸ਼ਹਿਰ ਫੋਨਿਕਸ ਦੇ ਇਕ ਹਾਈ ਸਕੂਲ ਵਿੱਚ ਇਕ ਵਿਦਿਆਰਥੀ ਨੂੰ ਏ ਆਰ-15 ਹਥਿਆਰ ਤੇ ਗੋਲੀ ਸਿੱਕਾ ਲਿਆਉਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ। ਫੋਨਿਕਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਵਿਦਿਆਰਥੀ ਵੱਲੋਂ ਸਕੂਲ ਕੈਂਪਸ ਵਿੱਚ ਗੰਨ ਲਿਆਉਣ ਦੀ ਸਕੂਲ ਵੱਲੋਂ ਸੂਚਨਾ ਦੇਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਫੋਨਿਕਸ ਯੂਨੀਅਨ ਹਾਈ ਸਕੂਲ ਡਿਸਟ੍ਰਿਕਟ ਨੇ ਜਾਰੀ ਇਕ ਈ ਮੇਲ ਬਿਆਨ ਵਿੱਚ ਕਿਹਾ ਹੈ ਕਿ ਬੋਸਟਰੋਮ ਹਾਈ ਸਕੂਲ ਦੇ ਪ੍ਰਸ਼ਾਸਨ ਨੂੰ ਇਕ ਵਿਦਿਆਰਥੀ ਕੋਲ ਸੰਭਾਵੀ ਹਥਿਆਰ ਹੋਣ ਦਾ ਪਤਾ ਲੱਗਣ 'ਤੇ ਪੁਲਿਸ ਬੁਲਾਈ ਗਈ। ਪੁਲਿਸ ਅਫਸਰਾਂ ਨੇ ਨਬਾਲਗ ਵਿਦਿਆਰਥੀ ਕੋਲੋਂ ਹਥਿਆਰ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲਿਸ ਅਨੁਸਾਰ ਉਸ ਨੇ ਤੁਰੰਤ ਕਾਰਵਾਈ ਕਰਕੇ ਵਿਦਿਆਰਥੀ ਨੂੰ ਹਿਰਾਸਤ ਵਿੱਚ ਲੈ ਲਿਆ ਜਿਸ ਦੇ ਖਾਣੇ ਵਾਲੇ ਡੱਬੇ ਵਿਚੋਂ ਹੋਰ ਕਾਰਤੂਸ ਵੀ ਬਰਾਮਦ ਹੋਏ ਹਨ। ਫੋਨਿਕਸ ਪੁਲਿਸ ਵਿਭਾਗ ਦਾ ਕਰਾਈਮ ਗੰਨ ਇੰਟੈਲੀਜੈਂਸ ਯੂਨਿਟ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ ਤੇ ਪੁਲਿਸ ਵਿਭਾਗ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਸਕੂਲ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

## ਅਮਰੀਕਾ ਦੇ ਇਲੀਨੋਇਸ ਰਾਜ ਵਿੱਚ ਵਾਪਰੇ ਭਿਆਨਕ ਸੜਕ ਹਾਦਸੇ 'ਚ 4 ਵਿਦਿਆਰਥੀਆਂ ਦੀ ਮੌਤ ਤੇ 3 ਹੋਰ ਜ਼ਖ਼ਮੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਇਲੀਨੋਇਸ ਰਾਜ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਹਾਈ ਸਕੂਲ ਦੇ 4 ਵਿਦਿਆਰਥੀਆਂ ਦੀ ਮੌਤ ਹੋ ਗਈ ਜਦ ਕਿ 3 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚ ਇੱਕ ਵਿਦਿਆਰਥੀ ਵੀ ਸ਼ਾਮਿਲ ਹੈ। ਹਾਦਸੇ ਵਿੱਚ 3 ਕਾਰਾਂ ਆਪਸ ਵਿੱਚ ਟਕਰਾ ਗਈਆਂ। ਵੀਲਿੰਗ ਪੁਲਿਸ ਵਿਭਾਗ ਨੇ ਇਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਹਾਦਸਾ ਸਥਾਨਕ ਸਮੇਂ ਅਨੁਸਾਰ ਰਾਤ 10 ਵਜੇ ਦੇ ਕਰੀਬ ਵੀਲਿੰਗ ਪਿੰਡ ਨੇੜੇ ਵਾਪਰਿਆ ਤੇ ਮਾਰੇ ਗਏ ਸਾਰੇ ਵਿਦਿਆਰਥੀਆਂ ਦੀ ਉਮਰ 16 ਤੋਂ 18 ਸਾਲਾਂ ਦੇ ਦਰਮਿਆਨ ਸੀ । ਉਹ ਬੁਫੈਲੋ ਗਰੋਵ ਹਾਈ ਸਕੂਲ ਦੇ ਵਿਦਿਆਰਥੀ ਸਨ। ਪੁਲਿਸ ਅਨੁਸਾਰ ਮੁੱਢਲੇ ਤੌਰ 'ਤੇ ਲੱਗਦਾ ਹੈ ਕਿ ਹਾਦਸਾ ਟਰੈਫਿਕ ਸਿੰਗਨਲ ਦੀ ਉਲੰਘਣਾ ਤੇ ਤੇਜ਼ ਰਫਤਾਰ ਕਾਰਨ ਵਾਪਰਿਆ। ਮਾਰੇ ਗਏ ਵਿਦਿਆਰਥੀਆਂ ਦੀ ਪਛਾਣ ਰਿਕੀ ਬਰਸੇਨਸ, ਰਿਚਰਡ ਡੀ ਲਟਾ, ਕੈਵਿਨ ਆਰ ਹਰਨੰਡਜ਼ ਟੈਰਨ ਤੇ ਜੀਸਸ ਰੌਡਰਿਗਜ਼ ਵਜੋਂ ਹੋਈ ਹੈ। ਸਕੂਲ ਡਿਸਟ੍ਰਿਕਟ ਦੇ ਬੁਲਾਰੇ ਬੀਬੀ ਸਟੈਫਨੀ ਕਿਮ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਪੀੜ੍ਹਤ ਪਰਿਵਾਰਾਂ ਤੇ ਉਨਾਂ ਦੇ ਮਿੱਤਰਾਂ ਦੋਸਤਾਂ ਨਾਲ ਖੜੇ ਹਨ।

## ਅਮਰੀਕਾ ਦੇ ਇੰਡਿਆਨਾ ਰਾਜ ਵਿੱਚ 3 ਸਾਲ ਦੇ ਬੱਚੇ ਨੇ ਚਲਾਈ ਗੋਲੀ, ਮਾਂ ਸਮੇਤ 2 ਜ਼ਖ਼ਮੀ

### ਜ਼ਖ਼ਮੀ ਵਿਅਕਤੀ ਕਤਲ ਦੇ ਮਾਮਲੇ 'ਚ ਲੋੜੀਂਦਾ ਸੀ, ਹੋਇਆ ਗ੍ਰਿ਼ਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਇੰਡਿਆਨਾ ਰਾਜ ਵਿੱਚ ਲਫੇਅਟ ਵਿਖੇ ਇਕ 3 ਸਾਲ ਦੇ ਬੱਚੇ ਨੇ ਗੋਲੀ ਚਲਾ ਕੇ ਆਪਣੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ। ਲਫੇਅਟ ਪੁਲਿਸ ਵਿਭਾਗ ਦੇ ਲੈਫਟੀਨੈਂਟ ਜਸਟਿਨ ਹਾਰਟਮੈਨ ਨੇ ਕਿਹਾ ਹੈ ਕਿ ਜ਼ਖਮੀ ਹੋਇਆ ਵਿਅਕਤੀ ਇਕ ਕਤਲ ਦੇ ਮਾਮਲੇ ਵਿੱਚ ਲੋੜੀਂਦਾ ਸੀ ਜਿਸ ਨੂੰ ਗ੍ਰਿ਼ਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚੇ ਕੋਲ ਗੰਨ ਕਿਥੋਂ ਆਈ ਜਾਂ ਕਿਸ ਕਿਸਮ ਦਾ ਹਥਿਆਰ ਬੱਚੇ ਨੇ ਵਰਤਿਆ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਾਰਟਮੈਨ ਅਨੁਸਾਰ ਜ਼ਖਮੀ ਵਿਅਕਤੀ 23 ਸਾਲਾ ਟਰੇਸ਼ੌਨ ਸਮਿੱਥ ਬੱਚੇ ਦੀ ਮਾਂ ਦਾ ਦੋਸਤ ਸੀ ਜੋ ਉਨ੍ਹਾਂ ਦੇ ਘਰ ਆਉਂਦਾ ਜਾਂਦਾ ਰਹਿੰਦਾ ਸੀ। ਉਸ ਵਿਰੁੱਧ ਕੁੱਕ ਕਾਊਂਟੀ, ਇਲੀਨੋਇਸ ਵੱਲੋਂ ਇਕ ਕਤਲ ਦੇ ਮਾਮਲੇ ਵਿੱਚ ਗ੍ਰਿ਼ਫਤਾਰੀ ਵਾਰੰਟ ਜਾਰੀ ਕੀਤੇ ਹੋਏ ਸਨ। ਉਨ੍ਹਾਂ ਕਿਹਾ ਕਿ ਲਫੇਅਟ ਪੁਲਿਸ ਵਿਭਾਗ ਸਮਿਥ ਦੀ ਗ੍ਰਿ਼ਫਤਾਰੀ ਸਬੰਧੀ ਕੁੱਕ ਕਾਊਂਟੀ ਦੇ ਮਾਰਖਮ ਪੁਲਿਸ ਵਿਭਾਗ ਨਾਲ ਸਹਿਯੋਗ ਕਰ ਰਿਹਾ ਹੈ।

## ਅਮਰੀਕਾ ਦੇ ਇੱਕ ਨਾਈਟ ਕਲੱਬ 'ਚ ਹੋਈ ਗੋਲੀਬਾਰੀ ਦੌਰਾਨ 3 ਦੀ ਮੌਤ, 1 ਜ਼ਖ਼ਮੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਸ਼ਹਿਰ ਕੈਨਸਾਸ, ਮਿਸੋਰੀ ਦੀ ਇਕ ਨਾਈਟ ਕਲੱਬ ਵਿੱਚ ਹੋਈ ਗੋਲੀਬਾਰੀ ਵਿੱਚ 3 ਮੌਤਾਂ ਹੋਣ ਦੀ ਖ਼ਬਰ ਹੈ। ਕਨਸਾਸ ਸ਼ਹਿਰ ਦੇ ਪੁਲਿਸ ਵਿਭਾਗ ਨੇ ਗੋਲੀਬਾਰੀ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇੰਡਿਆਨਾ ਐਵਨਿਊ ਵਿਖੇ ਸਥਿੱਤ ਕਿਲਮੈਕਸ ਲੌਂਜ ਵਿਖੇ ਘੱਟੋ ਘੱਟ 5 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ ਜਿਨ੍ਹਾਂ ਵਿਚੋਂ 3 ਵਿਅਕਤੀ ਦਮ ਤੋੜ ਗਏ ਹਨ ਜਦ ਕਿ 2 ਹੋਰ ਜ਼ਖਮੀ ਹਾਲਤ ਵਿੱਚ ਹਨ ਜਿਨ੍ਹਾਂ ਵਿਚੋਂ 1 ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਸਥਾਨਕ ਸਮੇਂ ਅਨੁਸਾਰ ਤੜਕਸਾਰ ਡੇਢ ਵਜੇ ਦੇ ਕਰੀਬ ਨਾਈਟ ਕਲੱਬ ਵਿੱਚ ਗੋਲੀਆਂ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ।ਪੁਲਿਸ ਅਨੁਸਾਰ ਸਾਰੇ ਪੀੜਤ ਬਾਲਗ ਹਨ। 3 ਪੀੜਤਾਂ ਨੂੰ ਈ ਐਮ ਐਸ ਹਸਪਤਾਲ ਲਿਜਾਇਆ ਗਿਆ ਜਿਨ੍ਹਾਂ ਵਿਚੋਂ ਦੋ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਤੀਸਰਾ ਬਾਅਦ ਵਿੱਚ ਦਮ ਤੋੜ ਗਿਆ। 2 ਜ਼ਖਮੀ ਹਸਪਤਾਲ ਵਿੱਚ ਜੇਰੇ ਇਲਾਜ ਹਨ ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਗੋਲੀਬਾਰੀ ਸਬੰਧੀ ਕੋਈ ਵੀ ਜਾਣਕਾਰੀ ਦੇਣ ਲਈ ਆਮ ਲੋਕਾਂ ਨੂੰ ਅੱਗੇ ਆਉਣ ਲਈ ਕਿਹਾ ਹੈ ਤੇ ਇਸ ਵਾਸਤੇ 25000 ਡਾਲਰ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੈ।

## ਸੜਕ ਹਾਦਸੇ 'ਚ ਮੇਰੇ ਪਤੀ ਨੇ ਮੇਰੇ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ

### ਭਾਰਤੀ ਮੂਲ ਦੇ ਅਮਰੀਕੀ ਡਾਕਟਰ ਦੀ ਪਤਨੀ ਦਾ ਬਿਆਨ



ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਸ ਸਾਲ 2 ਜਨਵਰੀ ਨੂੰ ਪੈਸਿਫਿਕ ਕੋਸਟ ਹਾਈਵੇਅ ਉਪਰ ਹੋਏ ਸੜਕ ਹਾਦਸੇ ਸਬੰਧੀ ਸਾਹਮਣੇ ਆਏ ਇਕ ਨਵੇਂ ਦਸਤਾਵੇਜ਼ ਵਿੱਚ ਨੇਹਾ ਪਟੇਲ ਨੇ ਕਿਹਾ ਹੈ ਕਿ ਇਹ ਮਹਿਜ਼ ਇਕ ਹਾਦਸਾ ਨਹੀਂ ਸੀ ਬਲਕਿ ਉਸ ਦੇ ਪਤੀ ਭਾਰਤੀ ਮੂਲ ਦੇ ਅਮਰੀਕੀ ਡਾ. ਧਰਮੇਸ਼ ਏ ਪਟੇਲ, ਜੋ ਕਾਰ ਨੂੰ ਚਲਾ ਰਿਹਾ ਸੀ, ਨੇ ਸੋਚੀ ਸਮਝੀ ਯੋਜਨਾ ਤਹਿਤ ਕਾਰ ਖੱਡ ਵਿੱਚ ਸੁੱਟ ਕੇ ਮੇਰੇ ਦੋ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ ਸੀ। ਇਹ ਚਮਤਕਾਰ ਹੀ ਸੀ ਕਿ ਇਸ ਹਾਦਸੇ ਵਿੱਚ ਟੈਲਸਾ ਕਾਰ 300 ਫੁੱਟ ਤੋਂ ਵਧ ਡੂੰਘੀ ਖੱਡ ਵਿੱਚ ਡਿੱਗ ਕੇ ਚਕਨਾਚੂਰ ਹੋ ਗਈ ਸੀ ਪਰੰਤੂ ਕਾਰ ਵਿੱਚ ਸਵਾਰ 7 ਤੇ 4 ਸਾਲ ਦੇ ਦੋ ਬੱਚਿਆਂ ਸਮੇਤ ਪਤੀ ਤੇ ਪਤਨੀ ਬਚ ਗਏ ਸਨ। ਪਾਸਾਡੇਨਾ (ਕੈਲੀਫੋਰਨੀਆ) ਵਾਸੀ ਡਾ. ਧਰਮੇਸ਼ ਪਟੇਲ ਨੇ ਦਾਅਵਾ ਕੀਤਾ ਸੀ ਕਿ ਤਕਨੀਕੀ ਖਰਾਬੀ ਕਾਰਨ ਇਹ ਹਾਦਸਾ ਵਾਪਰਿਆ ਸੀ। ਉਸ ਦੇ ਇਸ ਦਾਅਵੇ ਨੂੰ ਉਸ ਦੀ ਪਤਨੀ ਨੇਹਾ ਨੇ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਰੇਡੀਆਲੋਜਿਸਟ ਡਾ. ਧਰਮੇਸ਼ ਵਿਰੁੱਧ 3 ਹੱਤਿਆਵਾਂ ਦੀ ਕੋਸ਼ਿਸ਼ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਮਾਮਲੇ ਸਬੰਧੀ ਲਿਫਾਫੇ ਵਿੱਚ ਬੰਦ ਨੇਹਾ ਦਾ ਬਿਆਨ ਬੀਤੇ ਦਿਨ ਖੋਲ੍ਹਿਆ ਗਿਆ।

(ਬਾਕੀ ਸ.ਫ਼ਾ 30 'ਤੇ)

# ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ ਵਿਰਾਸਤੀ ਸਮਾਰਕਾਂ ਦੀ ਹਾਲਤ ਵਿਗੜੀ

## ਸੈਰ-ਸਪਾਟਾ ਵਿਭਾਗ ਦੀ ਨਜ਼ਰ-ਅੰਦਾਜ਼ੀ ਕਾਰਨ ਲੁਪਤ ਹੁੰਦੇ ਜਾ ਰਹੇ ਇਤਿਹਾਸਕ ਸਥਾਨ

ਅੰਮ੍ਰਿਤਸਰ – ਪੰਜਾਬ ਵਿੱਚ ਸਿੱਖ ਰਾਜ ਅਤੇ ਮਿਸਲ ਕਾਲ ਨਾਲ ਸੰਬੰਧਿਤ ਦਰਜਨਾਂ ਸਮਾਰਕ ਅਜਿਹੇ ਹਨ, ਜੋ ਪੁਰਾਤਤਵ ਵਿਭਾਗ ਵਲੋਂ ਸੁਰੱਖਿਅਤ ਸਮਾਰਕਾਂ ਦੀ ਸੂਚੀ ਵਿੱਚ ਦਰਜ ਨਾ ਕੀਤੇ ਗਏ ਹੋਣ ਕਰਕੇ ਅਤੇ ਸੈਰ-ਸਪਾਟਾ ਵਿਭਾਗ ਦੀ ਨਜ਼ਰ-ਅੰਦਾਜ਼ੀ ਕਾਰਨ ਲੁਪਤ ਹੁੰਦੇ ਜਾ ਰਹੇ ਹਨ। ਰੱਖ-ਰਖਾਅ ਅਤੇ ਸੇਵਾ ਸੰਭਾਲ ਦੀ ਘਾਟ ਕਾਰਨ ਇਨ੍ਹਾਂ ਸਿੱਖ ਵਿਰਾਸਤੀ ਸਮਾਰਕਾਂ ਦੀ ਹਾਲਤ ਵਿਗੜ ਗਈ ਹੈ। ਅੰਮ੍ਰਿਤਸਰ ਦੇ ਸਰਹੱਦੀ ਪਿੰਡ ਧਨੋਏ ਕਲਾਂ ਵਿੱਚ ਮੌਜੂਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਖ਼ੁਦ ਤਿਆਰ ਕਰਵਾਈ ਬਾਰਾਂਦਰੀ (ਪੁਲ ਮੋਰਾਂ), ਮਹਾਰਾਜਾ ਦੇ ਸਹੁਰੇ ਪਰਿਵਾਰ ਦਾ ਕਿਲ੍ਹਾ ਕਰਮ ਸਿੰਘ ਛੀਨਾ, ਕਾਲਿਆਂ ਵਾਲੇ ਸਰਦਾਰਾਂ ਦੀਆਂ ਸਮਾਧਾਂ, ਤਲਾਬ ਸਮਦ ਜੂ ਕਸ਼ਮੀਰੀ, ਬੁਰਜ ਵਣੀਏ ਕੇ, ਰਾਜਾਸਾਂਸੀ ਦਾ ਇਤਿਹਾਸਕ ਤਲਾਬ, ਬਾਉਲੀਆਂ, ਰੁਲੀਆ ਰਾਮ ਦਾ ਬਾਗ਼, ਦੀਨਾਨਗਰ ਵਿਚਲਾ ਸਮਰ ਹਾਊਸ, ਬਟਾਲਾ ਵਿਚਲਾ ਮਹਾਰਾਜਾ ਸ਼ੇਰ ਸਿੰਘ ਦਾ ਮਹਿਲ ਅਤੇ ਦਰਜਨਾਂ ਅਜਿਹੀਆਂ ਇਤਿਹਾਸਕ ਹਵੇਲੀਆਂ ਅਤੇ ਕਿਲ੍ਹੇ ਮੌਜੂਦ ਹਨ, ਜਿਨ੍ਹਾਂ ਦੇ ਰੱਖ-ਰਖਾਅ ਵਲ ਸੰਬੰਧਿਤ ਵਿਭਾਗ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਤੋਂ ਇਲਾਵਾ ਕਿਲ੍ਹਾ ਗੋਬਿੰਦਗੜ੍ਹ ਅਤੇ ਰਾਮ ਬਾਗ਼ ਆਦਿ ਵਿਖੇ ਨਵਉਸਾਰੀ ਤੇ ਸੁੰਦਰੀਕਰਨ ਦੇ ਨਾਂਅ 'ਤੇ ਸੰਬੰਧਿਤ ਵਿਭਾਗ ਅਤੇ ਕੰਸਟਰੱਕਸ਼ਨ ਕੰਪਨੀਆਂ ਵੱਲੋਂ ਆਪਣੇ ਮੁਤਾਬਕ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ, ਜੋ ਸਿੱਖ ਇਤਿਹਾਸ ਨੂੰ ਵੱਡੀ ਢਾਹ ਲਾ ਰਹੀਆਂ ਹਨ। ਇਸ ਬਾਰੇ ਸਾਬਕਾ ਸਿਵਲ ਇੰਜੀਨੀਅਰ ਹਰਜਾਪ ਸਿੰਘ ਔਜਲਾ ਅਤੇ ਮਾਈਕਲ ਰਾਉਲ ਨੇ ਦੱਸਿਆ ਕਿ ਪੰਜਾਬ ਵਿਚਲੇ ਸਿੱਖ ਵਿਰਾਸਤੀ ਸਮਾਰਕਾਂ ਦੇ ਰੱਖ-ਰਖਾਅ ਅਤੇ ਨਵੀਨੀਕਰਨ ਲਈ ਵੱਖਰੇ ਤੌਰ 'ਤੇ ਸਿੱਖ ਪੁਰਾਤਤਵ ਵਿਭਾਗ ਕਾਇਮ ਕੀਤਾ ਜਾਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਵਿੱਚ ਉਨ੍ਹਾਂ ਵਲੋਂ ਸੂਬੇ ਦੇ ਮੁੱਖ ਮੰਤਰੀ ਨੂੰ ਪੱਤਰ ਵੀ



ਲਿਖੇ ਜਾ ਚੁਕੇ ਹਨ ਪਰ ਅਜੇ ਤਕ ਸਰਕਾਰੀ ਪੱਧਰ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਮਾਈਕਲ ਰਾਉਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਲਿਖੇ ਉਕਤ ਪੱਤਰ ਵਿੱਚ ਅੰਮ੍ਰਿਤਸਰ ਦੀ ਖ਼ਤਮ ਹੋ ਰਹੀ ਵਿਰਾਸਤ ਨੂੰ ਬਚਾਉਣ ਲਈ ਸੁਝਾਅ ਦਿੰਦਿਆਂ ਕਿਹਾ ਗਿਆ ਹੈ ਕਿ ਲਾਹੌਰ ਦੀ ਤਰਜ਼ 'ਤੇ ਅੰਮ੍ਰਿਤਸਰ ਵਾਲਡ ਸਿਟੀ ਅਥਾਰਿਟੀ ਦਾ ਗਠਨ ਕਰਕੇ ਚਾਰ ਦੀਵਾਰੀ ਵਿੱਚ ਵਸੇ ਸ਼ਹਿਰ ਦੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾਵੇ।

**ਮਹਾਰਾਜਾ ਸ਼ੇਰ ਸਿੰਘ ਦਾ ਮਹਿਲ**

ਅੰਮ੍ਰਿਤਸਰ-ਪਠਾਨਕੋਟ ਸੜਕ 'ਤੇ ਸਥਿਤ ਬਟਾਲਾ ਸ਼ਹਿਰ, ਅੰਮ੍ਰਿਤਸਰ ਤੋਂ 38 ਕਿਲੋਮੀਟਰ ਦੂਰ ਹੈ। ਇਹ ਸ਼ਹਿਰ ਧਾਰਮਿਕ ਤੇ ਇਤਿਹਾਸਕ ਯਾਦਗਾਰਾਂ ਦਾ ਘਰ ਹੈ। ਸਿੱਖ ਰਾਜ ਦੇ ਮਹਾਰਾਜਾ ਸ਼ੇਰ ਸਿੰਘ ਦਾ ਸ਼ਾਹੀ ਮਹਿਲ (ਅਨਾਰਕਲੀ) ਅਤੇ ਬਾਰਾਂਦਰੀ (ਜਲ ਮਹਿਲ) ਇਤਿਹਾਸਕ ਅਤੇ ਵਿਰਾਸਤੀ ਇਮਾਰਤਾਂ ਹਨ। ਬਟਾਲਾ ਸ਼ਹਿਰ ਮੁ਼ਗਲ ਕਾਲ ਅਤੇ ਸਿੱਖ ਰਾਜ ਵੇਲੇ ਲਾਹੌਰ ਦੇ ਅਧਿਕਾਰ ਖੇਤਰ ਵਿਚ ਸੀ। ਮਹਾਰਾਜਾ ਸ਼ੇਰ ਸਿੰਘ ਦਾ ਸ਼ਾਹੀ ਮਹਿਲ ਬੇਰਿੰਗ ਯੂਨੀਅਨ ਕਾਲਜ ਦੇ ਅਧਿਕਾਰ ਖੇਤਰ ਵਿਚ ਹੈ ਜਿੱਥੇ ਕਾਲਜ ਦਾ ਪ੍ਰਬੰਧਕੀ ਬਲਾਕ ਚਲ ਰਿਹਾ ਹੈ। ਬਾਰਾਂਦਾਰੀ ਆਰਕਾਲੋਜੀ ਸਰਵੇ ਆਫ ਇੰਡੀਆ (ਪੁਰਾਤੱਤਵ ਵਿਭਾਗ) ਦੇ ਅਧਿਕਾਰ ਖੇਤਰ ਅਧੀਨ ਹੈ। ਪੁਰਾਤੱਤਵ ਵਿਭਾਗ ਵੱਲੋਂ ਇਸ ਦੀ ਸਾਂਭ-ਸੰਭਾਲ ਲਈ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਬਾਦਸ਼ਾਹ ਅਕਬਰ ਦੇ ਫ਼ੌਜਦਾਰ ਸ਼ਮਸ਼ੇਰ ਖਾਨ ਵੱਲੋਂ ਬਣਵਾਏ ਗਏ ਤਲਾਬ ਵਿੱਚ ਮਹਾਰਾਜਾ ਸ਼ੇਰ ਸਿੰਘ ਨੇ ਬਾਰਾਂਦਰੀ ਬਣਵਾਈ ਸੀ। ਬਾਰਾਂਦਰੀ ਅਤੇ ਸ਼ਾਹੀ ਮਹਿਲ ਸੁਰੰਗ ਰਾਹੀਂ ਆਪਸ ਵਿੱਚ ਜੁੜੇ ਹੋਏ ਸਨ। ਮਹਾਰਾਜਾ ਸ਼ੇਰ ਸਿੰਘ ਦਰਬਾਰੀਆਂ ਨਾਲ ਮੀਟਿੰਗ ਕਰਨ ਸਮੇਂ ਬਾਰਾਂਦਰੀ ਦੀ ਵਰਤੋਂ ਕਰਦਾ ਸੀ। ਤਲਾਬ ਵਿੱਚ ਬਣੀ ਬਾਰਾਂਦਰੀ ਦੋ ਮੰਜ਼ਿਲਾ ਹੈ। ਹੇਠਲੀ ਮੰਜ਼ਿਲ ਦੇ ਅੱਠ ਅਤੇ ਉਪਰਲੀ ਮੰਜ਼ਿਲ ਦੇ ਚਾਰ ਦਰਵਾਜ਼ੇ ਹਨ। ਇਸ ਦੇ ਅੰਦਰ ਦੀਵਾਰਾਂ ਤੇ ਸ਼ੀਸ਼ੇ ਦੀ ਸੁੰਦਰ ਮੀਨਾਕਾਰੀ ਨਾਲ ਰੰਗਦਾਰ ਚਿੱਤਰ ਬਣੇ ਹੋਏ ਸਨ ਪਰ ਸਮਾਂ ਬੀਤ ਜਾਣ ਤੇ ਸਾਂਭ-ਸੰਭਾਲ

(ਬਾਕੀ ਸਫ਼ਾ 29 'ਤੇ)

## ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਗੁਰਪੁਰਬ ਉੱਪਰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਭੇਜਿਆ

### ਮੂਲ ਨਾਨਕਸ਼ਾਹੀ ਕੈਲੰਡਰ ਵਿਰੁੱਧ ਜਾ ਕੇ ਸ਼੍ਰੋਮਣੀ ਕਮੇਟੀ ਨੇ ਲਿਆ ਫ਼ੈਸਲਾ

### ਮੂਲ ਨਾਨਕ ਸ਼ਾਹੀ ਕੈਲੰਡਰ ਅਤੇ ਸੋਧੇ ਹੋਏ ਨਾਨਕ ਸ਼ਾਹੀ ਕੈਲੰਡਰ ਦੀਆਂ ਤਰੀਕਾਂ ਵਿੱਚ ਹੈ ਕਾਫ਼ੀ ਅੰਤਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਇਸ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਨਹੀਂ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਸਤਾਵਿਤ ਦੌਰਾ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਯਾਤਰਾ ਤੇ ਜਥਾ ਵਿਭਾਗ ਦੇ ਇੰਚਾਰਜ ਭਾਈ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਵਿਗੜਦੇ ਸਿਆਸੀ ਹਾਲਾਤ ਅਤੇ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਦੀਆਂ ਤਰੀਕਾਂ ਵਿੱਚ ਅੰਤਰ ਹੋਣ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਮੂਲ ਨਾਨਕ ਸ਼ਾਹੀ ਕੈਲੰਡਰ ਅਤੇ ਸੋਧੇ ਹੋਏ ਨਾਨਕ ਸ਼ਾਹੀ ਕੈਲੰਡਰ ਦੀਆਂ ਤਰੀਕਾਂ ਵਿੱਚ ਕਾਫ਼ੀ ਅੰਤਰ ਹੈ। ਦੌਰਾ ਰੱਦ ਹੋਣ ਪਿੱਛੇ ਇਹ ਵੀ ਇਹ ਵੱਡਾ ਕਾਰਨ ਹੈ। ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 23 ਮਈ ਨੂੰ ਮਨਾਇਆ ਗਿਆ ਹੈ ਜਦਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਨਕਸ਼ਾਹੀ ਕੈਲੰਡਰ ਮੁਤਾਬਕ 16 ਜੂਨ ਨੂੰ ਗੁਰਦੁਆਰਾ ਸ੍ਰੀ ਡੇਰਾ ਸਾਹਿਬ (ਲਾਹੌਰ) ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ।

**ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਜਾਵੇਗਾ ਜੱਥਾ**

ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਦੇ ਇੰਚਾਰਜ ਕੁਲਵਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ 21 ਜੂਨ ਨੂੰ ਜਥਾ ਪਾਕਿਸਤਾਨ ਲਈ ਰਵਾਨਾ ਕੀਤਾ ਜਾਵੇਗਾ। ਇਸ ਸਬੰਧੀ ਤਿਆਰੀਆਂ ਚੱਲ ਰਹੀਆਂ ਹਨ। ਇਹ ਜਥਾ ਪਾਕਿਸਤਾਨ ਦੇ ਵੱਖ-ਵੱਖ ਗੁਰਧਾਮਾਂ ਦਾ ਦੌਰਾ ਕਰੇਗਾ।

## ਮੁੱਖ ਮੰਤਰੀ ਦੇ ਬਿਆਨ 'ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਣ ਲਈ ਮੁ਼ਫਤ ਅਧਿਕਾਰ ਮਿਲੇ' ਤੋਂ ਸ਼੍ਰੋਮਣੀ ਕਮੇਟੀ ਹੋਈ ਔਖੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਬਿਆਨ ਤੋਂ ਸ਼੍ਰੋਮਣੀ ਕਮੇਟੀ ਖਾਸੀ ਔਖੀ ਹੈ ਕਿ ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਣ ਲਈ ਮੁ਼ਫਤ ਅਧਿਕਾਰ ਮਿਲੇ, ਸੂਬਾ ਸਰਕਾਰ ਅਤਿ-ਆਧੁਨਿਕ ਤਕਨਾਲੋਜੀ ਵਾਲੇ ਉਪਕਰਨ ਲਾਉਣ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹੈ ਤਾਂ ਜੋ ਗੁਰਬਾਣੀ ਦਾ ਸਾਰੇ ਚੈਨਲਾਂ 'ਤੇ ਮੁਫਤ ਪ੍ਰਸਾਰਣ ਕੀਤਾ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਲਈ ਸਿਰਫ਼ ਇਕ ਚੈਨਲ ਨੂੰ ਹੀ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਅਧਿਕਾਰ ਕਿਸੇ ਇਕ ਚੈਨਲ ਤੱਕ ਸੀਮਤ ਕਰਨ ਦੀ ਬਜਾਏ ਸਾਰੇ ਚੈਨਲਾਂ ਨੂੰ ਮੁਫਤ ਵਿੱਚ



ਦਿੱਤੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੇ ਟਵੀਟ ਦਾ ਜਵਾਬ ਦਿੰਦੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਗੁਰੂਘਰਾਂ ਦਾ ਪ੍ਰਬੰਧ ਕਰਨ ਦੇ ਸਮਰੱਥ ਹੈ। ਮੁੱਖ ਮੰਤਰੀ ਨੂੰ ਧਾਮੀ ਨੇ ਕਿਹਾ ਕਿ ਗੁਰਬਾਣੀ ਪ੍ਰਸਾਰਣ ਜਾਂ ਗੁਰੂ ਘਰਾਂ ਦੇ ਮਾਮਲਿਆਂ ਬਾਰੇ ਟਵੀਟ ਕਰਕੇ

(ਬਾਕੀ ਸਫ਼ਾ 29 'ਤੇ)

## 'ਆਪ' ਸਰਕਾਰ ਮਨੁੱਖੀ ਅਧਿਕਾਰਾਂ 'ਤੇ ਸਿੱਖ ਵਿਰੋਧੀ ਨੀਤੀ ਤਿਆਗੇ : ਸਿੰਘ ਸਾਹਿਬ ਰੋਡੇ

ਜਲੰਧਰ/ਏ.ਟੀ.ਨਿਊਜ਼ : ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਆਪ ਸਰਕਾਰ ਮਨੁੱਖੀ ਅਧਿਕਾਰਾਂ 'ਤੇ ਸਿੱਖ ਵਿਰੋਧੀ ਨੀਤੀ ਤਿਆਗਣੀ ਚਾਹੀਦੀ ਹੈ। 'ਆਪ' ਸਰਕਾਰ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਦਰਜ ਕਰ ਰਹੀ ਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ,ਮੁਲਾਜ਼ਮਾਂ ਦੇ ਜਮਹੂਰੀ ਹੱਕਾਂ ਨੂੰ ਵੀ ਕੁਚਲ ਰਹੀ ਹੈ। ਉਨ੍ਹਾਂ ਬੀਤੇ ਫਰਵਰੀ ਮਹੀਨੇ ਵਿੱਚ ਅਜਨਾਲਾ ਥਾਣੇ ਵਿੱਚ ਵਾਪਰੀ ਘਟਨਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਆਪ ਸਰਕਾਰ ਨੇ ਇਸ ਮਾਮਲੇ ਵਿੱਚ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐਨ. ਐਸ. ਏ.) ਵਰਗੀਆਂ ਸਖ਼ਤ ਧਾਰਾਵਾਂ ਲਗਾ ਕੇ ਉਨ੍ਹਾਂ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਕਰਕੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਫੜ੍ਹੇ ਗਏ ਇਨ੍ਹਾਂ ਨੌਜਵਾਨਾਂ ਵਿਚੋਂ ਬਹੁਤਿਆਂ ਨੂੰ ਤਾਂ ਐਨ. ਐਸ. ਏ. ਦਾ ਮਤਲਬ ਤੱਕ ਨਹੀਂ ਪਤਾ ਤੇ ਨਾ ਹੀ ਉਨ੍ਹਾਂ ਕੋਲੋਂ ਕੋਈ ਗੈਰ-ਕਾਨੂੰਨੀ ਹਥਿਆਰ ਹੀ ਬਰਾਮਦ ਹੋਇਆ ਅਤੇ ਨਾ ਹੀ ਉਨ੍ਹਾਂ ਦੇ ਕਿਸੇ ਵਿਦੇਸ਼ੀ ਤਾਕਤ ਨਾਲ ਸੰਬੰਧ ਹੀ ਸਾਬਤ ਹੋਏ ਹਨ। ਉਨ੍ਹਾਂ



ਕਿਹਾ ਕਿ ਸਾਧਾਰਨ ਨੌਜਵਾਨਾਂ ਨੂੰ ਸਖ਼ਤ ਧਾਰਾਵਾਂ ਲਗਾ ਕੇ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ 'ਚ ਡੱਕਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਦੇ ਨਾਲ ਹੀ ਭਾਈ ਰੋਡੇ ਨੇ ਕਿਹਾ ਕਿ 'ਆਪ' ਸਰਕਾਰ ਨੇ ਅਜਨਾਲਾ ਮਾਮਲੇ ਵਿੱਚ ਕਈ ਅਜਿਹੇ ਨੌਜਵਾਨਾਂ 'ਤੇ ਵੀ ਧਾਰਾ 307 ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਅੰਦਰ ਕੀਤਾ ਹੋਇਆ ਹੈ, ਜੋ ਘਟਨਾ ਵਾਲੇ ਦਿਨ ਮੌਕੇ 'ਤੇ ਮੌਜੂਦ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀਆਂ ਜ਼ਿਆਦਤੀਆਂ ਇਥੇ ਹੀ ਨਹੀਂ ਰੁਕਦੀਆਂ ਸਗੋਂ ਦੋ ਕਦਮ ਹੋਰ ਅੱਗੇ ਤੱਕ ਜਾਂਦੀਆਂ ਹਨ ਤੇ ਪੁਲਿਸ ਵੱਲੋਂ ਕਈ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਲਗਾਤਾਰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਭਾਈ ਰੋਡੇ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਮੀਡੀਆ ਦਾ ਗਲਾ ਘੁੱਟਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ।

ਉਨ੍ਹਾਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸੁਝਾਅ ਦਿੰਦੇ ਹੋਏ ਕਿਹਾ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਬੇਅਦਬੀਆਂ ਤੇ ਹੋਰਨਾਂ ਮਸਲਿਆਂ 'ਤੇ ਲਏ ਗਏ ਗਲਤ ਫੈਸਲਿਆਂ ਦੀ ਉਨ੍ਹਾਂ ਨੂੰ ਬਿਨਾਂ ਕਿਸੇ ਝਿਜਕ ਦੇ ਸਿੱਧੇ ਤੌਰ 'ਤੇ ਕੌਮ ਕੋਲੋਂ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ ਅਤੇ ਅਜਿਹਾ ਕਰਨ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ। ਇਸ ਮੌਕੇ ਭਾਈ ਰੋਡੇ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਮੌਕੇ 2 ਜੂਨ ਨੂੰ ਸੰਤਾਂ ਦੇ ਜੱਦੀ ਪਿੰਡ ਰੋਡੇ

(ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਿੱਖ ਕੌਮ ਦਾ ਹੀਰਾ

# ਭਾਈ ਦਲਜੀਤ ਸਿੰਘ ਬਿੱਟੂ









ਜਦੋਂ ਵੀ ਹਕੂਮਤ ਅਤੇ ਸਥਾਪਤ ਨਿਜ਼ਾਮ ਵੱਲੋਂ ਸਿੱਖਾਂ 'ਤੇ ਜ਼ੁਲਮ ਦੀ ਹਨੇਰੀ ਚਲਾਈ ਜਾਂਦੀ ਹੈ ਤਾਂ ਅਜਿਹੇ ਸਿੱਖ ਸੂਰਮੇ ਉਭਰ ਕੇ ਸਾਹਮਣੇ ਆਉਂਦੇ ਹਨ, ਜੋ ਕਿ ਆਪਣੇ ਸੁਨਹਿਰੀ ਸੁਪਨਿਆਂ ਨੂੰ ਤਿਆਗ ਕੇ ਆਪਣਾ ਸਾਰਾ ਜੀਵਨ ਸਿੱਖ ਸੰਘਰਸ਼ ਅਤੇ ਪੰਥ ਦੇ ਲੇਖੇ ਲਗਾ ਦਿੰਦੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਹਕੂਮਤ ਨੇ ਸਿੱਖ ਕੌਮ 'ਤੇ ਜ਼ੁਲਮ ਕਰਨ, ਸਿੱਖਾਂ ਦੇ ਧਾਰਮਿਕ, ਸਿਆਸੀ ਅਤੇ ਆਰਥਿਕ ਅਧਿਕਾਰਾਂ 'ਤੇ ਡਾਕਾ ਮਾਰਨ, ਸਿੱਖ ਸਿਧਾਂਤਾਂ ਦਾ ਘਾਣ ਕਰਨ ਦਾ ਯਤਨ ਕੀਤਾ, ਤਾਂ ਅਨੇਕਾਂ ਸਿੱਖ ਯੋਧੇ ਜ਼ੁਲਮ ਅਤੇ ਜ਼ਾਲਮਾਂ ਦਾ ਟਾਕਰਾ ਕਰਨ ਲਈ ਮੈਦਾਨ ਵਿੱਚ ਆਏ। ਇਹਨਾਂ ਸਿੱਖ ਯੋਧਿਆਂ 'ਚ ਹੀ ਭਾਈ ਦਲਜੀਤ ਸਿੰਘ ਬਿੱਟੂ ਦਾ ਨਾਂਅ ਮੂਹਰਲੀਆਂ ਸਫ਼ਾਂ ਵਿੱਚ ਆਉਂਦਾ ਹੈ। ਭਾਈ ਦਲਜੀਤ ਸਿੰਘ ਬਿੱਟੂ ਨੂੰ ਸਿੱਖ ਕੌਮ ਦਾ ਹੀਰਾ ਕਿਹਾ ਜਾਂਦਾ ਹੈ। ਭਾਈ ਦਲਜੀਤ ਸਿੰਘ ਬਿੱਟੂ ਦਾ ਜੱਦੀ ਪਿੰਡ ਤੇਹਿੰਗ ਜ਼ਿਲ੍ਹਾ ਜਲੰਧਰ ਹੈ ਪਰ ਕਾਫ਼ੀ ਅਰਸੇ ਤੋਂ ਉਹਨਾਂ ਦਾ ਪਰਿਵਾਰ ਲੁਧਿਆਣੇ ਵਿਖੇ ਰਹਿ ਰਿਹਾ ਹੈ।

ਭਾਈ ਦਲਜੀਤ ਸਿੰਘ ਦਾ ਜਨਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀ ਸਰਦਾਰ ਅਜੀਤ ਸਿੰਘ ਅਤੇ ਮਾਤਾ ਪਲਵਿੰਦਰ ਕੌਰ ਦੇ ਘਰ 1961 ਈ. ਵਿੱਚ ਹੋਇਆ। ਉਹਨਾਂ ਦਾ ਨਾਨਕਾ-ਦਾਦਕਾ ਪਰਿਵਾਰ ਪਿਛੋਕੜ ਵਜੋਂ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਤੋਂ ਹੈ। ਜਦੋਂ 1985 ਈ. ਵਿੱਚ ਉਹ ਰੂਪੋਸ਼ ਹੋਏ, ਉਦੋਂ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੈਟਰਨਰੀ ਦੀ ਡਿਗਰੀ ਕਰ ਰਹੇ ਸਨ। ਸੰਘਰਸ਼ ਦੇ ਸ਼ੁਰੂਆਤੀ ਦੌਰ ਵਿੱਚ ਇਹਨਾਂ ਦੇ ਜਥੇ ਨੂੰ ਦਿੱਲੀ ਗਰੁੱਪ ਆਖਿਆ ਜਾਂਦਾ ਸੀ, ਜੋ ਨਵੰਬਰ 1984 ਦੇ ਦੋਸ਼ੀਆਂ ਨੂੰ ਸੋਧਾ ਲਾਉਣ ਲਈ ਮਸ਼ਹੂਰ ਸੀ।

ਭਾਈ ਦਲਜੀਤ ਸਿੰਘ ਬਿੱਟੂ ਦਾ ਨਾਮ ਸਾਲ 1985 ਦੌਰਾਨ ਉਸ ਵਕਤ ਸਾਹਮਣੇ ਆਇਆ, ਜਦੋਂ ਲੁਧਿਆਣੇ ਦੇ ਪੁਲਿਸ ਕਪਤਾਨ ਅਤੇ ਸਿੱਖਾਂ 'ਤੇ ਬੇਤਹਾਸ਼ਾ ਤਸ਼ੱਦਦ ਕਰਨ ਵਾਲੇ ਪਾਂਡੇ ਉੱਤੇ ਕਾਤਲਾਨਾ ਹਮਲਾ ਕੀਤਾ ਗਿਆ ਸੀ। ਇਸ ਤੋਂ ਬਾਅਦ ਆਪ ਰੂਪੋਸ਼ ਹੋ ਗਏ ਅਤੇ ਕੌਮ ਦੀ ਸੇਵਾ ਕਰਦੇ ਰਹੇ ।

1988 ਦੇ ਅੱਧ ਵਿਚਕਾਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਗੁਰਜੀਤ ਸਿੰਘ ਜੀ ਵਾਸੀ ਹਰੀਹਰ ਝੋਕ ਜ਼ਿਲ੍ਹਾ ਫਿਰੋਜ਼ਪੁਰ ਨੂੰ ਪੁਲਿਸ ਨੇ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਜਾਂਗਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਤਾਂ ਸੰਘਰਸ਼ਸ਼ੀਲ ਸਿੱਖ ਆਗੂਆਂ ਨੇ ਭਾਈ ਦਲਜੀਤ ਸਿੰਘ ਬਿੱਟੂ ਨੂੰ ਅੰਮ੍ਰਿਤ ਛਕਵਾ ਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਸੌਂਪੀ। ਭਾਈ ਦਲਜੀਤ ਸਿੰਘ ਬਿੱਟੂ ਨੇ ਫੈਡਰੇਸ਼ਨ ਨੂੰ ਅਜਿਹੀ ਸੇਧ ਦਿੱਤੀ ਕਿ ਜਲਦੀ ਹੀ ਸਿੱਖ ਸੰਘਰਸ਼ ਦੀ ਅਗਵਾਈ ਕਰ ਰਹੀ ਪੰਜ ਮੈਂਬਰੀ ਪੰਥਕ ਕਮੇਟੀ ਦਾ ਮੈਂਬਰ ਨਿਯੁਕਤ ਕਰ ਲਿਆ ਗਿਆ। ਖਾੜਕੂ ਕਾਰਵਾਈਆਂ ਦੇ ਨਾਲ ਨਾਲ ਲਹਿਰ ਵਿੱਚ ਉਹਨਾਂ ਦੀ ਭੂਮਿਕਾ ਯੁੱਧਨੀਤਕ ਪੈਂਤੜੇ ਅਤੇ ਰਾਜਸੀ ਨੀਤੀ ਦੇ ਸੇਧਕ ਵਜੋਂ ਵਧੇਰੇ ਮਹੱਤਵਪੂਰਨ ਹੈ। ਭਾਈ ਬਿੱਟੂ ਗਿਆਰਾਂ ਸਾਲ ਰੂਪੋਸ਼ ਰਹੇ। ਕਾਫ਼ੀ ਸਮਾਂ ਭਾਈ ਬਿੱਟੂ ਆਪਣੀ ਰੋਪੜ ਲਾਗੇ ਠਾਹਰ 'ਤੇ ਰਹਿੰਦੇ ਰਹੇ ਜਿੱਥੋਂ ਉਹਨਾਂ ਨੂੰ ਭਾਈ ਗਾਮੇ ਨਾਲ ਅਪਰੈਲ 1996 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦੋ ਦਰਜਨ ਤੋਂ ਵੱਧ ਕੇਸ ਪਾ ਕੇ ਨਾਭਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਅਪਰੈਲ 1996 ਵਿੱਚ ਫੜੇ ਜਾਣ ਤੋਂ ਬਾਅਦ ਨਾਭਾ ਜੇਲ੍ਹ ਅਤੇ ਤਿਹਾੜ ਜੇਲ੍ਹ ਦਿੱਲੀ ਵਿੱਚ ਅਕਤੂਬਰ 2005 ਤਕ ਨਜ਼ਰਬੰਦ ਰਹੇ ਅਤੇ ਇਸੇ ਮਹੀਨੇ ਉਹਨਾਂ ਦਾ ਆਨੰਦ ਕਾਰਜ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਉਹਨਾਂ ਨੇ 2005 ਤੋਂ 2009 ਤਕ ਪੰਥ, ਪੰਜਾਬ ਅਤੇ ਕਿਸਾਨੀ ਦੇ ਮਸਲਿਆਂ ਲਈ ਲੋਕਾਂ ਵਿੱਚ ਜਾ ਕੇ ਵਿਚਾਰ ਅਤੇ ਜਦੋਂ ਜਹਿਦ ਕੀਤੀ। ਉਹ 2009 ਤੋਂ 2014 ਤਕ ਫਿਰ ਯੂਏਪੀਏ ਦੇ ਵੱਖੋ ਵੱਖਰੇ ਕੇਸਾਂ ਵਿੱਚ ਜੇਲ੍ਹ ਵਿੱਚ ਨਜ਼ਰਬੰਦ ਰਹੇ। ਇਹ ਸਾਰੇ ਅਰਸੇ ਦੌਰਾਨ ਦਿੱਲੀ ਹਕੂਮਤ ਵੱਲੋਂ ਉਹਨਾਂ 'ਤੇ ਯੂਏਪੀਏ, ਟਾਡਾ ਆਦਿ ਕਾਲੇ ਕਾਨੂੰਨਾਂ ਤਹਿਤ ਕੁੱਲ 33 ਕੇਸ ਚਲਾਏ ਗਏ। ਉਹਨਾਂ ਦੀ ਰੂਪੋਸ਼ ਜ਼ਿੰਦਗੀ ਅਤੇ ਜੇਲ੍ਹ ਵਿੱਚ ਨਜ਼ਰਬੰਦ ਰਹਿਣ ਦਾ ਕੁੱਲ ਅਰਸਾ 24 ਕੁ ਸਾਲ ਬਣਦਾ ਹੈ। ਨੌਂ ਸਾਲ ਦੀ ਕਾਨੂੰਨੀ ਲੜਾਈ ਲੜਕੇ ਲੁਧਿਆਣਾ ਬੈਂਕ ਡਾਕੇ ਤੋਂ ਬਿਨਾਂ ਬਾਕੀ ਸਾਰੇ ਕੇਸਾਂ 'ਚੋਂ ਬਰੀ ਹੋਣ ਮਗਰੋਂ ਰਿਹਾਅ ਹੋ ਗਏ। ਨੌਂ ਸਾਲ ਜੇਲ੍ਹ ਵਿੱਚ ਬਤੀਤ ਕਰਨ ਬਾਅਦ ਅੱਜ ਵੀ ਭਾਈ ਬਿੱਟੂ ਵਿੱਚ ਉਹੀ ਦ੍ਰਿੜ੍ਹਤਾ ਅਤੇ ਕੌਮੀ ਪਿਆਰ ਦਾ ਜਜ਼ਬਾ ਹੈ। ਭਾਈ ਦਲਜੀਤ ਸਿੰਘ ਬਿੱਟੂ ਨੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਪੈਰਵਾਈ ਕਰਨੀ ਜਾਰੀ ਰੱਖੀ ਹੈ, ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਮਿਲ ਕੇ ਉਹਨਾਂ ਦਾ ਦੁੱਖ ਵੰਡਾਉਣ ਦਾ ਕਾਰਜ ਆਰੰਭਿਆ ਹੈ।

ਭਾਈ ਦਲਜੀਤ ਸਿੰਘ ਵੱਲੋਂ ਖਾੜਕੂ ਸੰਘਰਸ਼ ਦੀ ਅਸਲੀਅਤ ਲਿਖਤੀ ਰੂਪ 'ਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਿਤਾਬ ਲੜੀ 'ਖਾੜਕੂ ਸੰਘਰਸ਼ ਦੀ ਸਾਖੀ' ਤੋਂ ਪਹਿਲਾਂ ਉਹਨਾਂ ਨੇ ਦੋ ਕਿਤਾਬਚੇ 'ਭਵਿੱਖ ਫਿਰ ਵੀ ਸਾਡਾ ਹੈ' ਅਤੇ 'ਅੱਗੇ ਤੁਰਨ ਤੋਂ ਪਹਿਲਾਂ' ਜਾਰੀ ਕੀਤੇ ਹਨ। ਭਾਈ ਦਲਜੀਤ ਸਿੰਘ ਵੱਲੋਂ ਖਾੜਕੂ ਸੰਘਰਸ਼ ਦੇ ਵਰਤਾਰੇ ਬਿਆਨ ਕਰਦੀ ਦੂਜੀ ਕਿਤਾਬ 'ਖਾੜਕੂ ਸੰਘਰਸ਼ ਦੀ ਸਾਖੀ 2: ਸਾਧਨ, ਸਬੱਬ, ਸਿਦਕ ਅਤੇ ਸ਼ਹਾਦਤ' ਵਿੱਚ ਉਹਨਾਂ ਵੱਲੋਂ ਖਾੜਕੂ ਸੰਘਰਸ਼ ਦਾ ਲੇਖਾ ਜੋਖਾ ਕਰਦਿਆਂ ਸੱਚਾਈ ਬਿਆਨ ਕੀਤੀ ਗਈ ਹੈ।

# ਖਾੜਕੂ ਸੰਘਰਸ਼ ਦੇ ਵਰਤਾਰੇ ਬਿਆਨ ਕਰਦੀ ਭਾਈ ਦਲਜੀਤ ਸਿੰਘ ਬਿੱਟੂ ਵੱਲੋਂ ਲਿਖੀ ਦੂਜੀ ਕਿਤਾਬ ਜਾਰੀ





ਅੰਮ੍ਰਿਤਸਰ/ਏ.ਟੀ.ਨਿਊਜ਼ :- ਖਾੜਕੂ ਸੰਘਰਸ਼ ਦੀਆਂ ਆਗੂ ਸਫਾਂ ਵਿਚ ਰਹੇ ਭਾਈ ਦਲਜੀਤ ਸਿੰਘ ਵੱਲੋਂ ਖਾੜਕੂ ਸੰਘਰਸ਼ ਦੇ ਵਰਤਾਰੇ ਬਿਆਨ ਕਰਦੀ ਦੂਜੀ ਕਿਤਾਬ ਖਾੜਕੂ ਸੰਘਰਸ਼ ਦੀ ਸਾਖੀ ੨: ਸਾਧਨ, ਸਬਬ, ਸਿਦਕ ਅਤੇ ਸ਼ਹਾਦਤ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਨਜਦੀਕ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦਗਾਰ ਵਿਖੇ ਜਾਰੀ ਕੀਤੀ ਗਈ।

ਇਹ ਕਿਤਾਬ ਅੱਜ ਭਾਈ ਦਲਜੀਤ ਸਿੰਘ ਅਤੇ ਹੋਰਨਾਂ ਪੰਥ ਸੇਵਕ ਸਖਸ਼ੀਅਤਾਂ ਭਾਈ ਨਰਾਇਣ ਸਿੰਘ ਚੌੜਾ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਸਤਨਾਮ ਸਿੰਘ ਖੰਡੇਵਾਲਾ ਅਤੇ ਸ਼ਹੀਦ ਬਾਬਾ ਪਿਆਰਾ ਸਿੰਘ ਦੇ ਸਪੁੱਤਰ ਭਾਈ ਦਿਲਬਾਗ ਸਿੰਘ (ਜਥਾ ਸਿਰਲੱਥ ਖਾਲਸਾ) ਵੱਲੋਂ ਜਾਰੀ ਕੀਤੀ ਗਈ।

ਭਾਈ ਦਲਜੀਤ ਸਿੰਘ ਖਾੜਕੂ ਸੰਘਰਸ਼ ਦੇ ਚੋਟੀ ਦੇ ਆਗੂਆਂ ਵਿਚ ਸ਼ੁਮਾਰ ਰਹੇ ਹਨ ਅਤੇ ਹੁਣ ਉਹਨਾ ਵੱਲੋਂ ਖਾੜਕੂ ਸੰਘਰਸ਼ ਦੇ ਅਸਲ ਸੱਚ ਨੂੰ ਬਿਆਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਭਾਈ ਦਲਜੀਤ ਸਿੰਘ ਬਿੱਟੂ ਵੱਲੋਂ ਲਿਖੀ ਪਹਿਲੀ ਕਿਤਾਬ ਵਿਚ ਉਹਨਾ ਖਾੜਕੂ ਸੰਘਰਸ਼ ਦੇ ਉਹਨਾ ਅਹਿਮ ਹਿੱਸਿਆਂ ਬਾਰੇ ਲਿਖਿਆ ਹੈ ਜਿਹਨਾ ਦਾ ਸੰਘਰਸ਼ ਵਿਚ ਬਹੁਤ ਬੁਨਿਆਦੀ ਯੋਗਦਾਨ ਸੀ ਪਰ ਉਹ ਅਣਜਾਣੇ ਜਾਂ ਅਣਗੌਲੇ ਹੀ ਰਹਿ ਗਏ ਸਨ।

ਅੱਜ ਜਾਰੀ ਹੋਈ ਕਿਤਾਬ ਵਿਚ ਭਾਈ ਦਲਜੀਤ ਸਿੰਘ ਨੇ ਖਾੜਕੂ ਸੰਘਰਸ਼ ਦੌਰਾਨ ਸਾਧਨ, ਸਬਬ, ਸਿਦਕ ਅਤੇ ਸ਼ਹਾਦਤ ਦੇ ਵਰਤਾਰਿਆਂ ਬਾਰੇ ਵਾਰਤਾ ਸਾਂਝੀ ਕੀਤੀ ਹੈ। ਇਹ ਕਿਤਾਬ ਬਿਬੇਕਗੜ੍ਹ ਪ੍ਰਕਾਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

ਕਿਤਾਬ ਜਾਰੀ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਦਲਜੀਤ ਸਿੰਘ ਨੇ ਕਿਹਾ ਕਿ ਖਾੜਕੂ ਸੰਘਰਸ਼ ਖਾਲਸਾ ਜੀ ਦੇ ਇਤਿਹਾਸ ਦਾ ਬਹੁਤ ਅਹਿਮ ਵਰਤਾਰਾ ਸੀ ਜਿਸ ਬਾਰੇ ਹਾਲੀ ਤੱਕ ਬਹੁਤਾ ਕੁਝ ਸਰਕਾਰੀ ਜਾਂ ਹੋਰਨਾਂ ਦੇ ਪੱਖ ਤੋਂ ਹੀ ਲਿਖਿਆ ਗਿਆ ਸੀ। ਉਹਨਾ ਕਿਹਾ ਕਿ ਇਹਨਾ ਕਿਤਾਬਾਂ ਰਾਹੀਂ ਉਹ ਸੰਘਰਸ਼ ਦੇ ਅਸਲ ਖਾਸੇ ਅਤੇ ਸੰਘਰਸ਼ ਕਰਨ ਵਾਲਿਆਂ ਦੇ ਸੱਚ ਨੂੰ ਬਿਆਨ ਕਰਨ ਦਾ ਯਤਨ ਕਰ ਰਹੇ ਹਨ।

ਇਸ ਮੌਕੇ ਹੋਰਨਾ ਤੋਂ ਇਲਾਵਾ ਸਰਬਜੀਤ ਸਿੰਘ ਘੁਮਾਣ, ਡਾ. ਹਰਪ੍ਰੀਤ ਕੌਰ, ਡਾ. ਸਿਮਰਨਜੀਤ ਕੌਰ, ਰਾਜਵਿੰਦਰ ਸਿੰਘ ਰਾਜੂ, ਪੰਜਆਬ ਲਾਇਰਜ਼ ਤੋਂ ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਮਿਸਲ ਸਤਲੁਜ ਤੋਂ ਰਾਜਪਾਲ ਸਿੰਘ ਸੰਧੂ, ਮਹਿਕਦੀਪ ਸਿੰਘ, ਡਾ. ਕੰਵਲਜੀਤ ਸਿੰਘ, ਪੰਥ ਸੇਵਕ ਜਥਾ ਮਾਝਾ ਤੋਂ ਸੁਖਦੀਪ ਸਿੰਘ ਮੀਕੇ, ਗੁਰਪ੍ਰੀਤ ਸਿੰਘ, ਰਾਜਦੀਪ ਸਿੰਘ ਰਾਜੂ, ਰਣਜੀਤ ਸਿੰਘ, ਇੰਦਰਜੀਤ ਸਿੰਘ ਖੱਸਣ, ਗੁਰਜੰਟ ਸਿੰਘ ਬੱਲ ਅਤੇ ਪਰਮਜੀਤ ਸਿੰਘ ਗਾਜ਼ੀ ਹਾਜ਼ਰ ਸਨ।

# ਕੀ ਹਨ ਸੀ.ਬੀ.ਆਈ. ਅਤੇ ਐਨ.ਆਈ.ਏ.?

## ਭਾਰਤ ਦੀਆਂ ਮੁੱਖ ਏਜੰਸੀਆਂ ਸੀ.ਬੀ.ਆਈ. ਅਤੇ ਐਨ.ਆਈ.ਏ. ਵਿਚਾਲੇ ਅੰਤਰ

ਸੀ.ਬੀ.ਆਈ. ਅਤੇ ਐਨ.ਆਈ.ਏ. ਭਾਰਤ ਸਰਕਾਰ ਦੀਆਂ ਦੋ ਏਜੰਸੀਆਂ ਹਨ, ਜੋ ਭਾਰਤ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਹਨ। ਸੀ.ਬੀ.ਆਈ. ਭਾਰਤ ਦੀ ਕੇਂਦਰੀ ਜਾਂਚ ਬਿਊਰੋ ਹੈ ਜਦੋਂ ਕਿ ਐਨ.ਆਈ.ਏ. ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ ਹੈ। ਸੀ.ਬੀ.ਆਈ. ਅਤੇ ਐਨ.ਆਈ.ਏ. ਵਿੱਚ ਮੁੱਖ ਅੰਤਰ ਇਹ ਹੈ ਕਿ ਸੀ.ਬੀ.ਆਈ. ਭਾਰਤ ਦੀ ਇੱਕ ਏਜੰਸੀ ਹੈ ਅਤੇ ਇਹ ਇੱਕ ਅਪਰਾਧਿਕ ਜਾਂਚ ਸੰਸਥਾ, ਖੁਫ਼ੀਆ ਏਜੰਸੀ ਅਤੇ ਰਾਸ਼ਟਰੀ ਸੁਰੱਖਿਆ ਏਜੰਸੀ ਵਜੋਂ ਕੰਮ ਕਰਦੀ ਹੈ ਜਦੋਂ ਕਿ ਐਨ.ਆਈ.ਏ. ਇੱਕ ਨਵੀਂ ਏਜੰਸੀ ਹੈ ਜੋ ਭਾਰਤ ਸਰਕਾਰ ਦੁਆਰਾ ਅੱਤਵਾਦ ਨੂੰ ਕੰਟਰੋਲ ਕਰਨ ਲਈ ਪ੍ਰਵਾਨਿਤ ਇੱਕ ਸੰਘੀ ਏਜੰਸੀ ਹੈ। .

**ਸੀ.ਬੀ.ਆਈ.**
**(ਕੇਂਦਰੀ ਜਾਂਚ ਬਿਊਰੋ)**

ਸੀ.ਬੀ.ਆਈ. ਦੀ ਸਥਾਪਨਾ 1963 ਵਿੱਚ 'ਉਦਮਤਾ, ਨਿਰਪੱਖਤਾ ਅਤੇ ਇਮਾਨਦਾਰੀ' ਦੇ ਉਦੇਸ਼ ਨਾਲ ਕੀਤੀ ਗਈ ਸੀ। ਇਹ ਜਾਣਨਾ ਮਹੱਤਵਪੂਰਨ ਹੈ ਕਿ ਸੀ.ਬੀ.ਆਈ. ਭਾਰਤ ਦੀ ਪ੍ਰਮੁੱਖ ਜਾਂਚ ਏਜੰਸੀ ਹੈ ਕਿਉਂਕਿ ਸੀ.ਬੀ.ਆਈ. ਨੂੰ ਭਾਰਤ ਵਿੱਚ ਵੱਡੇ ਅਪਰਾਧਾਂ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਇਸ ਦਾ ਪ੍ਰਭਾਵ ਦੇਸ਼ ਦੇ ਅੰਦਰ ਸਿਆਸੀ ਅਤੇ ਆਰਥਿਕ ਹਲਕਿਆਂ ਵਿੱਚ ਵਿਆਪਕ ਤੌਰ 'ਤੇ ਮਹਿਸੂਸ ਕੀਤਾ ਜਾਂਦਾ ਹੈ। ਸੀ.ਬੀ.ਆਈ. ਵੱਲੋਂ ਕੀਤੀ ਗਈ ਜਾਂਚ ਦੀ ਗੱਲ ਕਰੀਏ ਤਾਂ ਤਿੰਨ ਅਹਿਮ ਵਿਭਾਗ ਹਨ। ਇਸ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਡਿਵੀਜ਼ਨ, ਆਰਥਿਕ ਅਪਰਾਧ ਡਿਵੀਜ਼ਨ ਅਤੇ ਵਿਸ਼ੇਸ਼ ਅਪਰਾਧ ਡਿਵੀਜ਼ਨ ਸ਼ਾਮਲ ਹਨ। ਹੋਰ ਬਹੁਤ ਸਾਰੇ ਮਾਮਲਿਆਂ ਤੋਂ ਇਲਾਵਾ ਧੋਖਾਧੜੀ, ਗਬਨ, ਕੰਪਨੀਆਂ ਨਾਲ ਸਬੰਧਿਤ ਵੱਡੀਆਂ ਰਕਮਾਂ ਵਾਲੇ ਅਤੇ ਇਸ ਤਰ੍ਹਾਂ ਦੇ ਵੱਡੇ ਕੇਸ ਆਮ ਤੌਰ 'ਤੇ ਸੀ.ਬੀ.ਆਈ. ਦੁਆਰਾ ਨਿਪਟਾਏ ਜਾਂਦੇ ਹਨ।




**ਐਨ.ਆਈ.ਏ.**
**(ਰਾਸ਼ਟਰੀ ਜਾਂਚ ਏਜੰਸੀ)**

2008 'ਚ ਮੁੰਬਈ ਅੱਤਵਾਦੀ ਹਮਲੇ ਤੋਂ ਬਾਅਦ ਐਨ.ਆਈ.ਏ. ਦੀ ਸਥਾਪਨਾ ਕੀਤੀ ਗਈ ਸੀ। ਅੱਤਵਾਦ ਨਾਲ ਲੜਨ ਲਈ ਕੇਂਦਰੀ ਏਜੰਸੀ ਦੀ ਲੋੜ ਉਦੋਂ ਮਹਿਸੂਸ ਕੀਤੀ ਗਈ ਸੀ। ਐਨ.ਆਈ.ਏ. ਦਾ ਗਠਨ ਲੋੜ ਪੈਣ ਤੋਂ ਕੀਤਾ ਗਿਆ ਸੀ, ਕਿਉਂਕਿ ਕੁੱਝ ਸਮਾਂ ਪਹਿਲਾਂ ਹੀ ਐਨ.ਆਈ.ਏ. ਦਾ ਗਠਨ ਕੀਤਾ ਗਿਆ ਹੈ, ਇਸ ਲਈ ਇਸ ਦੇ ਕੰਮਕਾਜ ਨਿਰਧਾਰਤ ਕੀਤੇ ਜਾ ਰਹੇ ਹਨ। ਹੁਣ ਤੱਕ ਐਨ.ਆਈ.ਏ. ਨੂੰ ਅੱਤਵਾਦੀ ਅਪਰਾਧਾਂ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਜਦੋਂ ਉਨ੍ਹਾਂ ਦੇ ਸਾਹਮਣੇ ਨਵਾਂ ਮਾਮਲਾ ਪੇਸ਼ ਹੋਵੇਗਾ ਤਾਂ ਐਨ.ਆਈ.ਏ. ਜਾਂਚ ਦੀ ਜ਼ਿੰਮੇਵਾਰੀ ਸੰਭਾਲੇਗੀ। ਇਸ ਦੀ ਇੱਕ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਹਿਰਾਸਤ ਵਿੱਚ ਹੋਣ ਦੇ ਦੌਰਾਨ, ਕਿਸੇ ਵੀ ਦੋਸ਼ੀ ਨੂੰ ਜ਼ਮਾਨਤ ਜਾਂ ਉਸ ਦੇ ਆਪਣੇ ਮੁਚੱਲਕੇ 'ਤੇ ਰਿਹਾਅ ਨਹੀਂ ਕੀਤਾ ਜਾ ਸਕਦਾ ਹੈ। ਇਸ ਮਾਮਲੇ ਲਈ ਐਨ.ਆਈ.ਏ. ਅਤੇ ਕਿਸੇ ਹੋਰ ਖੁਫ਼ੀਆ ਏਜੰਸੀ ਵਿੱਚ ਇਹ ਮੁੱਖ ਅੰਤਰ ਹੈ।

# ਹਵਾ ਪ੍ਰਦੂਸ਼ਣ ਕਾਰਨ ਗ਼ਰੀਬ ਦੇਸ਼ਾਂ 'ਚ ਹੁੰਦੀ ਹੈ 91 ਫ਼ੀਸਦੀ ਬੱਚਿਆਂ ਦੀ ਮੌਤ

## ਅਮੀਰ ਦੇਸ਼ ਪ੍ਰਦੂਸ਼ਣ ਦਾ ਵੱਡਾ ਕਾਰਨ, ਪਰ ਭੁਗਤ ਰਹੇ ਨੇ ਗ਼ਰੀਬ ਦੇਸ਼

ਦੁਨੀਆਂ ਭਰ ਵਿੱਚ ਸਮੇਂ ਤੋਂ ਪਹਿਲਾਂ ਜਨਮੇ ਜਿਨ੍ਹਾਂ ਬੱਚਿਆਂ ਵਿੱਚ ਮੌਤ ਦਾ ਸਬੰਧ ਹਵਾ ਪ੍ਰਦੂਸ਼ਣ ਨਾਲ ਹੈ, ਉਨ੍ਹਾਂ ਵਿਚੋਂ 91 ਫ਼ੀਸਦੀ ਬੱਚਿਆਂ ਦੀ ਮੌਤ ਘੱਟ ਅਤੇ ਦਰਮਿਆਨੀ ਕਮਾਈ ਵਾਲੇ ਦੇਸ਼ਾਂ ਵਿੱਚ ਹੁੰਦੀ ਹੈ। ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਦੀ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਕਿ ਜਲਵਾਯੂ ਤਬਦੀਲੀ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਅਮੀਰ ਦੇਸ਼ ਹਨ ਪਰ ਇਸ ਦਾ ਖਾਮਿਆਜਾ ਸਭ ਤੋਂ ਘੱਟ ਜ਼ਿੰਮੇਵਾਰ ਦੇਸ਼ਾਂ ਨੂੰ ਭੁਗਤਣਾ ਪੈ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ (ਡਬਲਿਊ. ਐਚ. ਓ.), ਸੰਯੁਕਤ ਰਾਸ਼ਟਰ ਬਾਲ ਫੰਡ ( ਯੂਨਿਸੇਫ) ਅਤੇ ਮਾਵਾਂ, ਨਵ ਜਨਮੇ ਅਤੇ ਬਾਲ ਸਿਹਤ ਭਾਈਵਾਲੀ ਨੇ ਹਾਲ 'ਚ 'ਬਾਰਨ ਟੂ ਸੂਨ : ਡਿਕੇਡ ਆਫ ਐਕਸ਼ਨ ਆਨ ਪ੍ਰੀਟਰਮ ਬਰਥ' ਸਿਰਲੇਖ ਨਾਲ ਇਕ ਰਿਪੋਰਟ ਜਾਰੀ ਕੀਤੀ ਹੈ। ਇਸ ਵਿਚ ਗਰਭ ਅਵਸਥਾ 'ਤੇ ਜਲਵਾਯੂ ਤਬਦੀਲੀ ਦੇ ਕਈ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਕਾਰਨ ਮਰੇ ਹੋਏ ਬੱਚਿਆਂ ਦੇ ਜਨਮ, ਸਮੇਂ ਤੋਂ ਪਹਿਲਾਂ ਜਨਮ ਅਤੇ ਗਰਭ ਅਵਸਥਾ ਦੇ ਘੱਟ ਸਮੇਂ ਨੂੰ ਉਭਾਰਿਆ ਗਿਆ ਹੈ। ਮਾਹਿਰਾਂ ਅਨੁਸਾਰ, ਜਲਵਾਯੂ ਤਬਦੀਲੀ ਗਰਮੀ, ਤੂਫਾਨ, ਹੜ੍ਹ, ਸੋਕੇ, ਜੰਗਲਾਂ ਵਿੱਚ ਲੱਗਣ ਵਾਲੀ ਅੱਗ ਅਤੇ ਹਵਾ ਪ੍ਰਦੂਸ਼ਣ ਤੋਂ ਇਲਾਵਾ ਭੋਜਨ ਦੀ ਅਸੁਰੱਖਿਆ, ਦੂਸ਼ਿਤ ਪਾਣੀ ਅਤੇ ਭੋਜਨ ਨਾਲ ਹੋਣ ਵਾਲੀਆਂ ਬੀਮਾਰੀਆਂ, ਮੱਛਰਾਂ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ, ਪਲਾਇਨ ਅਤੇ ਸੰਘਰਸ਼ ਦੇ ਜ਼ਰੀਏ ਗਰਭ ਅਵਸਥਾ ਨੂੰ ਪ੍ਰਭਾਵਿਤ ਕਰਦੀ ਹੈ।



# ਮੁੜ ਨੋਟਬੰਦੀ : ਨੋਟਾਂ ਦਾ ਨਹੀਂ ਸਗੋਂ ਵੋਟਾਂ ਦਾ ਹੈ ਮਾਮਲਾ

## ਭਾਰਤ ਸਰਕਾਰ ਵੱਲੋਂ ਇੱਕ ਤੀਰ ਨਾਲ ਕਈ ਨਿਸ਼ਾਨੇ ਲਗਾਉਣ ਦੇ ਯਤਨ

ਮੋਦੀ ਸਰਕਾਰ ਨੇ ਮੁੜ ਨੋਟਬੰਦੀ ਕਰਕੇ ਭਾਵ ਦੋ ਹਜ਼ਾਰ ਦੇ ਗੁਲਾਬੀ ਨੋਟ ਬੰਦ ਕਰਕੇ ਇਕ ਤੀਰ ਨਾਲ ਕਈ ਨਿਸ਼ਾਨੇ ਲਗਾਉਣ ਦਾ ਯਤਨ ਕੀਤਾ ਹੈ। ਅਗਲੇ ਸਾਲ ਭਾਰਤ 'ਚ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ, ਉਸ ਤੋਂ ਪਹਿਲਾਂ ਇਸੇ ਸਾਲ ਰਾਜਸਥਾਨ, ਮੱਧ ਪ੍ਰਦੇਸ਼ ਸਮੇਤ ਚਾਰ ਰਾਜਾਂ 'ਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਇਹਨਾਂ ਚੋਣਾਂ 'ਚ ਸਿਆਸੀ ਲਾਭ ਲੈਣ ਅਤੇ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਹੀ ਮੋਦੀ ਸਰਕਾਰ ਵੱਲੋਂ ਨੋਟਬੰਦੀ ਦਾ ਪੱਤਾ ਮੁੜ ਖੇਡਿਆ ਗਿਆ ਹੈ।



ਸਹੀ ਅਰਥਾਂ ਵਿੱਚ ਇਹ ਫੈਸਲਾ ਲੋਕ-ਪ੍ਰਿਯਤਾ ਹਾਸਲ ਕਰਨ ਲਈ ਲਿਆ ਗਿਆ ਹੈ। ਹੋਰ ਕੁਝ ਨਹੀਂ, ਦਰਅਸਲ, 2000 ਰੁਪਏ ਦੇ ਨੋਟ ਇਸ ਸਮੇਂ ਕਰੋੜਪਤੀਆਂ ਅਤੇ ਅਰਬਪਤੀਆਂ ਕੋਲ ਹਨ ਅਤੇ ਆਮ ਭਾਰਤੀਆਂ ਦੀ ਆਦਤ ਹੈ, ਜਦੋਂ ਪੈਸੇ ਵਾਲੇ ਲੋਕ ਪਰੇਸ਼ਾਨ ਹੁੰਦੇ ਹਨ, ਤਾਂ ਆਮ ਭਾਰਤੀਆਂ ਨੂੰ ਆਤਮਿਕ ਖੁਸ਼ੀ ਮਿਲਦੀ ਹੈ। ਜਦੋਂ ਆਮ ਆਦਮੀ ਨੂੰ ਆਤਮਿਕ ਸੁੱਖ ਮਿਲਦਾ ਹੈ ਤਾਂ ਇਸ ਖੁਸ਼ੀ ਵਿਚੋਂ ਵੋਟਾਂ ਨਿਕਲਦੀਆਂ ਹਨ, ਇਹੀ ਸਰਕਾਰ ਚਾਹੁੰਦੀ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਇਸ ਤਰਾਂ ਮੁੜ ਨੋਟਬੰਦੀ ਕਰਕੇ ਮੋਦੀ ਸਰਕਾਰ ਨੇ ਅਗਲੀਆਂ ਚੋਣਾਂ ਲਈ ਆਮ ਲੋਕਾਂ ਦੀਆਂ ਵੋਟਾਂ ਪੱਕੀਆਂ ਕਰਨ ਦਾ ਯਤਨ ਕੀਤਾ ਹੈ।

ਮੁੜ ਨੋਟਬੰਦੀ ਦਾ ਫੈਸਲਾ ਸਹੀ ਹੈ ਜਾਂ ਗਲਤ?

ਹੁਣ 2000 ਦੇ ਨੋਟ ਨੂੰ ਬੰਦ ਕਰਨ ਦਾ ਫੈਸਲਾ ਸਹੀ ਹੈ ਜਾਂ ਗਲਤ? ਉਚਿਤ ਜਾਂ ਅਨਉਚਿਤ? ਕੀ ਇਸ ਫੈਸਲੇ ਨੂੰ ਕੀ ਤੁਲਨਾਤਮਕ ਤੌਰ 'ਤੇ ਸਹੀ ਮੰਨਿਆ ਜਾਵੇ ਕਿਉਂਕਿ ਇਸ ਦਾ ਆਮ ਆਦਮੀ 'ਤੇ ਕੋਈ ਬੁਰਾ ਪ੍ਰਭਾਵ ਨਹੀਂ ਪਵੇਗਾ?

ਨੋਟਬੰਦੀ ਦਾ ਇਹ ਫੈਸਲਾ ਗਲਤ ਕਿਹਾ ਜਾ ਸਕਦਾ ਹੈ ਕਿ ਜਦੋਂ ਕਾਲੇ ਧਨ ਦਾ ਖਾਤਮਾ ਕਰਨਾ ਸੀ ਤਾਂ ਫਿਰ 2016 ਵਿੱਚ ਪੰਜ ਸੌ ਅਤੇ ਹਜ਼ਾਰ ਦੇ ਨੋਟ ਬੰਦ ਕਰਕੇ ਦੋ ਹਜ਼ਾਰ ਦੇ ਨੋਟ ਕਿਉਂ ਚਲਾਏ? ਕਿਉਂਕਿ ਨੋਟ ਜਿੰਨੇ ਛੋਟੇ ਹੋਣਗੇ, ਯਾਨੀ ਜਿੰਨੀ ਘੱਟ ਕਰੰਸੀ ਹੋਵੇਗੀ, ਓਨੇ ਹੀ ਕਾਲੇ ਧਨ 'ਤੇ ਲਗਾਮ ਲੱਗੇਗੀ। ਅਜਿਹੇ 'ਚ ਜਦੋਂ ਦੋ ਹਜ਼ਾਰ ਦਾ ਨੋਟ ਜਾਰੀ ਕਰਨਾ ਗਲਤ ਫੈਸਲਾ ਸੀ ਤਾਂ ਫਿਰ ਇਸ ਨੂੰ ਪ੍ਰਚਲਣ ਤੋਂ ਬਾਹਰ ਕਰਨਾ ਕਿਵੇਂ ਜਾਇਜ਼ ਹੋ ਸਕਦਾ ਹੈ? ਇਹ ਗਲਤੀ ਨੂੰ ਸੁਧਾਰਨ ਦੀ ਇੱਕ ਕਿਸਮ ਹੈ!

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਆਮ ਆਦਮੀ ਨੂੰ ਪ੍ਰਭਾਵਿਤ ਕਰਨ ਵਾਲੇ 500 ਅਤੇ 1000 ਦੇ ਨੋਟ ਬੰਦ ਕੀਤੇ ਗਏ ਤਾਂ ਐਲਾਨ ਤੋਂ ਬਾਅਦ ਹੀ ਅੱਧੀ ਰਾਤ ਤੋਂ ਹੀ ਸਭ ਕੁਝ ਬੰਦ ਹੋ ਗਿਆ। ਐਕਸਚੇਂਜ ਦੀ ਸੀਮਾ ਵੀ ਇੱਕ ਵਾਰ ਵਿੱਚ 2500 ਰੁਪਏ ਸਿਰਫ਼ ਸੀ ਹੁਣ ਵੱਡੇ ਲੋਕਾਂ ਦੀ ਮਲਕੀਅਤ ਵਾਲੇ ਗੁਲਾਬੀ ਨੋਟ, ਜਿਨ੍ਹਾਂ ਵਿੱਚ ਕਈ ਸਿਆਸੀ ਪਾਰਟੀਆਂ ਵੀ ਸ਼ਾਮਲ ਹੋ ਸਕਦੀਆਂ ਹਨ, 'ਤੇ ਪਾਬੰਦੀ ਲਗਾ ਦਿੱਤੀ ਗਈ, ਫਿਰ ਸਾਢੇ ਚਾਰ ਮਹੀਨੇ (ਅੱਜ ਤੋਂ 30 ਸਤੰਬਰ ਤੱਕ) ਦਾ ਸਮਾਂ ਦਿੱਤਾ ਗਿਆ। **(ਬਾਕੀ ਸਫ਼ਾ 30 'ਤੇ)**

### ਭਾਰਤ 'ਚ 2000 ਰੁਪਏ ਦਾ ਨੋਟ ਬੰਦ

ਮੁੰਬਈ/ਏ.ਟੀ.ਨਿਊਜ਼: ਭਾਰਤੀ ਰਿਜ਼ਰਵ ਬੈਂਕ ਨੇ ਨੋਟਬੰਦੀ ਤੋਂ ਬਾਅਦ ਨਵੰਬਰ 2016 ਵਿੱਚ ਪ੍ਰਚਲਣ ਵਿੱਚ ਆਏ 2,000 ਰੁਪਏ ਦੇ ਨੋਟ ਨੂੰ ਬੰਦ ਕਰਨ ਦਾ ਐਲਾਨ ਕੀਤਾ, ਪਰ ਕਰੰਸੀ ਨੂੰ 30 ਸਤੰਬਰ ਤੱਕ ਬਦਲਿਆ ਜਾਂ ਜਮ੍ਹਾ ਕੀਤਾ ਜਾ ਸਕਦਾ ਹੈ।

ਰਿਜ਼ਰਵ ਬੈਂਕ ਨੇ ਇਸ ਸਬੰਧ 'ਚ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਨਵੰਬਰ 2016 'ਚ ਮੌਜੂਦਾ 500 ਅਤੇ 1000 ਰੁਪਏ ਦੇ ਬੈਂਕ ਨੋਟਾਂ ਨੂੰ ਬੰਦ ਕੀਤੇ ਜਾਣ ਤੋਂ ਬਾਅਦ ਅਰਥਵਿਵਸਥਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ 2,000 ਰੁਪਏ ਦੇ ਨੋਟ ਜਾਰੀ ਕੀਤੇ ਗਏ ਸਨ। ਸਾਲ 2018-19 'ਚ ਹੀ 2000 ਰੁਪਏ ਦੇ ਨੋਟਾਂ ਦੀ ਛਪਾਈ ਬੰਦ ਕਰ ਦਿੱਤੀ ਗਈ ਸੀ ਅਤੇ ਮਾਰਚ 2017 ਤੋਂ 89 ਫੀਸਦੀ ਨੋਟ ਸਰਕੁਲੇਸ਼ਨ 'ਚ ਆ ਗਏ ਸਨ। ਇਨ੍ਹਾਂ ਨੋਟਾਂ ਦੀ ਉਮਰ ਚਾਰ ਤੋਂ ਪੰਜ ਸਾਲ ਦੱਸੀ ਜਾ ਰਹੀ ਹੈ।

ਬਿਆਨ 'ਚ ਕਿਹਾ ਗਿਆ ਹੈ ਕਿ ਮਾਰਚ 2018 'ਚ 6.73 ਲੱਖ ਕਰੋੜ ਰੁਪਏ ਦੇ 2,000 ਦੇ ਨੋਟ ਪ੍ਰਚਲਣ 'ਚ ਸਨ, ਜੋ ਕਿ ਕੁੱਲ ਨੋਟਾਂ ਦਾ 37.3 ਫੀਸਦੀ ਸੀ। ਮਾਰਚ 2023 ਵਿੱਚ ਇਹ ਗਿਣਤੀ ਘਟ ਕੇ 3.62 ਲੱਖ ਕਰੋੜ ਰੁਪਏ ਰਹਿ ਗਈ ਅਤੇ ਕੁੱਲ ਕਰੰਸੀ ਨੋਟਾਂ ਵਿੱਚ ਇਸ ਦੀ ਹਿੱਸੇਦਾਰੀ ਵੀ ਘਟ ਕੇ 10.8 ਫੀਸਦੀ ਰਹਿ ਗਈ। ਮੌਜੂਦਾ ਸਮੇਂ 'ਚ ਜਿਹੜੇ ਬੈਂਕ ਨੋਟ ਚੱਲ ਰਹੇ ਹਨ, ਉਹ ਅਰਥਵਿਵਸਥਾ ਦੀ ਮੰਗ ਨੂੰ ਪੂਰਾ ਕਰਨ ਦੇ ਸਮਰੱਥ ਹਨ, ਇਸ ਲਈ ਕੇਂਦਰੀ ਬੈਂਕ ਦੀ ਕਲੀਨ ਨੋਟ ਪਾਲਿਸੀ ਦੇ ਤਹਿਤ 2000 ਰੁਪਏ ਦੇ ਨੋਟ ਨੂੰ ਸਰਕੂਲੇਸ਼ਨ ਤੋਂ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਹੈ।

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



# ਭਾਰਤ ਦੀ ਮੁੱਦਾ ਹੀਣ ਸਿਆਸਤ ’ਚ ਸਿਆਸੀ ਦਲਾਂ ਦਾ ‘ਦਲਿਤ ਪੱਤਾ’

## ਦਲਿਤ ਵੋਟਾਂ ਲੈਣ ਲਈ ਮੋਦੀ ਸਰਕਾਰ ਨੇ ਰਾਜਸਥਾਨ ਦੇ ਦਲਿਤ ਸਾਂਸਦ ਮੇਘਵਾਲ ਨੂੰ ਬਣਾਇਆ ਕਾਨੂੰਨ ਮੰਤਰੀ

*“ਭਾਰਤ ਦੀ ਸਿਆਸਤ ਇਸ ਸਮੇਂ ਇੱਕ ਤਰਾਂ ਮੁੱਦਾ ਹੀਣ ਹੁੰਦੀ ਜਾ ਰਹੀ ਹੈ। ਇਸੇ ਕਾਰਨ ਆਮ ਭਾਰਤੀਆਂ ’ਚ ਸਿਆਸਤ ਪ੍ਰਤੀ ਦਿਲਚਸਪੀ ਘਟਦੀ ਜਾ ਰਹੀ ਹੈ। ਜਿਸ ਕਰਕੇ ਸਿਆਸੀ ਪਾਰਟੀਆਂ ਵੱਖ- ਵੱਖ ਭਾਈਚਾਰਿਆਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਸਿਆਸੀ ਪੱਤੇ ਸੁੱਟਦੀਆਂ ਰਹਿੰਦੀਆਂ ਹਨ। ਭਾਰਤ ’ਚ ਦਲਿਤ ਵੱਡੀ ਗਿਣਤੀ ’ਚ ਰਹਿੰਦੇ ਹਨ, ਇਸੇ ਕਰਕੇ ਦਲਿਤ ਵੋਟਾਂ ਲੈਣ ਲਈ ਅਕਸਰ ਵੱਖ- ਵੱਖ ਸਿਆਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਦੌਰਾਨ ‘ਦਲਿਤ ਪੱਤਾ’ ਵਰਤਦੀਆਂ ਪਾਰਟੀ ਦੇ ਦਲਿਤ ਆਗੂਆਂ ਨੂੰ ਅਹਿਮ ਭੂਮਿਕਾਵਾਂ ਦੇ ਦਿੰਦੀਆਂ ਹਨ। ਮੁੱਦਾ ਹੀਣ ਹੋ ਰਹੀ ਭਾਰਤ ਦੀ ਸਿਆਸਤ ਵਿੱਚ ਸਿਆਸੀ ਪਾਰਟੀਆਂ ਵੱਲੋਂ ਦਲਿਤ ਪੱਤਾ ਸਿਰਫ਼ ਦਲਿਤਾਂ ਦੀਆਂ ਵੋਟਾਂ ਲੈਣ ਲਈ ਵਰਤਿਆ ਜਾਂਦਾ ਹੈ, ਇਸ ਨਾਲ ਦਲਿਤਾਂ ਦੀ ਭਲਾਈ ਅਕਸਰ ਨਾਂਹ ਦੇ ਬਰਾਬਰ ਹੁੰਦੀ ਹੈ।”*



ਇਸੇ ਸਾਲ ਰਾਜਸਥਾਨ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ, ਜਿਸ ਲਈ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਰਾਜਸਥਾਨ ਵਿਧਾਨ ਸਭਾ ਚੋਣਾਂ ਜਿੱਤਣ ਲਈ ਜੰਗੀ ਪੱਧਰ ’ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਕੇਂਦਰ ਦੀ ਮੋਦੀ ਸਰਕਾਰ ਨੇ ਰਾਜਸਥਾਨ ’ਚ ਦਲਿਤਾਂ ਦੀਆਂ ਵੋਟਾਂ ਲੈਣ ਲਈ ਦਲਿਤ ਪੱਤਾ ਖੇਡਿਆ ਹੈ। ਮੋਦੀ ਸਰਕਾਰ ਵੱਲੋਂ ਕੇਂਦਰੀ ਕੈਬਨਿਟ ਵਿੱਚ ਫੇਰਬਦਲ ਕਰਦਿਆਂ ਰਾਜਸਥਾਨ ਦੇ ਬੀਕਾਨੇਰ ਸੰਸਦੀ ਹਲਕੇ ਤੋਂ ਭਾਜਪਾ ਸਾਂਸਦ ਅਤੇ ਦਲਿਤ ਆਗੂ ਅਰਜਨ ਰਾਮ ਮੇਘਵਾਲ ਨੂੰ ਕੇਂਦਰੀ ਕਾਨੂੰਨ ਮੰਤਰੀ ਬਣਾਇਆ ਗਿਆ ਹੈ। ਸਾਂਸਦ ਤੇ ਹੁਣ ਕੇਂਦਰੀ ਕਾਨੂੰਨ ਮੰਤਰੀ ਮੇਘਵਾਲ ਨੇ 2009 ਵਿੱਚ ਪਹਿਲੀ ਵਾਰ ਭਾਜਪਾ ਦੀ ਟਿਕਟ ’ਤੇ ਬੀਕਾਨੇਰ ਸੰਸਦੀ ਹਲਕੇ ਤੋਂ ਚੋਣ ਲੜੀ ਸੀ ਤੇ ਜਿੱਤ ਗਿਆ ਸੀ। ਉਸ ਤੋਂ ਬਾਅਦ ਮੇਘਵਾਲ ਨੇ 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਬੀਕਾਨੇਰ ਸੰਸਦੀ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ। ਸਾਲ 2016 ਵਿੱਚ ਉਸ ਨੂੰ ਮੋਦੀ ਸਰਕਾਰ ਵਿੱਚ ਵਿੱਤ ਰਾਜ ਮੰਤਰੀ ਬਣਾਇਆ ਗਿਆ, ਉਸ ਤੋਂ ਬਾਅਦ ਉਸ ਨੂੰ ਜਲ ਸਰੋਤ ਰਾਜ ਮੰਤਰੀ ਵੀ ਬਣਾਇਆ ਗਿਆ। ਭਾਜਪਾ ਆਗੂਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਮੇਘਵਾਲ ਨੂੰ ਕੇਂਦਰੀ ਕਾਨੂੰਨ ਮੰਤਰੀ ਇਸ ਕਰਕੇ ਬਣਾਇਆ ਗਿਆ ਹੈ, ਕਿਉਂਕਿ ਇਸ ਨੇ ਐਮ. ਏ. ਅਤੇ ਐਲ. ਐਲ. ਬੀ. ਕੀਤੀ ਹੋਈ ਹੈ।

ਸਿਰ ’ਤੇ ਪੱਗ ਬੰਨ੍ਹ ਕੇ ਸਾਈਕਲ ’ਤੇ ਸੰਸਦ ਪਹੁੰਚਣ ਵਾਲਾ ਮੇਘਵਾਲ ਰਾਜਸਥਾਨ ’ਚ ਭਾਜਪਾ ਦਾ ਦਲਿਤ ਚਿਹਰਾ ਹੈ। 2013 ਵਿੱਚ ਉਸ ਨੂੰ ਸਰਵ ਸ੍ਰੇਸ਼ਠ ਸਾਂਸਦ ਦਾ ਸਨਮਾਨ ਮਿਲ ਚੁੱਕਿਆ ਹੈ। ਇਸ ਸਾਲ ਦੇ ਅੰਤ ਵਿੱਚ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਵੱਲੋਂ ਮੇਘਵਾਲ ਨੂੰ ਕੇਂਦਰੀ ਕਾਨੂੰਨ ਮੰਤਰੀ ਦਾ ਅਹੁਦਾ ਦੇ ਕੇ ਦਲਿਤ ਵੋਟਾਂ ਪੱਕੀਆਂ ਕਰਨ ਦਾ ਯਤਨ ਕੀਤਾ ਗਿਆ ਹੈ। ਰਾਜਸਥਾਨ ਵਿੱਚ ਕੁਲ 200 ਵਿਧਾਨ ਸਭਾ ਸੀਟਾਂ ਹਨ। ਜਿਨ੍ਹਾਂ ਵਿਚੋਂ 34 ਸੀਟਾਂ ਅਨੁਸੂਚਿਤ ਜਾਤੀ, 25 ਸੀਟਾਂ ਅਨੁਸੂਚਿਤ ਜਨ ਜਾਤੀ ਲਈ ਰਾਖਵੀਂਆਂ ਹਨ। ਪਿਛਲੀਆਂ ਚੋਣਾਂ ਦੇ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਰਾਜਸਥਾਨ ਵਿੱਚ ਦਲਿਤ ਵੋਟ ਭਾਜਪਾ ਵੱਲ ਹੀ ਝੁਕਦੀ ਰਹੀ ਹੈ। ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਦੀ ਗਲ ਕਰੀਏ ਤਾਂ ਅੰਕੜੇ ਇਹੀ ਕਹਿੰਦੇ ਹਨ ਕਿ ਜਿਸ ਸਿਆਸੀ ਪਾਰਟੀ ਨੇ ਐਸ. ਸੀ/ ਐਸ. ਟੀ. ਲਈ ਰਾਖਵੀਂਆਂ ਵਿਧਾਨ ਸਭਾ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ, ਰਾਜਸਥਾਨ ਵਿੱਚ ਉਸੇ ਸਿਆਸੀ ਪਾਰਟੀ ਦੀ ਸਰਕਾਰ ਬਣਦੀ ਰਹੀ ਹੈ।



ਜੇ ਭਾਰਤ ’ਚ ਦਲਿਤ ਰਾਜਨੀਤੀ ਦੀ ਗਲ ਕੀਤੀ ਜਾਵੇ ਤਾਂ 90 ਦਾ ਦਹਾਕਾ ਭਾਰਤ ਵਿੱਚ ਦਲਿਤ ਰਾਜਨੀਤੀ ਦੇ ਉਭਾਰ ਦਾ ਦਹਾਕਾ ਸੀ। ਫਿਰ ਉੱਤਰ ਪ੍ਰਦੇਸ਼, ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਬਹੁਜਨ ਰਾਜਨੀਤੀ ਨੇ ਕਾਂਸ਼ੀ ਰਾਮ ਅਤੇ ਮਾਇਆਵਤੀ ਦੀ ਅਗਵਾਈ ਵਿੱਚ ਆਪਣੀ ਥਾਂ ਬਣਾ ਲਈ ਪਰ ਪਿਛਲੇ ਇੱਕ ਦਹਾਕੇ ਵਿੱਚ ਉੱਤਰ ਪ੍ਰਦੇਸ਼ ਵਿੱਚ ਬਹੁਜਨ ਰਾਜਨੀਤੀ ਕਮਜ਼ੋਰ ਹੋਈ ਹੈ ਅਤੇ ਇਹ ਕਈ ਤਰ੍ਹਾਂ ਨਾਲ ਸੰਕਟ ਵਿੱਚ ਘਿਰੀ ਨਜ਼ਰ ਆਉਣ ਲੱਗੀ ਹੈ। ਮੌਕਾਪ੍ਰਸਤੀ, ਲਾਲਚ, ਹਿੱਤਾਂ ਦੇ ਟਕਰਾਅ ਨੇ ਇਸ ਦੀ ਦੂਜੀ ਲਾਈਨ ਦੀ ਲੀਡਰਸ਼ਿਪ ਨੂੰ ਕਮਜ਼ੋਰ ਕਰ ਦਿੱਤਾ।



ਕਾਂਸ਼ੀ ਰਾਮ ਨੇ ਦਲਿਤ ਲੀਡਰਸ਼ਿਪ ਦੇ ਇਸ ਰੁਝਾਨ ਨੂੰ ‘ਚਮਚਾ ਯੁੱਗ’ ਸਮਝਿਆ ਅਤੇ ਦਲਿਤਾਂ ਦੀ ਇੱਕ ਖ਼ੁਦਮੁਖ਼ਤਿਆਰੀ ਰਾਜਨੀਤੀ ਨੂੰ ਵਿਕਸਤ ਕਰਨ ਦੀ ਸਹੁੰ ਖਾਧੀ, ਜਿਸ ਵਿੱਚ ਉਸਨੇ ਦਲਿਤਾਂ ਨੂੰ ‘ਸਿਆਸੀ ਸ਼ਕਤੀ ਦੇਣ’ ਵਜੋਂ ਨਹੀਂ, ‘ ਸਿਆਸੀ ਸ਼ਕਤੀ ਲੈਣ ਵਾਲੇ’ ਸਮੂਹ ਵਜੋਂ ਕਲਪਨਾ ਕੀਤੀ। ਉਨ੍ਹਾਂ ਦਾ ਇਹ ਸੁਪਨਾ ਬਹੁਜਨ ਰਾਜਨੀਤੀ ਵਿੱਚ ਪੂਰਾ ਹੋ ਰਿਹਾ ਸੀ। ਗੈਰ-ਦਲਿਤ ਵਰਗਾਂ ਨੂੰ ਦਲਿਤ ਲੀਡਰਸ਼ਿਪ ਦੇ ਬੈਨਰ ਹੇਠ ਸੱਤਾ ਵਿੱਚ ਹਿੱਸਾ ਲੈਣਾ ਪਿਆ ਪਰ ਬਹੁਜਨ ਰਾਜਨੀਤੀ ਵੀ ਉਨ੍ਹਾਂ ਲੋਕਾਂ ਦੇ ਵਿਗਾੜਾਂ ਦਾ ਸ਼ਿਕਾਰ ਹੋ ਗਈ ਜਿਨ੍ਹਾਂ ਦੇ ਖ਼ਿਲਾਫ਼ ਇਹ ਬਦਲਵੀਂ ਰਾਜਨੀਤੀ ਦੇਣ ਦੇ ਏਜੰਡੇ ’ਤੇ ਕੰਮ ਕਰ ਰਹੀ ਸੀ। ਹਾਸ਼ੀਏ ਤੋਂ ਮੁੱਖ ਧਾਰਾ ਵਿੱਚ ਆਉਣ ਦੀ ਲੜਾਈ ਲੜਦਿਆਂ ਦਲਿਤ ਰਾਜਨੀਤੀ ਖੁਦ ਮੁੱਖ ਧਾਰਾ ਦੀਆਂ ਸੀਮਾਵਾਂ ਵਿੱਚ ਫਸ ਗਈ।

ਦਲਿਤ ਰਾਜਨੀਤੀ ਦੇ ਸੰਕਟ ਦਾ ਇੱਕ ਹੋਰ ਕਾਰਨ ਸਿਆਸੀ ਅਤੇ ਸੱਤਾ ਦੀਆਂ ਸਹੂਲਤਾਂ ਲਈ ਦਲਿਤ ਵਰਗਾਂ ਵਿੱਚ ਮੁਕਾਬਲੇਬਾਜ਼ੀ ਕਾਰਨ ਪੈਦਾ ਹੋਇਆ ਟਕਰਾਅ ਹੈ। ਪੰਜਾਬ ਵਿੱਚ ਇੱਕ ਵੱਡੀ ਦਲਿਤ ਆਬਾਦੀ ਹੈ, ਜਿਸ ਦੀ ਗਿਣਤੀ ਲਗਭਗ 31 ਪ੍ਰਤੀਸ਼ਤ ਹੈ, ਪਰ ਦੋ ਪ੍ਰਮੁੱਖ ਦਲਿਤ ਸਮੂਹਾਂ- ਰਵੀਦਾਸੀਆਂ ਅਤੇ ਬਾਲਮੀਕੀਆਂ ਵਿਚਕਾਰ ਵੱਡੀ ਵੰਡ ਹੈ।ਪੰਜਾਬ ਦੇ ਦਲਿਤਾਂ ਦਾ ਇਕ ਧੜਾ ਕਾਂਗਰਸ ਨਾਲ, ਦੂਜਾ ਅਕਾਲੀ ਦਲ ਨਾਲ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿੱਚ ਜਾਟਵ-ਪਾਸੀ, ਬਿਹਾਰ ਵਿੱਚ ਪਾਸਵਾਨ-ਹਰੀਜਨ ਵੱਖ-ਵੱਖ ਸਿਆਸੀ ਪਾਰਟੀਆਂ ਤੈਅ ਕਰਦੇ ਹਨ। ਆਂਧਰਾ ਪ੍ਰਦੇਸ਼ ਵਿੱਚ ਮਾਲਾ-ਮਦੀਗਾ, ਮਹਾਰਾਸ਼ਟਰ ਵਿੱਚ ਮਹਾਰ-ਮਤੰਗ ਆਪੋ-ਆਪਣੇ ਸਿਆਸੀ ਹਿੱਤਾਂ ਲਈ ਇੱਕ ਦੂਜੇ ਨਾਲ ਟਕਰਾ ਜਾਂਦੇ ਹਨ। ਇਸ ਨਾਲ ਇੱਕ ਸੰਗਠਿਤ ਦਲਿਤ ਸਮਾਜਿਕ ਸਮੂਹ ਦਾ ਉਭਾਰ ਨਹੀਂ ਹੁੰਦਾ। ਉਂਝ ਵੀ ਦਲਿਤ ਸਮੂਹ ਕੋਈ ‘ਸਮਰੂਪ’ ਸਮੂਹ ਨਹੀਂ ਹੈ, ਇਸ ਵਿੱਚ ਕਈ ਪੱਧਰਾਂ ਅਤੇ ਨਸਲੀ, ਉਪ-ਜਾਤੀ ਪਾਤਰਾਂ ਦਾ ਟਕਰਾਅ ਭਰਿਆ ਹੋਇਆ ਹੈ। ਦਲਿਤ ਗਿਣਤੀ ਦੇ ਪੱਧਰ ’ਤੇ ਵੱਡੇ ਭਾਈਚਾਰਿਆਂ ਦੇ ਨਾਲ-ਨਾਲ ਕਈ ਛੋਟੇ ਭਾਈਚਾਰੇ ਵੀ ਹਨ, ਜਿਨ੍ਹਾਂ ਨੂੰ ਅਜੇ ਤੱਕ ਸਿਆਸੀ ਮਾਨਤਾ ਨਹੀਂ ਮਿਲੀ। ਦਲਿਤ ਰਾਜਨੀਤੀ ਦੀਆਂ ਚੁਨੌਤੀਆਂ ਵਿੱਚੋਂ ਇੱਕ ਇਹ ਵੀ ਹੈ ਕਿ ਅਜਿਹੇ ਛੋਟੇ ਭਾਈਚਾਰਿਆਂ ਵੱਲੋਂ ਰਾਜਨੀਤੀ ਅਤੇ ਵਿਕਾਸ ਵਿੱਚ ਹਿੱਸਾ ਨਾ ਲੈਣਾ।



ਤੀਜੀ ਸਮੱਸਿਆ ਭਾਸ਼ਾ ਦੀ ਹੈ। ਮਾਇਆਵਤੀ ਨੇ ਆਪਣਾ ‘ਮਨੂਵਾਦ ਵਿਰੋਧੀ’ ਰੁਤਬਾ ਬਹੁਤ ਪਹਿਲਾਂ ਗੁਆ ਲਿਆ ਹੈ, ਸਾਰੇ ਲੋਕਾਂ ਦੀ ਉਸ ਦੀ ਭਾਸ਼ਾ ਪ੍ਰਭਾਵਸ਼ਾਲੀ ਰਹੀ, ਪਰ ਉਸ ਨੂੰ ਇਸ ਨੂੰ ਨਵੀਂ ਦਿਸ਼ਾ ਦੇਣੀ ਪਵੇਗੀ। ਹਾਲ ਹੀ ਵਿੱਚ ਦਲਿਤ ਸਮੂਹਾਂ ਵਿੱਚ ਇੱਕ ਨਵਾਂ ਮੱਧ ਵਰਗ ਵੀ ਉਭਰਿਆ ਹੈ। ਉਸ ਨਾਲ ਗੱਲਬਾਤ ਕਰਨ ਲਈ ਮਾਇਆਵਤੀ ਨੂੰ ਵੀ ਜਾਤ-ਪਾਤ ਅਤੇ ਆਮ ਲੋਕਾਂ ਦੇ ਚਿੰਨ੍ਹਾਂ ਵਾਲੀ ਨਵੀਂ ਭਾਸ਼ਾ ਬਣਾਉਣੀ ਪਵੇਗੀ। ਇਸ ਦੌਰਾਨ, ਦਲਿਤਾਂ ਵਿੱਚ ਇੱਕ ਨੌਜਵਾਨ ਲੀਡਰਸ਼ਿਪ ਵੀ ਉੱਭਰ ਕੇ ਸਾਹਮਣੇ ਆਈ ਹੈ, ਜੋ ਕਿ ਟੈਕਨੋ-ਸੇਵੀ ਹੈ, ਸਿਵਲ ਸੁਸਾਇਟੀ ਅੰਦੋਲਨ ਦੀ ਭਾਸ਼ਾ ਵਿੱਚ ਹਮਲਾਵਰ ਪਹੁੰਚ ਨਾਲ।

ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਰਾਜਨੀਤੀ ’ਚ ਸਿਆਸੀ ਪਾਰਟੀਆਂ ਵੱਲੋਂ ਵੋਟਾਂ ਲੈਣ ਲਈ ਅਕਸਰ ‘ਦਲਿਤ ਪੱਤਾ’ ਵਰਤਿਆ ਜਾਂਦਾ ਹੈ, ਹੁਣ ਵੀ ਆਉਣ ਵਾਲੀਆਂ ਰਾਜਸਥਾਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਮੋਦੀ ਸਰਕਾਰ ਨੇ ਬੀਕਾਨੇਰ ਤੋਂ ਸਾਂਸਦ ਅਤੇ ਦਲਿਤ ਨੇਤਾ ਮੇਘਵਾਲ ਨੂੰ ਕੇਂਦਰੀ ਕਾਨੂੰਨ ਮੰਤਰੀ ਬਣਾ ਕੇ ਦਲਿਤ ਪੱਤਾ ਖੇਡਿਆ ਹੈ। ਹੁਣ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਭਾਜਪਾ ਰਾਜਸਥਾਨ ਚੋਣਾਂ ’ਚ ਦਲਿਤ ਪੱਤਾ ਖੇਡਣ ’ਚ ਕਿੰਨੀ ਕੁ ਕਾਮਯਾਬ ਹੋਵੇਗੀ ?

# ਪੰਜਾਬ 'ਚ ਕੀ ਹੋਵੇਗਾ ਅਕਾਲੀ ਸਿਆਸਤ ਦਾ ਭਵਿੱਖ ?

## ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਵੀ ਅਕਾਲੀ ਦਲ ਤੋਂ ਹੋਈਆਂ ਦੂਰ

## ਕੀ ਧੜਿਆਂ 'ਚ ਵੰਡੀ ਅਕਾਲੀ ਲੀਡਰਸ਼ਿਪ ਅਕਾਲੀ ਦਲ ਨੂੰ ਮੁੜ ਕਰ ਸਕੇਗੀ ਮਜ਼ਬੂਤ

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਦੀ ਸਿਆਸਤ 'ਚ ਵੱਡਾ ਮਹੱਤਵ ਹੈ ਅਤੇ ਅਕਸਰ ਪੰਜਾਬ ਦੀ ਸਿਆਸਤ 'ਚ ਅਕਾਲੀ ਦਲ ਦਾ ਬੋਲਬਾਲਾ ਰਿਹਾ ਹੈ ਅਤੇ ਪੰਜਾਬ ਵਿੱਚ ਕਈ ਸਾਲ ਤੱਕ ਅਕਾਲੀ ਦਲ ਸੱਤਾ ਦਾ ਸੁੱਖ ਭੋਗ ਚੁੱਕਿਆ ਹੈ, ਪਰ ਇਸ ਸਮੇਂ ਪੰਜਾਬ 'ਚ ਅਕਾਲੀ ਦਲ ਦੀ ਜੋ ਸਥਿਤੀ ਹੈ, ਉਸ ਕਾਰਨ ਕਈ ਤਰਾਂ ਦੇ ਸਵਾਲ ਉਠ ਰਹੇ ਹਨ। ਅਕਾਲੀ ਦਲ ਦਾ ਇਸ ਸਮੇਂ ਹਾਲ ਇਹ ਹੋ ਗਿਆ ਹੈ ਕਿ ਅਕਾਲੀ ਦਲ ਦਾ ਪੱਕਾ ਵੋਟ ਬੈਂਕ ਸਮਝਿਆਂ ਜਾਂਦੀਆਂ 'ਪੰਥਕ ਵੋਟਾਂ' ਵੀ ਅਕਾਲੀ ਦਲ ਤੋਂ ਦੂਰ ਹੋ ਚੁੱਕੀਆਂ ਹਨ, ਜਿਸਦਾ ਸਬੂਤ ਜਲੰਧਰ ਲੋਕ ਸਭਾ ਹਲਕੇ 'ਚ ਅਕਾਲੀ ਉਮੀਦਵਾਰ ਨੂੰ ਮਿਲੀ ਹਾਰ ਤੋਂ ਮਿਲ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਹਾਲਤ ਵੇਖ ਕੇ ਹਰ ਪੰਥ ਦਰਦੀ ਅਤੇ ਦਿਲੋਂ ਅਕਾਲੀ ਦਲ ਦੇ ਸਮਰਥਕਾਂ ਦੇ ਮਨਾਂ ਨੂੰ ਠੇਸ ਪਹੁੰਚਦੀ ਹੈ।



ਸਿੱਖ ਦੁਨੀਆਂ ਦੇ ਕਿਸੇ ਵੀ ਦੇਸ਼ 'ਚ ਰਹਿੰਦੇ ਹੋਣ ਪਰ ਉਹਨਾਂ ਦੇ 'ਪੇਕੇ ' ਪੰਜਾਬ 'ਚ ਹੀ ਮੰਨੇ ਜਾਂਦੇ ਹਨ। ਇਸੇ ਤਰਾਂ ਸਿੱਖ ਕਿਸੇ ਵੀ ਸਿਆਸੀ ਪਾਰਟੀ 'ਚ ਹੋਣ ਜਾਂ ਸਰਕਾਰੀ ਅਧਿਕਾਰੀ ਜਾਂ ਸਰਕਾਰੀ ਕਰਮਚਾਰੀ ਹੋ ਕੇ ਸਿਆਸਤ 'ਚ ਹਿੱਸਾ ਨਾ ਲੈਂਦੇ ਹੋਣ ਤਾਂ ਵੀ ਅਕਾਲੀ ਦਲ ਨੂੰ ਪੰਥਕ ਪਾਰਟੀ ਸਮਝਦਿਆਂ ਉਹ ਕਿਸੇ ਨਾ ਕਿਸੇ ਰੂਪ ਵਿੱਚ ਅੰਦਰੂਨੀ ਤੌਰ 'ਤੇ ਅਕਸਰ ਅਕਾਲੀ ਦਲ ਨੂੰ ਸਮਰਥਣ ਦਿੰਦੇ ਰਹੇ ਹਨ। ਅਜਿਹੇ ਗੁਪਤ ਸਮਰਥਕਾਂ ਨੂੰ ਵੀ ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਵੱਡੀ ਗਿਣਤੀ ਵੋਟਰ ਅਜਿਹੇ ਹਨ, ਜਿਹਨਾਂ ਨੇ ਸਿਰਫ਼ 'ਪੰਥ' ਦੇ ਨਾਂਅ 'ਤੇ 'ਤੱਕੜੀ' ਦੇ ਚੋਣ ਨਿਸ਼ਾਨ 'ਤੇ ਮੋਹਰ ਲਗਾ ਦੇਣੀ ਹੁੰਦੀ ਹੈ, 'ਤੱਕੜੀ' ਚੋਣ ਨਿਸ਼ਾਨ 'ਤੇ ਭਾਵੇਂ ਕੋਈ ਵੀ ਉਮੀਦਵਾਰ ਚੋਣ ਲੜ ਰਿਹਾ ਹੋਵੇ। ਅਜਿਹੀਆਂ ਪੱਕੀਆਂ 'ਪੰਥਕ ਵੋਟਾਂ' ਨੂੰ ਉਮੀਦਵਾਰ ਦੇ ਚਿਹਰੇ ਨਾਲ ਕੁਝ ਲੈਣਾ ਦੇਣਾ ਨਹੀਂ ਹੁੰਦਾ ਪਰ ਉਹ 'ਤੱਕੜੀ' ਚੋਣ ਨਿਸ਼ਾਨ 'ਤੇ ਮੋਹਰ ਲਗਾਉਣ ਨੂੰ 'ਪੰਥ ਦੀ ਸੇਵਾ' ਅਤੇ ਆਪਣਾ 'ਪੰਥਕ ਫਰਜ਼' ਸਮਝਦੇ ਹਨ। ਅਜਿਹੇ ਵੋਟਰ ਵੀ ਅਕਾਲੀ ਦਲ ਦੀਆਂ 'ਪੰਥਕ ਵੋਟਾਂ' ਕਹੇ ਜਾਂਦੇ ਹਨ। ਅਜਿਹੇ ਵੋਟਰਾਂ ਦੀ ਵੀ ਪੰਜਾਬ 'ਚ ਵੱਡੀ ਗਿਣਤੀ ਹੈ ਅਤੇ ਇਹ 'ਪੰਥਕ ਵੋਟਾਂ' ਅਕਸਰ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰ ਦਿੰਦੀਆਂ ਹਨ। ਇਹ 'ਪੰਥਕ ਵੋਟਾਂ' ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਦਲ ਦੀਆਂ ਪੱਕੀਆਂ ਵੋਟਾਂ ਸਨ ਪਰ ਕੁਝ ਸਾਲਾਂ ਤੋਂ ਅਕਾਲੀ ਦਲ ਦੀ ਕਾਰਗੁਜਾਰੀ ਕਾਰਨ ਅਕਾਲੀ ਦਲ ਦੀਆਂ ਇਹ 'ਪੰਥਕ ਵੋਟਾਂ' ਹੀ ਅਕਾਲੀ ਦਲ ਤੋਂ ਨਿਰਾਸ਼ ਹੋ ਕੇ ਜਾਂ ਤਾਂ ਚੁੱਪ ਕਰਕੇ ਘਰ ਬੈਠ ਗਈਆਂ ਹਨ ਜਾਂ ਫਿਰ ਹੋਰਨਾਂ ਸਿਆਸੀ ਪਾਰਟੀਆਂ ਦੇ ਹੱਕ 'ਚ ਭੁਗਤਣ ਲੱਗ ਪਈਆਂ ਹਨ। ਹੋਰਨਾਂ ਸਿਆਸੀ ਪਾਰਟੀਆਂ ਨੇ ਵੀ ਅਕਾਲੀ ਦਲ ਦੀਆਂ ਪੱਕੀਆਂ 'ਪੰਥਕ ਵੋਟਾਂ' ਨੂੰ ਆਪਣੇ ਵੱਲ ਖਿੱਚਣ ਦੇ ਪੂਰੇ ਯਤਨ ਕੀਤੇ ਹਨ, ਇਸੇ ਕਾਰਨ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਅਤੇ ਹੁਣ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਨੂੰ ਮਿਲੀ ਜਿੱਤ ਨੂੰ ਵੇਖਿਆ ਜਾ ਸਕਦਾ ਹੈ।

ਪੰਥਕ ਸੋਚ ਰੱਖਣ ਵਾਲੇ ਪੰਜਾਬੀਆਂ ਅੱਗੇ ਸਭ ਤੋਂ ਪਹਿਲਾਂ ਤਾਂ ਅਕਾਲੀ ਦਲ ਦੇ ਕਈ ਗਰੁੱਪਾਂ ਕਰਕੇ ਭੰਬਲਭੂਸਾ ਖੜਾ ਹੋ ਜਾਂਦਾ ਹੈ ਕਿ ਅਸਲੀ ਅਕਾਲੀ ਦਲ ਕਿਹੜਾ ਹੈ ? ਇਸ ਸਮੇਂ ਪੰਜਾਬ ਵਿੱਚ ਅਕਾਲੀ ਦਲ ਬਾਦਲ, ਅਕਾਲੀ ਦਲ ਮਾਨ, ਢੀਂਡਸਾ ਗਰੁੱਪ ਅਤੇ ਹੋਰ ਕਈ ਅਕਾਲੀ ਗਰੁੱਪ ਵੱਖੋ ਵੱਖਰੇ ਤੌਰ 'ਤੇ ਸਰਗਰਮ ਹਨ। ਪੰਜਾਬ 'ਚ ਅਸਲੀ ਤੇ ਤਾਕਤਵਰ ਅਕਾਲੀ ਦਲ ਉਸ ਨੂੰ ਸਮਝਿਆ ਜਾਂਦਾ ਹੈ, ਜਿਸ ਕੋਲ ਪੰਜਾਬ ਦੀ ਸੱਤਾ ਹੋਵੇ ਅਤੇ ਸ਼੍ਰੋਮਣੀ ਕਮੇਟੀ 'ਤੇ ਉਸਦਾ ਕਬਜ਼ਾ ਹੋਵੇ। ਪੰਜਾਬ ਦੀ ਸੱਤਾ 'ਤੇ ਲੰਬਾ ਸਮਾਂ ਬਾਦਲ ਅਕਾਲੀ ਦਲ ਰਾਜ ਕਰਦਾ ਰਿਹਾ ਹੈ ਅਤੇ ਇਸ ਸਮੇਂ ਭਾਵੇਂ ਅਕਾਲੀ ਦਲ ਬਾਦਲ ਸੱਤਾ ਤੋਂ ਦੂਰ ਹੈ ਪਰ ਸ਼੍ਰੋਮਣੀ ਕਮੇਟੀ 'ਤੇ ਉਸਦਾ ਪੂਰੀ ਤਰਾਂ ਕਬਜਾ ਹੈ। ਇਸ ਤੋਂ ਇਲਾਵਾ ਬਾਦਲ ਦਲ ਕੋਲ ਤੱਕੜੀ ਚੋਣ ਨਿਸ਼ਾਨ ਹੋਣ ਕਾਰਨ ਬਾਦਲ ਦਲ ਨੂੰ ਹੋਰਨਾਂ ਅਕਾਲੀ ਗਰੁੱਪਾਂ ਨਾਲੋਂ ਵਧੇਰੇ ਤਾਕਤਵਰ ਸਮਝਿਆ ਜਾਂਦਾ ਹੈ ਪਰ ਇਸ ਸਮੇਂ ਬਾਦਲ ਦਲ ਦਾ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ। ਮਾਨ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਲੋਕ ਸਭਾ ਮੈਂਬਰ ਹੋਣ ਕਰਕੇ ਮਾਨ ਦਲ ਵੱਲੋਂ ਵੀ ਆਪਣੇ ਆਪ ਨੂੰ ਮਜਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਅਕਾਲੀ ਸਿਆਸਤ ਦੀ ਜਾਣਕਾਰੀ ਰੱਖਣ ਵਾਲੇ ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਤੋਂ ਅਕਾਲੀ ਦਲ 'ਚ ਬਾਦਲ ਪਰਿਵਾਰ ਦੀ ਚੜ੍ਹਤ ਹੋਈ ਹੈ ਤਾਂ ਇਸ ਪਰਿਵਾਰ ਵੱਲੋਂ ਦੂਜੇ ਸਾਰੇ ਟਕਸਾਲੀ ਅਕਾਲੀ ਆਗੂ ਨੁਕਰੇ ਲਗਾ ਦਿਤੇ ਗਏ ਹਨ, ਜਿਸ ਕਰਕੇ ਇਹ ਟਕਸਾਲੀ ਆਗੂ ਜਾਂ ਤਾਂ ਚੁੱਪ ਕਰਕੇ ਬੈਠ ਗਏ ਹਨ ਜਾਂ ਫਿਰ ਆਪਣੇ ਵੱਖਰੇ ਅਕਾਲੀ ਧੜੇ ਬਣਾ ਚੁੱਕੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਤਕ ਅਕਾਲੀ ਦਲ ਦੀ ਵਾਗਡੋਰ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਹੀ, ਉਹ ਨਰਮੀ ਨਾਲ ਦੂਜੇ ਟਕਸਾਲੀ ਆਗੂਆਂ ਨੂੰ ਵੀ ਆਪਣੇ ਨਾਲ ਤੋਰਨ ਵਿੱਚ ਕਾਮਯਾਬ ਹੋ ਜਾਂਦੇ ਸਨ ਪਰ ਸੁਖਬੀਰ ਬਾਦਲ ਜਦੋਂ ਤੋਂ ਅਕਾਲੀ ਦਲ ਦੇ ਪ੍ਰਧਾਨ ਬਣੇ ਹਨ ਤਾਂ ਸੁਖਬੀਰ ਬਾਦਲ ਦੀ ਕਾਰਜ਼ਸ਼ੈਲੀ ਸੀਨੀਅਰ ਟਕਸਾਲੀ ਅਕਾਲੀ ਆਗੂਆਂ ਨੂੰ ਸਹੀ ਨਹੀਂ ਲੱਗ ਰਹੀ, ਇਸੇ ਕਰਕੇ ਅਨੇਕਾਂ ਸੀਨੀਅਰ ਟਕਸਾਲੀ ਅਕਾਲੀ ਆਗੂ ਬਾਦਲ ਦਲ ਤੋਂ ਦੂਰ ਹੋ ਚੁੱਕੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਸੁਖਬੀਰ ਬਾਦਲ ਦੀ ਫਾਈਵ ਸਟਾਰ ਹੋਟਲਾਂ ਵਾਲੀ ਕਾਰਜ਼ਸ਼ੈਲੀ ਆਮ ਅਕਾਲੀ ਵਰਕਰਾਂ ਨੂੰ ਪਸੰਦ ਨਹੀਂ, ਇਸੇ ਕਰਕੇ ਆਮ ਅਕਾਲੀ ਵਰਕਰ ਵੀ ਜਾਂ ਤਾਂ ਚੁੱਪ ਕਰਕੇ ਘਰਾਂ 'ਚ ਬੈਠ ਗਏ ਹਨ ਜਾਂ ਹੋਰਨਾਂ ਸਿਆਸੀ ਪਾਰਟੀਆਂ 'ਚ ਜਾ ਚੁੱਕੇ ਹਨ। ਸੁਖਬੀਰ ਬਾਦਲ ਨੂੰ ਇਹ ਗਲ ਚੇਤੇ ਰੱਖਣੀ ਚਾਹੀਦੀ ਹੈ ਕਿ ਅਕਾਲੀ ਦਲ ਜ਼ਮੀਨੀ ਪੱਧਰ ਤੋਂ ਉਠੀ ਹੋਈ ਸਿਆਸੀ ਪਾਰਟੀ ਹੈ ਅਤੇ ਅਕਾਲੀ ਦਲ ਕਿਸੇ ਨੂੰ ਵੀ ਨਿਰਾਸ਼ ਨਹੀਂ ਸੀ ਕੀਤਾ ਜਾਂਦਾ। ਜਿਥੇ ਵੱਡੇ ਬਾਦਲ ਹਰ ਆਗੂ ਨੂੰ ਨਿਮਰਤਾ ਨਾਲ ਆਪਣੇ ਨਾਲ ਜੋੜਨ ਦਾ ਯਤਨ ਕਰਦੇ ਸਨ, ਉਥੇ ਸੁਖਬੀਰ ਬਾਦਲ 'ਚ ਅਜੇ ਇਹ ਗੁਣ ਵੇਖਣ 'ਚ ਨਹੀਂ ਆਇਆ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਮੇਂ ਅਕਾਲੀ ਦਲ ਬਾਦਲ 'ਤੇ ਪੂਰੀ ਤਰਾਂ ਬਾਦਲ ਪਰਿਵਾਰ ਦਾ ਕਬਜ਼ਾ ਹੋਣ ਕਰਕੇ ਅਕਾਲੀ ਦਲ ਬਾਦਲ 'ਚ ਹੋਰਨਾਂ ਅਕਾਲੀ ਆਗੂਆਂ ਦੀ ਕੋਈ ਅਹਿਮੀਅਤ ਨਹੀਂ ਹੈ, ਜਿਸ ਕਰਕੇ ਸੀਨੀਅਰ ਟਕਸਾਲੀ ਆਗੂ ਨਿਰਾਸ਼ ਹਨ। ਕਈ ਅਕਾਲੀ ਆਗੂ ਤਾਂ ਖੁੱਲ ਕੇ ਵੀ ਆਪਣੀ ਨਾਰਾਜ਼ਗੀ ਜਾਹਿਰ ਕਰ ਚੁੱਕੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਨੂੰ 'ਪੰਥਕ ਪਾਰਟੀ' ਦੀ ਥਾਂ ' ਪੰਜਾਬੀਆਂ ਦੀ ਪਾਰਟੀ' ਬਣਾਇਆ ਸੀ ਤਾਂ ਉਸ ਵੇਲੇ ਤੋਂ ਹੀ 'ਪੰਥ ਹਿਤੈਸ਼ੀ' ਅਤੇ 'ਪੰਥ ਦਰਦੀ' ਅਕਾਲੀ ਦਲ ਤੋਂ ਦੂਰ ਹੋਣੇ ਸ਼ੁਰੂ ਹੋ ਗਏ ਸਨ। ਹੁਣ ਹਰ 'ਪੰਥ ਦਰਦੀ' ਅਤੇ 'ਪੰਥਕ ਸੋਚ' ਰਖਦਾ ਪੰਜਾਬੀ ਇਹ ਸਵਾਲ ਕਰ (ਬਾਕੀ ਸਫ਼ਾ 30 'ਤੇ)

## ਪੰਜਾਬ 'ਚ ਕਦੋਂ ਬੰਦ ਹੋਵੇਗੀ 'ਖ਼ਾਕੀ ਵਰਦੀ' ਵਾਲਿਆਂ ਦੀ 'ਧੱਕੇਸ਼ਾਹੀ'

## ਪੁਲਿਸ ਦੇ ਮੁਲਾਜ਼ਮਾਂ ਵੱਲੋਂ ਸਿੱਖ ਬਜ਼ੁਰਗ ਦੀ ਕੁੱਟਮਾਰ ਅਤੇ ਮਹਿਲਾ ਦੇ ਥੱਪੜ ਮਾਰਨ ਦੀਆਂ ਵੀਡੀਓ ਹੋਈਆਂ ਵਾਇਰਲ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ ਪੁਲਿਸ ਮੁਲਾਜ਼ਮਾਂ ਵੱਲੋਂ ਇੱਕ ਸਿੱਖ ਬਜ਼ੁਰਗ ਦੀ ਕੁੱਟਮਾਰ ਕਰਨ ਅਤੇ ਇੱਕ ਮਹਿਲਾ ਨੂੰ ਇੱਕ ਪੁਲਿਸ ਮੁਲਾਜ਼ਮ ਵੱਲੋਂ ਥੱਪੜ ਮਾਰਨ ਦੀਆਂ ਵੀਡੀਓ ਵਾਇਰਲ ਹੋ ਗਈਆਂ ਹਨ। ਇਹਨਾਂ ਵੀਡੀਓ ਨੂੰ ਵੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪੰਜਾਬ 'ਚ 'ਕਾਲਾ ਦੌਰ' ਇੱਕ ਵਾਰ ਮੁੜ ਸ਼ੁਰੂ ਹੋ ਗਿਆ ਹੋਵੇ। ਪਹਿਲਾਂ ਅੰਮ੍ਰਿਤਪਾਲ ਦੇ ਮਾਮਲੇ ਦੌਰਾਨ ਵੀ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ 'ਤੇ ਜੋ ਦਮਨ ਚੱਕਰ ਚਲਾਇਆ ਗਿਆ, ਉਹਨਾਂ ਖ਼ਬਰਾਂ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਪੁਲੀਸ ਮੁਲਾਜ਼ਮਾਂ ਵੱਲੋਂ ਸਿੱਖ ਬਜ਼ੁਰਗ ਦੀ ਕੁੱਟਮਾਰ ਕਰਨ ਅਤੇ ਇਕ ਮਹਿਲਾ ਦੇ ਥੱਪੜ ਮਾਰਨ ਦੀਆਂ ਵੀਡੀਓ ਵੀ ਵਾਇਰਲ ਹੋ ਗਈਆਂ। ਇਸ ਤੋਂ ਇਲਾਵਾ ਪੰਜਾਬ 'ਚ ਖ਼ਾਕੀ ਵਰਦੀ ਵਾਲਿਆਂ ਦੀ ਧੱਕੇਸ਼ਾਹੀ ਦੀਆਂ ਪਹਿਲਾਂ ਵੀ ਅਨੇਕਾਂ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਦੋਸ਼ੀਆਂ ਖ਼ਿਲਾਫ਼ ਕੋਈ ਅਸਰਦਾਇਕ ਕਾਰਵਾਈ ਨਾ ਹੋਣ



ਕਾਰਨ ਅਜਿਹੀਆਂ ਘਟਨਾਵਾਂ 'ਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ।

ਇੱਕ ਮਹਿਲਾ ਨੂੰ ਥੱਪੜ ਮਾਰਨ ਵਾਲੇ ਪੁਲਿਸ ਮੁਲਾਜ਼ਮ ਨੂੰ ਲਾਈਨ ਹਾਜਰ ਕਰ ਦਿੱਤਾ ਗਿਆ ਹੈ। ਆਮ ਲੋਕ ਸਮਝਦੇ ਹਨ ਕਿ ਪੁਲਿਸ ਮੁਲਾਜ਼ਮ ਨੂੰ ਲਾਈਨ ਹਾਜਰ ਕਰਨਾ ਕੋਈ ਵੱਡੀ ਸਜ਼ਾ ਹੁੰਦਾ ਹੈ ਪਰ ਕੁਝ ਭਰੋਸੇਯੋਗ ਪੁਲਿਸ ਮੁਲਾਜ਼ਮਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਾਈਨ ਹਾਜਰ ਕੀਤੇ ਪੁਲਿਸ ਮੁਲਾਜ਼ਮ ਨੂੰ ਤਨਖਾਹ ਤਾਂ ਪੂਰੀ ਮਿਲਦੀ ਹੈ, ਸਿਰਫ਼ ਉਸ ਦੀ 'ਉੱਪਰਲੀ ਕਮਾਈ' ਬੰਦ ਹੋ ਜਾਂਦੀ ਹੈ। ਇਸ ਗਲ ਵਿੱਚ ਕਿੰਨੀ ਕੁ ਸੱਚਾਈ ਹੈ ਇਹ ਤਾਂ ਪੁਲਿਸ ਵਿਭਾਗ ਅਤੇ ਸਰਕਾਰ ਨੂੰ ਪਤਾ ਹੋਵੇਗਾ ਪਰ ਲਾਈਨ ਹਾਜਰ ਕਰਨ ਨੂੰ ਕੋਈ ਵੱਡੀ ਸਜ਼ਾ ਨਹੀਂ ਮੰਨਿਆ ਜਾ ਸਕਦਾ। ਇਸ ਲਈ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ।

ਪੰਜਾਬ 'ਚ ਭਾਵੇਂ ਪੁਲਿਸ ਨੂੰ ਹਰ ਵਿਅਕਤੀ ਦੀ ਇੱਜ਼ਤ ਕਰਨ ਅਤੇ ਸ੍ਰੀਮਾਨ ਜੀ ਕਹਿਣ ਦੀਆਂ ਹਦਾਇਤਾਂ ਹਨ, ਪਰ ਇਹਨਾਂ ਹਦਾਇਤਾਂ ਦੀ ਪਾਲਣਾ ਪੁਲਿਸ ਮੁਲਾਜ਼ਮਾਂ ਵੱਲੋਂ ਕਿੰਨੀ ਕੁ ਕੀਤੀ ਜਾਂਦੀ ਹੈ, ਇਸ ਦਾ ਸਭ ਨੂੰ ਪਤਾ ਹੈ। (ਬਾਕੀ ਸਫ਼ਾ 30 'ਤੇ)

## ਭਾਸ਼ਾ ਵਿਭਾਗ ਪਟਿਆਲਾ ਵਿਖੇ ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਦੀ ਪੁਸਤਕ ਹੋਈ ਲੋਕ ਅਰਪਣ

ਪਟਿਆਲਾ/ਪ੍ਰਮਿੰਦਰ ਸਿੰਘ ਪ੍ਰਵਾਨਾ/ਡਾ.ਅਮਨ: ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਇਕ ਰਾਜ ਪੱਧਰੀ ਸਾਹਿਤਕ ਸਮਾਗਮ ਕਰਵਾਇਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਡਾ. ਦਰਸ਼ਨ ਸਿੰਘ ਆਸ਼ਟ ਪ੍ਰਧਾਨ, ਡਾ.ਕ੍ਰਿਸ਼ਨ ਕੁਮਾਰ ਰੱਤੂ, ਸ਼ਹਿਨਾਜ਼ ਜੋਲੀ ਕੌੜਾ, ਪ੍ਰੋ. ਰਾਮ ਲਾਲ ਭਗਤ ਅਤੇ ਡਾ. ਰੂਬੀਨਾ ਸ਼ਬਨਮ ਬੈਠੇ। ਇਸ ਤੋਂ ਇਲਾਵਾ ਡਾ. ਗੁਰਵਿੰਦਰ ਸਿੰਘ ਅਮਨ, ਪ੍ਰਧਾਨ ਲੋਕ ਸਾਹਿਤ ਸੰਗਮ ਰਾਜਪੁਰਾ ਅਤੇ ਭੁਪਿੰਦਰ ਸਿੰਘ ਸੰਧੂ ਸਕੱਤਰ ਵਿਰਸਾ ਵਿਹਾਰ ਅੰਮ੍ਰਿਤਸਰ ਮੁੱਖ ਮਹਿਮਾਨ ਸਨ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਸਰਹਿੰਦ ਦੀ ਕਾਵਿ ਪੁਸਤਕ 'ਇਹ ਰੰਗ ਵਿਰਸੇ ਦੇ ' ਲੋਕ ਅਰਪਣ ਕਰਦਿਆਂ ਡਾ. ਦਰਸ਼ਨ ਸਿੰਘ ਆਸ਼ਟ ਨੇ ਬਾੜਾ ਦੀ ਪੁਸਤਕ ਦੇ ਹਵਾਲੇ ਵਿੱਚ ਕਿਹਾ ਕਿ ਲੋਕਾਂ ਦੀ ਗਲ ਕਰਨ ਵਾਲਾ ਸਾਹਿਤ ਹੀ ਪ੍ਰਵਾਨ ਚੜ੍ਹਦਾ ਹੈ, ਕਿਉਂਕਿ ਇਸ ਵਿੱਚ ਸੱਭਿਆਚਾਰ ਅਤੇ ਲੋਕ ਤਜਰਬਿਆਂ ਦੀ ਚਾਸ਼ਨੀ ਘੁਲੀ ਹੁੰਦੀ ਹੈ। ਸ਼ਹਿਨਾਜ਼ ਜੋਲੀ ਕੌੜਾ ਨੇ ਕਿਹਾ ਕਿ ਸਾਹਿਤ ਅਤੇ ਰੇਡੀਓ ਦੋਵੇਂ ਸਭਿਆਚਾਰ ਇਕ ਦੂਸਰੇ ਦੇ ਪੂਰਕ ਹਨ। ਕਵੀ ਸੰਤ ਸਿੰਘ ਸੋਹਲ ਪ੍ਰਧਾਨ ਪੰਜਾਬੀ ਸੱਥ ਸਰਹਿੰਦ ਨੇ ਕਿਹਾ ਕਿ ਬਾੜਾ ਦੀ ਸ਼ਾਇਰੀ ਸੂਫ਼ੀ ਰੰਗਤ ਦੀ ਹੋਣ ਕਰਕੇ ਮਨਾਂ ਵਿੱਚ ਖਿੱਚ ਪਾਉਂਦੀ ਹੈ। ਸਰਬਜੀਤ ਸਿੰਘ ਵਿਰਦੀ ਪ੍ਰਧਾਨ ਗੀਤਕਾਰ ਮੰਚ ਨੇ ਕਿਹਾ ਕਿ ਬਾੜਾ ਦੀ ਸ਼ਾਇਰੀ ਸਮੇਂ ਦੀ ਹਾਣ ਦੀ ਹੈ।



## ਬੰਦੀ ਸਿੰਘ ਗੁਰਦੀਪ ਖੇੜਾ ਦੀ ਤਬੀਅਤ ਖ਼ਰਾਬ

### 1990 ਬੰਬ ਧਮਾਕਿਆਂ ਦੇ ਦੋਸ਼ਾਂ ਅਧੀਨ ਜੇਲ੍ਹ 'ਚ ਹਨ ਬੰਦ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਿਛਲੇ 33 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਸਾਬਕਾ ਖਾੜਕੂ ਗੁਰਦੀਪ ਸਿੰਘ ਖੇੜਾ ਦੀ ਬੀਤੇ ਦਿਨੀਂ ਅਚਾਨਕ ਤਬੀਅਤ ਵਿਗੜ ਗਈ। ਜੇਲ੍ਹ ਪ੍ਰਸ਼ਾਸਨ ਨੇ ਤੁਰੰਤ ਕਿਸੇ ਤਰ੍ਹਾਂ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਦਾਖ਼ਲ ਕਰਵਾਇਆ। ਕਰੀਬ ਦੋ ਘੰਟੇ ਦੇ ਇਲਾਜ ਤੋਂ ਬਾਅਦ ਸਾਬਕਾ ਖਾੜਕੂ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ। ਡਾਕਟਰਾਂ ਅਨੁਸਾਰ ਗੁਰਦੀਪ



ਸਿੰਘ ਖੇੜਾ ਦਿਲ ਦੀ ਬਿਮਾਰੀ ਤੋਂ ਪੀੜਤ ਹੈ। ਜ਼ਿਕਰਯੋਗ ਹੈ ਕਿ ਗੁਰਦੀਪ ਸਿੰਘ ਖੇੜਾ ਖ਼ਿਲਾਫ਼ ਸਾਲ 1990 ਵਿੱਚ (ਬਾਕੀ ਸਫ਼ਾ 29 'ਤੇ)

ਦਰਪਣ ਝੂਠ ਨਹੀਂ ਬੋਲਦਾ

# ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਮਾਮਲਾ ਖ਼ਾਲਸਾ ਪੰਥ 'ਚ ਮੁੜ ਭਖਿਆ

## ਸੇਵਾ-ਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਸਬੰਧੀ ਸ਼੍ਰੋਮਣੀ ਕਮੇਟੀ ਗਠਨ ਕਰੇਗੀ ਕਮੇਟੀ

## ਸਿੱਖ ਬੁੱਧੀਜੀਵੀ ਪੂਰੇ ਸਿੱਖ ਜਗਤ ਦੀ ਕਮੇਟੀ ਬਣਾਉਣ ਦੇ ਹੱਕ ਵਿੱਚ ਸ਼੍ਰੋਮਣੀ ਕਮੇਟੀ ਦਾ ਹੋ ਰਿਹੈ ਵਿਰੋਧ



ਬੀਤੇ ਦਿਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿੱਚ ਹੋਈ ਸੀ ।ਇਸ ਬਾਰੇ ਪੰਥਕ ਹਲਕਿਆਂ ਵਿੱਚ ਚਰਚਾ ਜੋਰਾਂ ਉਪਰ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾ ਦਿਤਾ ਜਾਵੇਗਾ , ਕਿਉਂਕਿ ਸਿੱਖ ਹਲਕਿਆਂ ਵਿੱਚ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਸੀ ਕਿ ਜਥੇਦਾਰ ਵੱਲੋਂ ਸਿੱਖ ਮਸਲਿਆਂ 'ਤੇ ਅਪਣਾਈ ਪਹੁੰਚ ਨੂੰ ਲੈ ਕੇ ਉਨ੍ਹਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਸਬੰਧ ਸੁਖਾਵੇਂ ਨਹੀਂ ਸਨ ਅਤੇ ਪਿਛਲੇ ਦਿਨੀਂ 'ਆਪ' ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਡਾ ਦੀ ਮੰਗਣੀ 'ਤੇ ਜਥੇਦਾਰ ਦੀ ਸ਼ਮੂਲੀਅਤ ਨੇ ਬਲਦੀ ਵਿੱਚ ਤੇਲ ਦਾ ਕੰਮ ਕੀਤਾ ਸੀ। ਇਸ ਕਾਰਣ ਬਾਦਲ ਦਲ ਦੀ ਹਾਈਕਮਾਂਡ ਵਿੱਚ ਜਥੇਦਾਰ ਪ੍ਰਤੀ ਗੁੱਸਾ ਪਾਇਆ ਜਾ ਰਿਹਾ ਸੀ।

ਪਰ ਇਸ ਇਕੱਤਰਤਾ ਵਿੱਚ ਜਥੇਦਾਰ ਨੂੰ ਹਟਾਉਣ ਬਾਰੇ ਕੋਈ ਵਿਚਾਰ ਚਰਚਾ ਨਹੀਂ ਕੀਤੀ ਗਈ। ਜਥੇਦਾਰ ਨੂੰ ਹਟਾਉਣ ਬਾਰੇ ਬਾਦਲ ਦਲ ਦਾ ਖਾਲਸਾ ਪੰਥ ਦੀਆਂ ਜਥੇਬੰਦੀਆਂ ਵੱਲੋਂ ਸਖਤ ਵਿਰੋਧ ਕੀਤਾ ਰਿਹਾ ਸੀ ਕਿ ਉਹ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਮਨਮਰਜੀ ਨਾਲ ਨਿੱਜੀ ਰਾਜਨੀਤਕ ਹਿਤਾਂ ਲਈ ਵਰਤ ਰਹੇ ਹਨ ਤੇ ਜਥੇਦਾਰ ਨੂੰ ਬਣਾਉਣ ਤੇ ਮੁਲਤਵੀ ਕਰਨ ਜਾਂ ਸੇਵਾ ਮੁਕਤ ਕਰਨ ਲਈ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਕੋਈ ਨਿਯਮ ਜਾਂ ਪ੍ਰਣਾਲੀ ਨਹੀਂ ਬਣਾਈ।

ਇਸੇ ਕਰਕੇ ਇਸ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਨੂੰ ਸੇਵਾ ਮੁਕਤ ਕਰਨ ਦੀ ਥਾਂ ਇਹ ਐਲਾਨ ਕਰ ਦਿਤਾ ਹੈ ਕਿ ਤਖ਼ਤਾਂ ਦੇ ਜਥੇਦਾਰਾਂ ਅਤੇ ਸਿੰਘ ਸਾਹਿਬਾਨ ਲਈ ਇਕ ਪ੍ਰੋਫਾਰਮਾ ਤਿਆਰ ਕਰਨ ਲਈ 5-7 ਦਿਨਾਂ ਵਿੱਚ ਸਬ ਕਮੇਟੀ ਗਠਿਤ ਕੀਤੀ ਜਾਵੇਗੀ। ਇਹ ਕਮੇਟੀ ਸਿੰਘ ਸਾਹਿਬਾਨ ਲਈ ਸਮਾਜ ਵਿੱਚ ਵਿਚਰਨ ਲਈ ਮਰਿਆਦਾ ਤਹਿ ਕਰੇਗੀ। ਜਥੇਦਾਰ ਦੀ ਨਵੀਂ ਨਿਯੁਕਤੀ ਤੋਂ ਪਹਿਲਾਂ ਜਥੇਦਾਰ ਜਾਂ ਸਿੰਘ ਸਾਹਿਬਾਨ ਲਈ ਸ਼ਰਤਾਂ ਤਹਿ ਹੋਣਗੀਆਂ ਜਿਸ ਵਿੱਚ ਨਿਯੁਕਤੀ ਤੇ ਸੇਵਾ ਮੁਕਤੀ ਦੇ ਨਿਯਤ ਤੈਹ ਹੋਣਗੇ। ਧਾਮੀ ਨੇ ਇਹ ਵੀ ਕਿਹਾ ਸੀ ਕਿ ਜਥੇਦਾਰ ਅਤੇ ਸਿੰਘ ਸਾਹਿਬਾਨ ਨੇ ਵੀ ਸਮਾਜ ਵਿਚ ਵਿਚਰਨਾ ਹੁੰਦਾ ਹੈ ਅਤੇ ਸਮਾਜ ਵਿੱਚ ਉਨ੍ਹਾਂ ਦਾ ਵਿਸ਼ੇਸ਼ ਸਤਿਕਾਰ ਅਤੇ ਰੁਤਬਾ ਹੈ। ਇਸ ਕਾਰਨ ਸਿੰਘ ਸਾਹਿਬਾਨ ਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਸਮਾਜ ਵਿੱਚ ਕਿੱਥੇ ਜਾਣ ਅਤੇ ਕਿੱਥੇ ਨਾ ਜਾਣ।

ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਹੀ ਪ੍ਰੋਫਾਰਮਾ ਤਿਆਰ ਕੀਤਾ ਜਾਵੇਗਾ। ਪ੍ਰੋਫਾਰਮਾ ਤਿਆਰ ਕਰਨ ਲਈ ਜਲਦੀ ਹੀ ਇੱਕ ਸਬ-ਕਮੇਟੀ ਵੀ ਬਣਾਈ ਜਾਵੇਗੀ। ਧਾਮੀ ਨੇ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦੀ ਰੁਟੀਨ ਮੀਟਿੰਗ ਸੀ ਜੋ ਮਹੀਨੇ ਵਿੱਚ ਇੱਕ ਵਾਰ ਹੁੰਦੀ ਹੈ। ਮੀਟਿੰਗ ਵਿੱਚ ਜਥੇਦਾਰ ਦੇ ਮਾਮਲੇ ਦਾ ਕੋਈ ਏਜੰਡਾ ਸ਼ਾਮਲ ਨਹੀਂ ਸੀ ਅਤੇ ਨਾ ਹੀ ਇਸ ਵਿਸ਼ੇ 'ਤੇ ਕੋਈ ਚਰਚਾ ਹੋਈ ਹੈ। ਧਾਮੀ ਨੇ ਜਥੇਦਾਰ ਵੱਲੋਂ ਰਾਘਵ ਚੱਢਾ ਤੇ ਪਰਿਯੀਤੀ ਚੋਪੜਾ ਦੀ ਮੰਗਣੀ ਵਿੱਚ ਸ਼ਾਮਲ ਹੋਣ ਨੂੰ ਠੀਕ ਜਾਂ ਗਲਤ 'ਤੇ ਜਵਾਬ ਦਿੰਦੇ ਕਿਹਾ ਕਿ ਕਿ ਇਸ ਮਾਮਲੇ 'ਤੇ ਵਿਚਾਰ ਹੋਣੀ ਬਾਕੀ ਹੈ ਜੋ ਅਗਲੇ ਦਿਨਾਂ ਵਿੱਚ ਹੋ ਸਕਦੀ ਹੈ

ਯਾਦ ਰਹੇ ਕਿ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਦਾ ਮਾਮਲਾ ਬਹੁਤ ਸਮੇਂ ਬਾਅਦ ਮੁੜ ਉਭਰਿਆ ਹੈ। ਇਹ ਮਾਮਲਾ ਹੁਣ ਉਸ ਵੇਲੇ ਮੁੜ ਉਭਰਿਆ ਸੀ ਜਦੋਂ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ । ਸੰਘ ਪਰਿਵਾਰ ਵਿਰੁੱਧ ਹੁਕਮਨਾਮਾ ਜਾਰੀ ਕਰਨ ਕਾਰਨ ਜਥੇਦਾਰ ਵੇਦਾਂਤੀ ਦਾ ਬਾਦਲ ਪਰਿਵਾਰ ਨਾਲ ਟਕਰਾਅ ਪੈਦਾ ਹੋ ਗਿਆ ਸੀ। ਬਾਦਲ ਪਰਿਵਾਰ ਸੰਘ ਪਰਿਵਾਰ ਦੇ ਵਿਰੋਧ ਕਰਨ ਦੇ ਹੱਕ ਵਿੱਚ ਨਹੀਂ ਸੀ।

ਹੁਣ ਹਾਲ ਹੀ ਵਿੱਚ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਵੀ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਸੀ ਕਿ ਸਿੱਖ ਮਾਹਿਰਾਂ ਤੇ ਵਿਦਵਾਨਾਂ ਦੀ ਰਾਏ ਨਾਲ ਤਖ਼ਤਾਂ ਦੇ ਜਥੇਦਾਰਾਂ ਲਈ ਪੰਥ ਪ੍ਰਵਾਨਿਤ ਨਿਯਮ ਬਣਾਏ ਜਾਣ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਸੀ ਕਿ ਅਕਾਲ ਤਖ਼ਤ ਸਰਵਉੱਚ ਹੈ ਅਤੇ ਇਸ ਦੀ ਸਰਵਉਚਤਾ ਤੇ ਪ੍ਰਭੂਸੱਤਾ ਨੂੰ ਚੁਣੌਤੀ 'ਤੇ ਸਵਾਲ ਨਹੀਂ ਕੀਤੇ ਜਾ ਸਕਦੇ ਪਰ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਧਿਕਾਰ ਅਤੇ ਕਾਰਜ ਖੇਤਰ ਬਾਰੇ ਕੋਈ ਪੰਥ ਪ੍ਰਵਾਨਿਤ ਨਿਯਮ ਨਾ ਹੋਣ ਕਾਰਨ ਕੌਮ ਨੂੰ ਕਈ ਵਾਰ ਨਮੋਸ਼ੀ ਅਤੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੱਸਣਾ ਬਣਦਾ ਹੈ ਕਿ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਮਾਰਚ 2008 ਵਿਚ ਇਸ ਸਬੰਧੀ ਇੱਕ ਖਰੜਾ ਵੀ ਤਿਆਰ ਕੀਤਾ ਗਿਆ ਸੀ। ਜਥੇਬੰਦੀ ਵੱਲੋਂ 2005 ਤੋਂ ਲੈ ਕੇ 2007 ਤੱਕ ਇਸ ਸਬੰਧੀ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕੀਤੇ ਗਏ ਅਤੇ ਵਿਦਵਾਨਾਂ ਦੀ ਰਾਏ ਲੈ ਕੇ ਖਰੜਾ ਬਣਾਇਆ ਗਿਆ। ਇਹ ਖਰੜਾ ਉਸ ਵੇਲੇ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੌਂਪ ਦਿੱਤਾ ਗਿਆ ਸੀ ਪਰ ਸਤੰਬਰ 2008 ਵਿੱਚ ਉਨ੍ਹਾਂ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਜਿਸ ਕਾਰਨ ਇਹ ਮਾਮਲਾ ਠੰਢੇ ਬਸਤੇ ਵਿੱਚ ਪੈ ਗਿਆ ਸੀ। ਇਸ ਸੰਬੰਧੀ ਇਕ ਹੋਰ ਖਰੜਾ ਭਾਈ ਹਰਸਿਮਰਨ ਸਿੰਘ ਨੇ ਵੀ ਤਿਆਰ ਕੀਤਾ ਸੀ ਪਰ ਸ੍ਰੋਮਣੀ ਕਮੇਟੀ ਨੇ ਉਸ ਉਪਰ ਵਿਚਾਰ ਨਹੀਂ ਕੀਤਾ।

ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਨਿਯਮ ਤਿਆਰ ਕਰਨ ਸਮੇਂ ਸਿੱਖ ਜਥੇਬੰਦੀਆਂ ਤੇ ਸ਼ਖਸੀਅਤਾਂ ਦੀ ਵੀ ਰਾਏ ਲਈ ਜਾਵੇ ਤਾਂ ਜੋ ਬਾਅਦ ਵਿਚ ਕੋਈ ਵਿਰੋਧ ਨਾ ਹੋਵੇ। ਇਸ ਬਾਰੇ ਸਿੱਖ ਵਿਦਵਾਨ ਤੇ ਇਤਿਹਾਸਕਾਰ ਡਾਕਟਰ ਸੁਖਦਿਆਲ ਸਿੰਘ ਨੇ ਆਖਿਆ ਕਿ ਉਹ ਇਸ ਹੱਕ ਵਿਚ ਹਨ ਕਿ ਇਨ੍ਹਾਂ ਉਚ ਪਦਵੀਆਂ ਉਪਰ ਤਾਇਨਾਤ ਸ਼ਖਸੀਅਤਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਆਦਿ ਬਾਰੇ ਨਿਯਮ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਇਨ੍ਹਾਂ ਦੀ ਵਿਦਿਅਕ ਯੋਗਤਾ, ਤਜਰਬਾ, ਸੂਝ-ਬੂਝ, ਕਿਰਦਾਰ, ਅਗਵਾਈ ਕਰਨ ਦੀ ਸਮਰੱਥਾ ਆਦਿ ਸ਼ਾਮਲ ਕੀਤੇ ਜਾਣ ਤੇ ਇਨ੍ਹਾਂ ਨਿਯਮਾਂ ਦੇ ਆਧਾਰ ਉਪਰ ਹੀ ਭਵਿੱਖ ਵਿੱਚ ਇਨ੍ਹਾਂ ਉਚ ਪਦਵੀਆਂ ਉਪਰ ਜਥੇਦਾਰਾਂ ਦੀ ਨਿਯੁਕਤੀ ਹੋਵੇ। ਉਨ੍ਹਾਂ ਆਖਿਆ ਕਿ ਨਿਯਮ ਬਣਾਉਣ ਤੋਂ ਬਾਅਦ ਇਨ੍ਹਾਂ ਨੂੰ ਲਾਗੂ ਕਰਨਾ ਵੀ ਜ਼ਰੂਰੀ ਹੈ।

ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਇਹ ਮਾਮਲਾ ਕੌਮ ਦੇ ਆਗੂ ਦੀ ਚੋਣ ਨਾਲ ਜੁੜਿਆ ਹੋਇਆ ਹੈ, ਇਸ ਲਈ ਨਿਯਮ ਤੈਅ ਕਰਨ ਸਮੇਂ ਸਿੱਖ ਜਥੇਬੰਦੀਆਂ ਤੇ ਵਿਦਵਾਨਾਂ ਦੀ ਸਹਿਮਤੀ ਵੀ ਲਈ ਜਾਣੀ ਚਾਹੀਦੀ ਹੈ। ਜਥੇਦਾਰਾਂ ਦੀ ਨਿਯੁਕਤੀ ਲਈ ਸਿਰਫ ਇਕੱਲੇ ਸ਼੍ਰੋਮਣੀ ਕਮੇਟੀ ਕੋਲ ਹੀ ਹੱਕ ਨਾ ਹੋਣ ਸਗੋਂ ਜਥੇਦਾਰਾਂ ਦੀ ਨਿਯੁਕਤੀ ਪੰਥਕ ਤਰੀਕੇ ਨਾਲ ਸਮੂਹ ਰਜ਼ਾਮੰਦੀ ਨਾਲ ਹੋਵੇ। (ਬਾਕੀ ਸਫ਼ਾ 29 'ਤੇ)

## ਕਿਲਰ ਰੋਬੋਟ ਭਵਿੱਖ ਦੀ ਜੰਗ ਦੌਰਾਨ ਇਨਸਾਨਾਂ ਲਈ ਹੋਣਗੇ ਤਬਾਹਕੁੰਨ



ਆਰਟੀਫੀਸ਼ੀਅਲ ਇੰਟੈਲੀਜੈਂਸ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ, ਜਿਸ ਨੇ ਹਥਿਆਰਾਂ ਦੇ ਇਕ ਨਵੇਂ ਪਲੇਟਫਾਰਮ 'ਤੇ ਦੁਨੀਆ ਨੂੰ ਲਿਆਕੇ ਖੜਾ ਕੀਤਾ ਹੈ। ਇਹ ਉਹ ਹਥਿਆਰ ਹਨ ਜੋ ਖੁਦ ਨਿਸ਼ਾਨਾ ਲਗਾ ਸਕਦੇ ਹਨ, ਆਪਣੇ ਆਪ ਕਿਸੇ ਨੂੰ ਮਾਰਨ ਦਾ ਫੈਸਲਾ ਕਰ ਸਕਦੇ ਹਨ। ਉਹ ਕਿਸੇ ਵੀ ਅਥਾਰਟੀ ਦੇ ਹੁਕਮਾਂ ਨੂੰ ਨਹੀਂ ਮੰਨਣਗੇ, ਸਗੋਂ ਉਹ ਆਪ ਹੀ ਫੈਸਲਾ ਕਰਨਗੇ ਕਿ ਕਿਸ ਨੂੰ ਮਾਰਨਾ ਹੈ ਅਧਿਕਾਰਤ ਤੌਰ 'ਤੇ, ਇਹਨਾਂ ਕਾਤਲ ਰੋਬੋਟਾਂ ਨੂੰ ਘਾਤਕ ਆਟੋਨੋਮਸ ਵੈਪਨ ਸਿਸਟਮ ਕਿਹਾ ਜਾਂਦਾ ਹੈ, ਪਰ ਆਲੋਚਕ ਇਹਨਾਂ ਨੂੰ ਕਾਤਲ ਰੋਬੋਟ ਕਹਿੰਦੇ ਹਨ। ਅਮਰੀਕਾ, ਚੀਨ, ਯੂਨਾਈਟਿਡ ਕਿੰਗਡਮ, ਭਾਰਤ, ਇਰਾਨ, ਇਜ਼ਰਾਈਲ, ਦੱਖਣੀ ਕੋਰੀਆ, ਰੂਸ ਅਤੇ ਤੁਰਕੀ ਸਮੇਤ ਕਈ ਦੇਸ਼ਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਅਜਿਹੇ ਹਥਿਆਰਾਂ ਨੂੰ ਵਿਕਸਤ ਕਰਨ ਵਿੱਚ ਭਾਰੀ ਨਿਵੇਸ਼ ਕੀਤਾ ਹੈ।

ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਪੂਰੀ ਤਰ੍ਹਾਂ ਆਟੋਮੈਟਿਕ ਮੋਡ ਵਿੱਚ ਤੁਰਕੀ ਦੇ ਬਣੇ ਕਾਰਗਕੂ-2 ਡਰੋਨ ਨੇ ਇਸ ਨਵੇਂ ਯੁੱਗ ਦੀ ਸ਼ੁਰੂਆਤ ਦੀ ਨਿਸ਼ਾਨਦੇਹੀ ਕੀਤੀ ਜਦੋਂ ਉਨ੍ਹਾਂ ਨੇ 2020 ਵਿੱਚ ਲੀਬੀਆ ਨਾਲ ਜੰਗ ਦੌਰਾਨ ਇਸ ਡਰੋਨ ਦੀ ਭਾਰੀ ਵਰਤੋਂ ਕੀਤੀ ਸੀ। ਇਸ ਦੇ ਨਾਲ ਹੀ ਯੂਕਰੇਨ ਯੁੱਧ ਵਿਚ ਵੀ ਡਰੋਨ ਅਹਿਮ ਭੂਮਿਕਾ ਨਿਭਾਅ ਰਹੇ ਹਨ, ਜਿੱਥੇ ਮਾਸਕੋ ਅਤੇ ਕੀਵ ਦੋਵੇਂ ਇਕ ਦੂਜੇ ਦੇ ਟੀਚਿਆਂ ਨੂੰ ਤਬਾਹ ਕਰਨ ਲਈ ਡਰੋਨ ਦੀ ਵਰਤੋਂ ਕਰ ਰਹੇ ਹਨ।

ਜੰਗ ਦੇ ਮੈਦਾਨ ਵਿੱਚ ਅਜਿਹੀਆਂ ਮਸ਼ੀਨਾਂ ਦੀ ਤਾਇਨਾਤੀ ਨੇ ਦੁਨੀਆਂ ਭਰ ਦੇ ਮਾਹਿਰਾਂ, ਕਾਰਕੁਨਾਂ ਅਤੇ ਡਿਪਲੋਮੈਟਾਂ ਵਿੱਚ ਤਿੱਖੀ ਬਹਿਸ ਛੇੜ ਦਿੱਤੀ ਹੈ, ਕਿਉਂਕਿ ਯੁੱਧ ਵਿੱਚ ਰੋਬੋਟ ਦੀ ਵਰਤੋਂ ਕਰਨ ਕਾਰਣ ਮਨੁੱਖਤਾ ਤੇ ਧਰਤੀ ਨੂੰ ਖਤਰੇ ਬਾਰੇ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਕੁਝ ਵਿਗਿਆਨੀ ਇਸ ਉਪਰ ਕੰਮ ਕਰ ਰਿਹਾ ਹੈ ਕਿ ਕਾਤਲ ਰੋਬੋਟਾਂ ਨੂੰ ਯੁੱਧ ਵਿੱਚ ਵਰਤੇ ਜਾਣ ਤੋਂ ਕਿਵੇਂ ਰੋਕਿਆ ਜਾਵੇ ?

(ਬਾਕੀ ਸਫ਼ਾ 29 'ਤੇ)

## ਭਗਵੇਂਵਾਦੀਆਂ ਨੇ ਛੱਤੀਸਗੜ੍ਹ, ਮੱਧ ਪ੍ਰਦੇਸ਼ 'ਚ ਈਸਾਈਆਂ ਨੂੰ ਪ੍ਰਾਰਥਨਾ ਕਰਨ ਤੋਂ ਹਿੰਸਕ ਢੰਗ ਨਾਲ ਰੋਕਿਆ



ਈਸਾਈ ਭਾਈਚਾਰਾ ਇੱਕ ਵਾਰ ਫਿਰ ਫਿਰਕੂ, ਹਿੰਦੂਤਵੀ ਹਿੰਸਾ ਅਤੇ ਨਫ਼ਰਤ ਦਾ ਸ਼ਿਕਾਰ ਹੈ। ਹਾਲ ਹੀ ਵਿੱਚ, ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ ਜਿਸ ਵਿੱਚ ਕੁਝ ਕੱਟੜ ਹਿੰਦੂ ਰਾਸ਼ਟਰਵਾਦੀ ਭਗਵੇਂ ਕੱਪੜੇ ਪਾਕੇ, ਜੈ ਸ਼੍ਰੀ ਰਾਮ ਦੇ ਨਾਅਰੇ ਲਾਉਂਦੇ ਅਤੇ ਜਲੂਸ ਕੱਢਦੇ ਦੇਖੇ ਜਾ ਸਕਦੇ ਹਨ। ਇਹ ਘਟਨਾ ਛੱਤੀਸਗੜ੍ਹ ਦੇ ਨਵਾਂਗੜ੍ਹ ਦੇ ਗੋਰਹਾ ਦੀ ਦੱਸੀ ਜਾ ਰਹੀ ਹੈ ਅਤੇ ਦੋਸ਼ ਹੈ ਕਿ ਉਕਤ ਜਨਤਕ ਰੈਲੀ ਪਿੰਡ ਵਿੱਚ ਇੱਕ ਚਰਚ ਦੇ ਉਦਘਾਟਨ ਨੂੰ ਰੋਕਣ ਲਈ ਕੀਤੀ ਗਈ ਸੀ। ਇਸ ਤੋਂ ਬਾਅਦ, ਸਮੂਹ ਪਿੰਡ ਵਿੱਚ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ ਸੀ।

ਮੱਧ ਪ੍ਰਦੇਸ਼ ਦੇ ਸ਼ਾਹਡੋਲ ਤੋਂ ਈਸਾਈਆਂ ਨੂੰ ਨਿਸ਼ਾਨਾ ਬਣਾਉਣ ਦੀ ਇੱਕ ਹੋਰ ਘਟਨਾ ਵਿੱਚ, ਪੁਲਿਸ ਨੇ ਇੱਕ ਘਰ 'ਤੇ ਛਾਪਾ ਮਾਰਿਆ ਜਿੱਥੇ ਈਸਾਈ ਭਾਈਚਾਰੇ ਦੇ ਮੈਂਬਰ ਪ੍ਰਾਰਥਨਾ ਸਭਾ ਕਰ ਰਹੇ ਸਨ। ਮੀਡੀਆ ਰਿਪੋਰਟਾਂ ਅਨੁਸਾਰ ਪੁਲਿਸ ਨੇ ਈਸਾਈ ਧਾਰਮਿਕ ਕਿਤਾਬਾਂ ਨੂੰ ਜ਼ਬਤ ਕਰ ਲਿਆ ਅਤੇ ਧਰਮ ਪਰਿਵਰਤਨ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਕਰ ਦਿਤੀ।

ਹਿੰਦੂ ਰਾਸ਼ਟਰਵਾਦੀਆਂ ਦੀਆਂ ਇਹ ਉਪਰੋਕਤ ਕਾਰਵਾਈਆਂ, ਜੋ ਕਿ ਸੰਵਿਧਾਨ ਤੇ ਈਸਾਈ-ਵਿਰੋਧੀ ਸਨ, ਕਥਿਤ ਧਰਮ ਪਰਿਵਰਤਨ 'ਤੇ ਸ਼ਿਕੰਜਾ ਕੱਸਣ ਦੀ ਆੜ ਵਿੱਚ ਕੀਤੀਆਂ ਗਈਆਂ ਸਨ। ਹਾਲਾਂਕਿ ਅਸਲ ਇਰਾਦਾ ਭਾਰਤ ਨੂੰ ਇੱਕ ਬਹੁਗਿਣਤੀ ਵਾਲੇ ਰਾਜ ਵਿੱਚ ਬਦਲਣ ਦਾ ਜਾਪਦਾ ਹੈ ਜਿੱਥੇ ਈਸਾਈਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਇਹ ਕਿੰਨੀ ਸ਼ਰਮਨਾਕ ਗੱਲ ਹੈ ਕਿ ਇੱਕ ਰਾਜ ਸਰਕਾਰ ਅਤੇ ਉਸ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੀ ਹਿੰਦੂ ਰਾਸ਼ਟਰਵਾਦੀ ਗਿਰੋਹਾਂ ਦਾ ਪੱਖ ਪੂਰ ਰਹੀਆਂ ਹਨ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਦੀ ਜਾਂਚ ਕਰਨ ਅਤੇ ਉਹਨਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਰਾਜ ਦੇ ਚਰਚਾਂ ਦਾ ਸਰਵੇਖਣ ਕਰਨ ਦੀ ਰਣਨੀਤੀ ਵਰਤ ਰਹੀਆਂ ਹਨ। ਇਹ ਸਰਕਾਰ ਦੀ ਈਸਾਈ ਭਾਈਚਾਰੇ ਉਪਰ ਦਹਿਸ਼ਤਵਾਦੀ ਕਾਰਵਾਈ ਹੈ। ਹੈਰਾਨੀ ਦੀ ਗਲ ਇਹ ਹੈ ਕਿ ਸਰਕਾਰ ਨੇ (ਬਾਕੀ ਸਫ਼ਾ 29 'ਤੇ)

## ਕਰਨਾਟਕ 'ਚ ਕਾਂਗਰਸ ਦੇ ਨਵੇਂ ਮੰਤਰੀਆਂ ਦਾ ਸਹੁੰ ਚੁੱਕ ਸਮਾਗਮ ਆਪੋਜ਼ੀਸ਼ਨ ਏਕਤਾ ਮੁਹਿੰਮ ਲਈ ਬਣਿਆ ਮੰਚ

ਕਰਨਾਟਕ ਵਿੱਚ ਕਾਂਗਰਸ ਦੇ ਨਵੇਂ ਮੰਤਰੀਆਂ ਦਾ ਸਹੁੰ ਚੁੱਕ ਸਮਾਗਮ ਆਪੋਜ਼ੀਸ਼ਨ ਏਕਤਾ ਦੇ ਮੁਜ਼ਾਹਰੇ ਦਾ ਮੰਚ ਬਣ ਗਿਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਸੱਦੇ 'ਤੇ ਕਈ ਰਾਜਾਂ ਦੇ ਮੁੱਖ ਮੰਤਰੀ ਤੇ ਆਪੋਜ਼ੀਸ਼ਨ ਆਗੂ ਬੀਤੇ ਦਿਨੀਂ ਬੇਂਗਲੂਰੂ ਪੁੱਜੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਬਸਪਾ ਪ੍ਰਧਾਨ ਮਾਇਆਵਤੀ ਨੂੰ ਸੱਦਿਆ ਨਹੀਂ ਗਿਆ ਸੀ। ਕਾਂਗਰਸ ਇਸ ਮੌਕੇ ਦੀ ਵਰਤੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਵੀ ਕਰਨਾ ਚਾਹੁੰਦੀ ਸੀ। ਕਰਨਾਟਕ ਵਿੱਚ ਭਾਜਪਾ ਨੂੰ ਬੁਰੀ ਤਰ੍ਹਾਂ ਹਰਾਉਣ ਤੋਂ ਬਾਅਦ ਕਾਂਗਰਸ ਚਾਹੁੰਦੀ ਸੀ ਕਿ ਲੋਕਾਂ ਨੂੰ ਆਪੋਜ਼ੀਸ਼ਨ ਏਕਤਾ ਦਾ ਇਕ ਸਪੱਸ਼ਟ ਸੁਨੇਹਾ ਦੇਣਾ ਜ਼ਰੂਰੀ ਹੈ। ਭਾਜਪਾ ਨੇ ਕਰਨਾਟਕ ਚੋਣਾਂ ਨੂੰ ਇਕ ਤਰ੍ਹਾਂ ਨਾਲ 2024 ਦੀਆਂ ਲੋਕ ਸਭਾ ਚੋਣਾਂ ਦੇ ਹਿਸਾਬ ਨਾਲ ਪਲਾਨ ਕੀਤਾ ਸੀ, ਪਰ ਹੁਣ ਆਪੋਜ਼ੀਸ਼ਨ ਪਾਰਟੀਆਂ ਬੇਂਗਲੂਰੂ ਦੇ ਸਮਾਗਮ ਤੋਂ ਬਾਅਦ 2024 ਲਈ ਪੂਰੀ ਤਿਆਰੀ ਫੜ ਲੈਣਗੀਆਂ। ਭਾਜਪਾ ਨਾਲ ਟੱਕਰ ਲੈਣ ਲਈ ਤਿਆਰ ਤਕਰੀਬਨ ਸਾਰੀਆਂ ਪਾਰਟੀਆਂ ਦੇ ਵੱਡੇ ਆਗੂ ਸਹੁੰ ਚੁੱਕ ਸਮਾਗਮ ਵਿਚ ਪੁੱਜੇ। ਇਨ੍ਹਾਂ ਵਿਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਰਾਜਦ ਦੇ ਵੱਡੇ ਆਗੂ ਤੇਜਸਵੀ ਯਾਦਵ, ਐੱਨ ਸੀ ਪੀ ਪ੍ਰਧਾਨ ਸ਼ਰਦ ਪਵਾਰ, ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ, ਭਾਰਤੀ ਕਮਿਊਨਿਸਟ (ਬਾਕੀ ਸਫ਼ਾ 29 'ਤੇ)

## ਅਜੀਬੋ ਗ਼ਰੀਬ ਦੁਨੀਆਂ

# ਦੁਨੀਆਂ ਦੇ 5 ਅਜੀਬ ਅਤੇ ਮਸ਼ਹੂਰ ਪਿੰਡ



ਦੁਨੀਆਂ ’ਚ ਕਈ ਅਜਿਹੇ ਪਿੰਡ ਹਨ, ਜੋ ਕਿਸੇ ਨਾ ਕਿਸੇ ਕਾਰਨ ਮਸ਼ਹੂਰ ਹਨ। ਜਦੋਂ ਤੁਹਾਨੂੰ ਇਨ੍ਹਾਂ ਪਿੰਡਾਂ ਬਾਰੇ ਪਤਾ ਲੱਗੇਗਾ ਤਾਂ ਤੁਹਾਡੀ ਹੈਰਾਨੀ ਦੀ ਹੱਦ ਨਹੀਂ ਰਹੇਗੀ। ਕੁਝ ਸੁੰਦਰਤਾ ਲਈ ਜਾਣੇ ਜਾਂਦੇ ਹਨ ਅਤੇ ਕੁਝ ਗੰਦਗੀ ਲਈ। ਆਓ ਜਾਣਦੇ ਹਾਂ 5 ਅਜਿਹੇ ਪਿੰਡਾਂ ਬਾਰੇ ਜੋ ਬਹੁਤ ਹੀ ਅਜੀਬ ਚੀਜ਼ਾਂ ਲਈ ਮਸ਼ਹੂਰ ਹਨ।

### ਜੁਜਕਰ ਪਿੰਡ

ਸਪੇਨ ਵਿੱਚ ਜੁਜ਼ਕਰ ਨਾਮ ਦਾ ਇੱਕ ਪਿੰਡ ਹੈ। ਇਸ ਪਿੰਡ ਵਿੱਚ ਹਰ ਕਿਸੇ ਦਾ ਘਰ ਨੀਲਾ ਹੈ। ਸਾਲ 2011 ਵਿੱਚ ਕੁਝ ਲੋਕਾਂ ਨੇ ਇੱਥੇ 3-ਡੀ ਫਿਲਮ ਲਈ ਆਪਣੇ ਘਰਾਂ ਨੂੰ ਨੀਲਾ ਰੰਗ ਦਿੱਤਾ ਸੀ ਅਤੇ ਉਸ ਤੋਂ ਬਾਅਦ ਹੌਲੀ-ਹੌਲੀ ਸਾਰੇ ਪਿੰਡ ਦੇ ਲੋਕਾਂ ਨੇ ਆਪਣੇ ਘਰਾਂ ਨੂੰ ਨੀਲਾ ਰੰਗ ਦਿੱਤਾ।

### ਵਿਗਨੇਲਾ ਪਿੰਡ

ਵਿਗਾਨੇਲਾ ਇਟਲੀ ਦਾ ਇੱਕ ਪਿੰਡ ਹੈ। ਇਹ ਪਿੰਡ ਮਿਲਾਨ ਸ਼ਹਿਰ ਦੀ ਇੱਕ ਡੂੰਘੀ ਘਾਟੀ ਦੇ ਹੇਠਾਂ ਸਥਿਤ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਪਿੰਡ ਪੂਰੀ ਤਰ੍ਹਾਂ ਨਾਲ ਵਾਦੀਆਂ ਨਾਲ ਘਿਰਿਆ ਹੋਇਆ ਹੈ ਅਤੇ ਇੰਨੀ ਡੂੰਘਾਈ ਵਿੱਚ ਸਥਿਤ ਹੈ ਕਿ ਸਰਦੀਆਂ ਵਿੱਚ ਲਗਭਗ ਤਿੰਨ ਮਹੀਨੇ ਤੱਕ ਇੱਥੇ ਸੂਰਜ ਦੀ ਰੌਸ਼ਨੀ ਨਹੀਂ ਪਹੁੰਚਦੀ।

ਇਸ ਸਮੱਸਿਆ ਦੇ ਹੱਲ ਲਈ ਪਿੰਡ ਦੇ ਕੁਝ ਇੰਜਨੀਅਰਾਂ ਅਤੇ ਆਰਕੀਟੈਕਟਾਂ ਨੇ ਇੱਕ ਵੱਡਾ ਸ਼ੀਸ਼ਾ ਬਣਾਇਆ ਹੈ, ਜਿਸ ਨਾਲ ਸੂਰਜ ਦੀਆਂ ਕਿਰਨਾਂ ਰਿਫਲਿਕਸ਼ਨ ਕਰਕੇ ਪਿੰਡ ਵਿੱਚ ਪਹੁੰਚਦੀਆਂ ਹਨ ਅਤੇ ਪੂਰੇ ਪਿੰਡ ਨੂੰ ਧੁੱਪ ਮਿਲਦੀ ਹੈ। ਇਸ ਕਾਰਨ ਪਿੰਡ ਵਾਸੀਆਂ ਨੂੰ ਤਿੰਨ ਮਹੀਨੇ ਸਿਰਫ਼ ਰਿਫਲੈਕਟਿਡ ਧੁੱਪ ਨਾਲ ਹੀ ਕੰਮ ਕਰਨਾ ਪੈਂਦਾ ਹੈ। ਵਿਗਾਨੇਲਾ ਪਿੰਡ ਇਸ ਵਜ੍ਹਾ ਕਰਕੇ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ।

### ਅਲ-ਹੁਤੈਬ ਪਿੰਡ

ਯਮਨ ਦੀ ਰਾਜਧਾਨੀ ਸਨਾ ਦੇ ਪੱਛਮ ਵਿੱਚ ਸਥਿਤ ਇਹ ਪਿੰਡ ਧਰਤੀ ਦੀ ਸਤ੍ਹਾ ਤੋਂ ਲਗਭਗ 3,200 ਮੀਟਰ ਦੀ ਉਚਾਈ ’ਤੇ ਸਥਿਤ ਹੈ। ਇਹ ਪਿੰਡ ਇੰਨੀ ਉੱਚੀ ਥਾਂ ’ਤੇ ਸਥਿਤ ਹੈ ਕਿ ਇਸ ਪਿੰਡ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇੱਥੇ ਕਦੇ ਮੀਂਹ ਨਹੀਂ ਪੈਂਦਾ। ਇਸ ਦੇ ਪਿੱਛੇ ਦਾ ਕਾਰਨ ਇਹ ਹੈ ਕਿ ਇਸ ਪਿੰਡ ਦੇ ਹੇਠਾਂ ਹੀ ਬੱਦਲ ਵਰਖਾ ਕਰਦੇ ਹਨ। ਸੈਲਾਨੀ ਅਕਸਰ ਇੱਥੇ ਆਉਂਦੇ ਹਨ ਅਤੇ ਸ਼ਾਨਦਾਰ ਦ੍ਰਿਸ਼ਾਂ ਦਾ ਆਨੰਦ ਲੈਂਦੇ ਹਨ।

### ਟਿਲਟੇਪਕ ਪਿੰਡ

ਮੈਕਸੀਕੋ ਵਿੱਚ ਸਥਿਤ ਇਹ ਪਿੰਡ ਬਹੁਤ ਹੀ ਵੱਖਰਾ ਮੰਨਿਆ ਜਾਂਦਾ ਹੈ। ਇਹ ਸੁਣ ਕੇ ਸ਼ਾਇਦ ਤੁਹਾਨੂੰ ਯਕੀਨ ਨਾ ਆਵੇ ਪਰ ਤਿਲਟੇਪਕ ਪਿੰਡ ਦੇ ਕਈ ਲੋਕ ਅੰਨ੍ਹੇ ਹਨ। ਇਸ ਪਿੰਡ ਵਿੱਚ ਕਰੀਬ 60 ਝੌਂਪੜੀਆਂ ਹਨ। ਇਨ੍ਹਾਂ ਲੋਕਾਂ ਦੇ ਘਰਾਂ ਵਿੱਚ ਇੱਕ ਛੋਟੇ ਦਰਵਾਜ਼ੇ ਤੋਂ ਇਲਾਵਾ ਕੋਈ ਖਿੜਕੀ ਨਹੀਂ ਹੈ। ਇਸ ਪਿੰਡ ਵਿੱਚ ਮੈਕਸੀਕੋ ਦੀ ਸਰਕਾਰ ਨੇ ਲੋਕਾਂ ਦੀ ਮਦਦ ਲਈ ਕਈ ਉਪਰਾਲੇ ਕੀਤੇ ਹਨ ਅਤੇ ਹੁਣ ਵੀ ਕਈ ਉਪਰਾਲੇ ਕਰ ਰਹੇ ਹਨ ਤਾਂ ਜੋ ਵੱਧ ਤੋਂ ਵੱਧ ਲੋਕਾਂ ਦੀਆਂ ਅੱਖਾਂ ਠੀਕ ਹੋ ਸਕਣ।

### ਸਪੀਲਪਲਾਟਜ਼ ਪਿੰਡ

ਬਰਤਾਨੀਆ ਦੇ ਹਰਟਫੋਰਡਸ਼ਾਇਰ ਵਿੱਚ ਇੱਕ ਪਿੰਡ ਹੈ, ਜਿਸਦਾ ਨਾਂ ਸਪੀਲਪਲਾਟਜ਼ ਹੈ। ਇਸ ਥਾਂ ’ਤੇ ਕਈ ਸਾਲਾਂ ਤੋਂ ਲੋਕ ਬਿਨਾਂ ਕੱਪੜਿਆਂ ਦੇ ਰਹਿ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਸਿਰਫ ਬੁੱਢੇ ਹੀ ਨਹੀਂ ਛੋਟੇ ਬੱਚੇ ਵੀ ਬਿਨਾਂ ਕੱਪੜਿਆਂ ਦੇ ਰਹਿੰਦੇ ਹਨ। ਇੰਨਾ ਹੀ ਨਹੀਂ, ਇੱਥੋਂ ਦੇ ਲੋਕ ਇਹ ਵੀ ਮੰਨਦੇ ਹਨ ਕਿ ਭਗਵਾਨ ਨੇ ਲੋਕਾਂ ਨੂੰ ਬਿਨਾਂ ਕੱਪੜਿਆਂ ਦੇ ਭੇਜਿਆ ਹੈ, ਇਸ ਲਈ ਅਜਿਹੇ ਦਿਖਾਵੇ ਵਾਲੇ ਕੱਪੜੇ ਨਹੀਂ ਪਾਉਣੇ ਚਾਹੀਦੇ। ਇੱਥੋਂ ਦੇ ਲੋਕਾਂ ਕੋਲ ਵੱਡੀਆਂ-ਵੱਡੀਆਂ ਕੋਠੀਆਂ, ਸਵੀਮਿੰਗ ਪੂਲ, ਬਾਰ ਆਦਿ ਕਈ ਲਗਜ਼ਰੀ ਸਹੂਲਤਾਂ ਵੀ ਹਨ।



# ਬੇਰੁਜ਼ਗਾਰ ਨੌਜਵਾਨਾਂ ਨੇ ਕਰਮਚਾਰੀ ਚੋਣ ਬੋਰਡ ਨੂੰ ਸੌਂਪਿਆ 1111 ਫ਼ੁੱਟ ਲੰਬਾ ਮੰਗ ਪੱਤਰ



ਜੈਪੁਰ: ਪਿਛਲੇ ਸਾਢੇ ਚਾਰ ਸਾਲਾਂ ਤੋਂ ਨੌਜਵਾਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਕਈ ਵਾਰ ਪ੍ਰਦਰਸ਼ਨ ਕੀਤਾ ਹੈ। ਬੇਰੁਜ਼ਗਾਰ ਨੌਜਵਾਨ ਸਰਕਾਰ ਤੋਂ ਸਮੇਂ-ਸਮੇਂ ’ਤੇ ਆਪਣੇ ਹੱਕਾਂ ਲਈ ਅੰਦੋਲਨ ਕਰਕੇ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਹਨ। ਬੇਰੁਜ਼ਗਾਰ ਨੌਜਵਾਨਾਂ ਦਾ ਧਿਆਨ ਇਸ ਪਾਸੇ ਕੇਂਦਰਿਤ ਕਰਨ ਲਈ ਸਰਕਾਰ ਨੂੰ ਨਵੇਂ-ਨਵੇਂ ਤਰੀਕੇ ਅਪਣਾ ਕੇ ਅਤੇ ਪ੍ਰਦਰਸ਼ਨ ਕਰਕੇ ਮੰਗ ਪੱਤਰ ਸੌਂਪਿਆ ਜਾ ਰਿਹਾ ਹੈ। ਇਸੇ ਤਰ੍ਹਾਂ ਇੱਕ ਵਾਰ ਫਿਰ ਬੇਰੁਜ਼ਗਾਰ ਨੌਜਵਾਨਾਂ ਨੇ ਜੈਪੁਰ ਵਿੱਚ ਰਾਜਸਥਾਨ ਕਰਮਚਾਰੀ ਚੋਣ ਬੋਰਡ ਦਾ ਘਿਰਾਓ ਕਰਕੇ ਮੰਗ ਪੱਤਰ ਸੌਂਪਿਆ। ਪਰ ਇਹ ਮੈਮੋਰੰਡਮ ਵੱਖਰਾ ਸੀ ਕਿਉਂਕਿ ਇਸ ਦੀ ਲੰਬਾਈ 1111 ਫੁੱਟ ਸੀ, ਜਿਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਮੈਮੋਰੰਡਮ ਕਿਹਾ ਜਾ ਸਕਦਾ ਹੈ।ਰਾਜਸਥਾਨ ਬੇਰੁਜ਼ਗਾਰ ਏਕੀਕ੍ਰਿਤ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਉਪੇਨ ਯਾਦਵ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਨਾਅਰੇਬਾਜ਼ੀ ਕੀਤੀ। ਜਿੱਥੇ ਸਟਾਫ਼ ਸਿਲੈਕਸ਼ਨ ਬੋਰਡ ਨੇ ਪੀ.ਟੀ.ਆਈ ਭਰਤੀ, ਅਧਿਆਪਕ ਭਰਤੀ ਦੇ ਨਤੀਜੇ ਜਲਦੀ ਤੋਂ ਜਲਦੀ ਜਾਰੀ ਕਰਨ ਅਤੇ ਕੈਲੰਡਰ ਜਾਰੀ ਕਰਨ ਅਤੇ ਨਵੀਂ ਭਰਤੀ ਪ੍ਰੀਖਿਆਵਾਂ ਦਾ ਕੈਲੰਡਰ ਜਾਰੀ ਕਰਨ ਲਈ ਕਰਮਚਾਰੀ ਚੋਣ ਬੋਰਡ ਦਾ ਘਿਰਾਓ ਕਰਨ ਦੇ ਨਾਲ-ਨਾਲ ਇੱਕ ਲੱਖ ਨਵੀਆਂ ਭਰਤੀਆਂ ਦਾ ਵਿਭਾਗੀ ਵਰਗੀਕਰਨ ਵੀ ਕੀਤਾ।

**ਦੁਨੀਆਂ ਦਾ ਸਭ ਤੋਂ ਵੱਡਾ ਮੈਮੋਰੰਡਮ**

ਇਸ ਮੌਕੇ ਬੇਰੁਜ਼ਗਾਰ ਨੌਜਵਾਨਾਂ ਦੀਆਂ ਵੱਖ-ਵੱਖ ਮੰਗਾਂ ਸਬੰਧੀ ਘਿਰਾਓ ਤੋਂ ਬਾਅਦ ਵਿਸ਼ਵ ਦਾ ਸਭ ਤੋਂ ਲੰਬਾ ਮੰਗ ਪੱਤਰ ਦਿੱਤਾ ਗਿਆ, ਜਿਸ ਦੀ ਲੰਬਾਈ 1111 ਫੁੱਟ ਸੀ। ਉਪੇਨ ਯਾਦਵ ਨੇ ਦਾਅਵਾ ਕੀਤਾ ਕਿ ਇਹ ਦੁਨੀਆ ਦਾ ਸਭ ਤੋਂ ਵੱਡਾ ਇਤਿਹਾਸਕ ਮੈਮੋਰੰਡਮ ਹੈ।

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਅੰਤਰਰਾਸ਼ਟਰੀ ਝਰੋਖਾ

## ਟਵਿੱਟਰ ਨੇ ਮਾਈਕ੍ਰੋਸਾਫਟ 'ਤੇ ਆਪਣੇ ਡੇਟਾ ਦੀ ਦੁਰਵਰਤੋਂ ਦਾ ਦੋਸ਼ ਲਗਾਇਆ




ਸੇਨ ਫ੍ਰਾਂਸਿਸਕੋ/ਏ.ਟੀ.ਨਿਊਜ਼: ਟਵਿੱਟਰ ਦੇ ਇੱਕ ਵਕੀਲ ਨੇ ਤਕਨੀਕੀ ਦਿੱਗਜ ਮਾਈਕ੍ਰੋਸਾਫਟ 'ਤੇ ਆਪਣੀ ਸੇਵਾ 'ਤੇ ਡੇਟਾ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਇਆ ਹੈ ਅਤੇ ਸਾਫਟਵੇਅਰ ਦਿੱਗਜ ਦੁਆਰਾ ਆਡਿਟ ਦੀ ਮੰਗ ਕੀਤੀ ਹੈ। ਪੱਤਰ ਵਿੱਚ ਮੁੱਖ ਤੌਰ 'ਤੇ ਮਾਈਕ੍ਰੋਸਾਫਟ 'ਤੇ ਟਵਿੱਟਰ ਦੇ ਟਵੀਟ ਡੇਟਾਬੇਸ ਦੀ ਦੁਰਵਰਤੋਂ ਦਾ ਦੋਸ਼ ਲਗਾਇਆ ਗਿਆ ਹੈ। ਪਰ, ਇਹ ਕਦਮ ਦੋਵਾਂ ਕੰਪਨੀਆਂ ਵਿਚਕਾਰ ਕਾਨੂੰਨੀ ਜੰਗ ਸ਼ੁਰੂ ਹੋਣ ਦਾ ਪ੍ਰਭਾਵ ਦਿੰਦਾ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਇੱਕ ਸਾਲ ਵਿੱਚ, 60% ਅਮਰੀਕੀ ਉਪਭੋਗਤਾਵਾਂ ਨੇ ਟਵਿੱਟਰ ਦੀ ਵਰਤੋਂ ਬੰਦ ਕਰ ਦਿੱਤੀ ਹੈ।

### ਐਲੋਨ ਮਸਕ ਦਾ ਵੱਡਾ ਤੋਹਫ਼ਾ

## ਹੁਣ ਯੂਜ਼ਰਸ 2 ਘੰਟੇ ਦੀ ਵੀਡੀਓ ਕਰ ਸਕਣਗੇ ਅਪਲੋਡ



ਵਾਸ਼ਿੰਗਟਨ/ਏ.ਟੀ.ਨਿਊਜ਼ : ਐਲੋਨ ਮਸਕ ਨੇ ਟਵਿਟਰ ਯੂਜ਼ਰਸ ਨੂੰ ਵੱਡਾ ਤੋਹਫਾ ਦਿੱਤਾ ਹੈ। ਹੁਣ ਟਵਿੱਟਰ ਯੂਜ਼ਰਸ ਪਲੇਟਫਾਰਮ 'ਤੇ 2 ਘੰਟੇ ਦਾ ਪੂਰਾ ਵੀਡੀਓ ਅਪਲੋਡ ਕਰ ਸਕਣਗੇ। ਜੀ ਹਾਂ, ਮਸਕ ਨੇ ਇਸ ਗੱਲ ਦਾ ਐਲਾਨ ਕੀਤਾ ਹੈ। ਉਸਨੇ ਪਲੇਟਫਾਰਮ 'ਤੇ ਲਿਖਿਆ, ਟਵਿੱਟਰ ਬਲੂ ਗਾਹਕ, ਹੁਣ 2 ਘੰਟੇ ਦੀ ਵੀਡੀਓ ਤੁਸੀਂ ਅੱਪਲੋਡ ਕਰ ਸਕਦੇ ਹੋ। ਦੱਸ ਦੇਈਏ ਕਿ ਗੈਰ-ਟਵਿਟਰ ਬਲੂ ਗਾਹਕ ਸਿਰਫ 140 ਸਕਿੰਟ (2 ਮਿੰਟ, 20 ਸਕਿੰਟ) ਤੱਕ ਦੇ ਵੀਡੀਓ ਅਪਲੋਡ ਕਰ ਸਕਦਾ ਹੈ। ਨਵੀਂ ਵਿਸ਼ੇਸ਼ਤਾ ਸਿਰਫ਼ ਬਲੂ ਸਬਸਕ੍ਰਿਪਸ਼ਨ ਲਈ ਭੁਗਤਾਨ ਕਰਨ ਵਾਲੇ ਗ੍ਰਾਹਕਾਂ ਲਈ ਉਪਲਬਧ ਹੋਵੇਗੀ।

## ਪੰਜ ਸਾਲਾਂ 'ਚ ਤਾਪਮਾਨ ਦਾ ਰਿਕਾਰਡ ਟੁੱਟਣ ਦੀ ਸੰਭਾਵਨਾ ਵਧੀ : ਵਿਸ਼ਵ ਮੌਸਮ ਵਿਗਿਆਨ ਸੰਗਠਨ



ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼: ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ.ਐੱਮ.ਓ.) ਨੇ ਜਾਰੀ ਇਕ ਰਿਪੋਰਟ 'ਚ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ 'ਚ ਜਲਵਾਯੂ ਪਰਿਵਰਤਨ ਦੇ ਬੁਰੇ ਪ੍ਰਭਾਵਾਂ ਨੂੰ ਸੀਮਤ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ 1.5 ਡਿਗਰੀ ਸੈਲਸੀਅਸ ਗਲੋਬਲ ਵਾਰਮਿੰਗ ਸੀਮਾ ਨੂੰ ਪਾਰ ਕਰਨ ਦੀ ਸੰਭਾਵਨਾ ਦੋ-ਤਿਹਾਈ ਵਧ ਗਈ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਰਮੀ ਨੂੰ ਸੋਖਣ ਵਾਲੀਆਂ ਗ੍ਰੀਨਹਾਊਸ ਗੈਸਾਂ ਅਤੇ ਅਲ ਨੀਨੋ ਕਾਰਨ ਅਗਲੇ ਪੰਜ ਸਾਲਾਂ ਵਿੱਚ ਵਿਸ਼ਵ ਦਾ ਤਾਪਮਾਨ ਰਿਕਾਰਡ ਪੱਧਰ ਤੱਕ ਵਧ ਜਾਵੇਗਾ। ਇਸ ਦੌਰਾਨ, ਇਸ ਗੱਲ ਦੀ 98 ਪ੍ਰਤੀਸ਼ਤ ਸੰਭਾਵਨਾ ਹੈ ਕਿ 2023 ਅਤੇ 2027 ਦੇ ਵਿਚਕਾਰ, ਇੱਕ ਅਜਿਹਾ ਸਾਲ ਹੋਵੇਗਾ ਜੋ 2016 ਦਾ ਰਿਕਾਰਡ ਤੋੜ ਦੇਵੇਗਾ, ਜੋ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਹੋਵੇਗਾ।

ਰਿਪੋਰਟ ਦੇ ਅਨੁਸਾਰ, ਇਸ ਗੱਲ ਦੀ 66 ਪ੍ਰਤੀਸ਼ਤ ਸੰਭਾਵਨਾ ਹੈ ਕਿ 2023 ਅਤੇ 2027 ਦੇ ਵਿਚਕਾਰ ਔਸਤ ਸਲਾਨਾ ਨਜ਼ਦੀਕੀ ਸਤਹ ਗਲੋਬਲ ਤਾਪਮਾਨ ਉਦਯੋਗਿਕ ਯੁੱਗ ਦੇ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਜਾਵੇਗਾ।

**ਸਥਾਈ ਨਹੀਂ ਹੋਵੇਗੀ ਤਬਦੀਲੀ**

ਰਾਹਤ ਦੀ ਗੱਲ ਇਹ ਹੈ ਕਿ ਇਹ ਤਬਦੀਲੀ ਸਥਾਈ ਨਹੀਂ ਹੋਵੇਗੀ, (**ਬਾਕੀ ਸਫ਼ਾ 31 'ਤੇ**)

## ਚੀਨ ਦੇ ਸ਼ਹਿਰਾਂ 'ਤੇ ਕਰੋੜਾਂ ਰੁਪਏ ਦਾ ਕਰਜ਼ ਹੇਗਾਂਗ ਸ਼ਹਿਰ 'ਚ ਲੱਗੀ ਐਮਰਜੈਂਸੀ

ਹੇਗਾਂਗ/ਏ.ਟੀ.ਨਿਊਜ਼ : ਦੁਨੀਆਂ ਅਤੇ ਦੇਸ਼ਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾਉਣ ਵਾਲੇ ਚੀਨ ਦੇ ਸ਼ਹਿਰ ਹੁਣ ਕਰਜ਼ੇ ਦੇ ਬੋਝ ਹੇਠ ਦੱਬਦੇ ਜਾ ਰਹੇ ਹਨ। ਗੋਲਡਮੈਨ ਸਾਕਸ ਦੀ ਇੱਕ ਰਿਪੋਰਟ ਅਨੁਸਾਰ ਚੀਨ ਦੀਆਂ ਮਿਉਂਸਪਲ ਕਾਰਪੋਰੇਸ਼ਨਾਂ 'ਤੇ 1900 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੋ ਗਿਆ ਹੈ। ਕਰਜ਼ੇ ਤੋਂ ਬਾਹਰ ਨਿਕਲਣ ਲਈ ਰੂਸ ਨੇੜੇ ਚੀਨ ਦੇ ਹੇਗਾਂਗ ਸ਼ਹਿਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸ਼ਹਿਰ ਦੀ ਆਬਾਦੀ 10 ਲੱਖ ਤੋਂ ਵੱਧ ਹੈ। ਇੱਥੇ ਨਗਰ ਨਿਗਮ ਨੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਜੁਰਮਾਨਾ ਵੀ ਵਧਾ ਦਿੱਤਾ ਹੈ। ਪਬਲਿਕ ਹੀਟਿੰਗ ਸੈਂਟਰਾਂ ਦਾ ਸਿਸਟਮ ਵੀ ਬੰਦ ਕਰ ਦਿੱਤਾ ਗਿਆ ਹੈ। ਇੱਥੋਂ ਦੀਆਂ ਕਈ ਦੁਕਾਨਾਂ ਵੀ ਹਮੇਸ਼ਾ ਲਈ ਬੰਦ ਹੋ ਗਈਆਂ ਹਨ।



ਇੱਥੋਂ ਤੱਕ ਕਿ ਇਸ ਸ਼ਹਿਰ ਦੇ ਸਫ਼ਾਈ ਕਰਮਚਾਰੀਆਂ ਨੂੰ ਵੀ ਕਈ ਮਹੀਨਿਆਂ ਤੋਂ ਤਨਖ਼ਾਹਾਂ ਨਹੀਂ ਦਿੱਤੀਆਂ ਗਈਆਂ ਹਨ। ਸਕੂਲ ਦੇ ਅਧਿਆਪਕ ਵੀ ਚਿੰਤਤ ਹਨ ਕਿ ਹੁਣ ਸਰਕਾਰ ਉਨ੍ਹਾਂ ਨੂੰ ਵੀ ਹਟਾ ਦੇਵੇਗੀ। ਹਸਪਤਾਲ ਦੀਆਂ ਸਰਕਾਰੀ ਸਹੂਲਤਾਂ ਵੀ ਤੀਜੀ ਧਿਰ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ, ਤਾਂ ਜੋ ਉਹ ਸੇਵਾ ਦੇ ਬਦਲੇ ਲੋਕਾਂ ਤੋਂ ਵਸੂਲੀ ਕਰ ਸਕਣ ਅਤੇ ਨਗਰ ਨਿਗਮ ਨੂੰ ਕਮਾਈ ਹੋ ਸਕੇ। ਇਸ ਤੋਂ ਇਲਾਵਾ ਹਸਪਤਾਲ ਦਾ ਸਟਾਫ਼ ਵੀ ਤੀਜੀ ਧਿਰ ਨੂੰ ਸੌਂਪ ਦਿੱਤਾ ਗਿਆ ਹੈ।

# ਸਿਹਤ ਲਈ ਖ਼ਤਰਨਾਕ ਨੇ ਸ਼ੂਗਰ ਫ੍ਰੀ ਗੋਲੀਆਂ !

## ਵਿਸ਼ਵ ਸਿਹਤ ਸੰਗਠਨ ਨੇ ਗੋਲੀਆਂ ਦੀ ਵਰਤੋਂ ਕਰਨ ਤੋਂ ਰੋਕਿਆ

ਵਧਦੇ ਭਾਰ ਅਤੇ ਮੋਟਾਪੇ ਨੂੰ ਕਾਬੂ 'ਚ ਰੱਖਣ ਦੇ ਨਾਲ ਨਾਲ ਗੈਰ-ਸੰਚਾਰੀ ਰੋਗਾਂ (ਨਾਨ ਕਮਿਊਨੀਕੇਬਲ ਡਿਸੀਜ਼ਿਜ਼) ਦੇ ਖਤਰੇ ਨੂੰ ਘੱਟ ਕਰਨ ਲਈ ਖੰਡ ਦੀ ਥਾਂ 'ਤੇ ਜੇ ਤੁਸੀਂ ਸ਼ੂਗਰ ਫ੍ਰੀ ਗੋਲੀਆਂ ਦੀ ਵਰਤੋਂ ਕਰ ਰਹੇ ਹੋ ਤਾਂ ਤੁਹਾਨੂੰ ਚੌਕਸ ਜ਼ਰੂਰ ਰਹਿਣਾ ਚਾਹੀਦਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਊ. ਐੱਚ. ਓ.) ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹੋਏ ਕਿਹਾ ਹੈ ਕਿ ਆਈਸਟਾਕ ਬਨਾਵਟੀ ਮਿਠਾਸ ਸਰੀਰ ਦੇ ਵਧਦੇ ਭਾਰ ਅਤੇ ਮੋਟਾਪੇ ਨੂੰ ਕਾਬੂ 'ਚ ਨਹੀਂ ਰੱਖਦੀ ਹੈ ਇਸ ਲਈ ਮਿਠਾਸ ਦੇ ਇਨ੍ਹਾਂ ਬਨਾਵਟੀ ਤੇ ਕੁਦਰਤੀ ਬਦਲਾਂ ਤੋਂ ਬਚਣਾ ਚਾਹੀਦਾ ਹੈ।



ਅਕਸਰ ਇਸ ਬਨਾਵਟੀ ਮਿਠਾਸ ਦੀ ਵਰਤੋਂ ਡੱਬਾ-ਬੰਦ ਖਾਣ ਵਾਲੇ ਅਤੇ ਪੀਣ ਵਾਲੇ ਪਦਾਰਥਾਂ 'ਚ ਕੀਤੀ ਜਾਂਦੀ ਹੈ ਅਤੇ ਦਰਸਾਇਆ ਜਾਂਦਾ ਹੈ ਕਿ ਇਹ ਪਦਾਰਥ ਸਿਹਤ ਲਈ ਸੁਰੱਖਿਅਤ ਹਨ। ਗਾਹਕ ਵੀ ਇਨ੍ਹਾਂ ਨੂੰ ਵਧੀਆ ਸਮਝ ਕੇ ਆਪਣੇ ਖਾਣ ਪੀਣ ਦੀਆਂ ਚੀਜ਼ਾਂ ਜਿਵੇਂ ਚਾਹ, ਕਾਫੀ ਆਦਿ 'ਚ ਖੰਡ ਦੀ ਥਾਂ 'ਤੇ ਇਸ ਦੀ ਵਰਤੋਂ ਕਰਦੇ ਹਨ। ਹਾਲਾਂਕਿ ਹੁਣ ਇਸ ਨੂੰ ਸਿਹਤ ਲਈ ਠੀਕ ਨਹੀਂ ਮੰਨਿਆ ਗਿਆ ਹੈ।

ਡਬਲਿਊ. ਐੱਚ. ਓ. ਦੇ ਇਹ ਦਿਸ਼ਾ-ਨਿਰਦੇਸ਼ ਸ਼ੂਗਰ ਤੋਂ ਪੀੜਤ ਲੋਕਾਂ ਨੂੰ ਛੱਡ ਕੇ ਹਰ ਕਿਸੇ 'ਤੇ ਲਾਗੂ ਹੁੰਦੇ ਹਨ। ਨਾਲ ਹੀ ਇਹ ਨਿੱਜੀ ਦੇਖਭਾਲ ਅਤੇ ਸਵੱਛਤਾ ਨਾਲ ਜੁੜੇ ਉਤਪਾਦਾਂ ਜਿਵੇਂ ਟੁੱਥਪੇਸਟ, ਚਮੜੀ ਦੀਆਂ ਕ੍ਰੀਮਾਂ, ਦਵਾਈਆਂ, ਘੱਟ ਕੈਲੋਰੀ ਵਾਲੀ ਸ਼ੂਗਰ ਅਤੇ ਸ਼ੂਗਰ ਵਾਲੀ ਅਲਕੋਹਲ (ਸ਼ਰਾਬ) ਲਈ ਨਹੀਂ ਹਨ ਕਿਉਂਕਿ ਇਨ੍ਹਾਂ ਉਤਪਾਦਾਂ 'ਚ ਕੈਲੋਰੀ ਹੁੰਦੀ ਹੈ ਅਤੇ ਇਨ੍ਹਾਂ ਨੂੰ ਗੈਰ-ਸ਼ੱਕਰ ਯੁਕਤ ਮਿਠਾਸ ਨਹੀਂ ਮੰਨਿਆ ਜਾ ਸਕਦਾ।

ਸਿਹਤ ਸੰਗਠਨ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਖੁਰਾਕ ਵਿਚ ਗੈਰ-ਸ਼ੱਕਰ ਯੁਕਤ ਮਿਠਾਸ ਦੀ ਕੋਈ ਲੋੜ ਨਹੀਂ ਹੈ, ਇਸ 'ਚ ਕੋਈ ਪੋਸ਼ਣ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਲੋਕਾਂ ਨੂੰ ਆਪਣੇ ਭੋਜਨ ਵਿਚ ਮਿਠਾਸ ਲਈ ਇਨ੍ਹਾਂ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਹ ਵਧੀਆ ਸਿਹਤ ਦੇ ਲਈ ਜ਼ਰੂਰੀ ਹੈ ਅਤੇ ਇਸ ਦੀ ਸ਼ੁਰੂਆਤ ਬਚਪਨ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ।

**ਕੀ ਕਹਿੰਦੇ ਹਨ ਡਬਲਿਊ. ਐੱਚ. ਓ. ਦੇ ਨਿਰਦੇਸ਼**

ਇਸ ਬਾਰੇ ਜਰਨਲ ਨੇਚਰ ਮੈਡੀਸਿਨ ਵਿਚ ਵੀ ਪ੍ਰਕਾਸ਼ਿਤ ਇਕ ਅਧਿਐਨ ਨੇ ਵੀ ਪੁਸ਼ਟੀ ਕੀਤੀ ਹੈ ਕਿ ਆਮ ਤੌਰ 'ਤੇ ਵਰਤੇ ਜਾਣ ਵਾਲੇ ਬਨਾਵਟੀ ਸਵੀਟਨਰ ਨਾਲ ਦਿਲ ਦੇ ਦੌਰੇ ਦੇ ਨਾਲ-ਨਾਲ ਸਟ੍ਰੋਕ ਦਾ ਖਤਰਾ ਵੀ ਵੱਧ ਜਾਂਦਾ ਹੈ। ਇਸ ਬਾਰੇ ਕਲੀਵਲੈਂਡ ਕਲੀਨਿਕ ਵੱਲੋਂ ਕੀਤੀ ਗਈ ਰਿਸਰਚ 'ਚ ਵੀ ਐਰੀਥ੍ਰਿਟੋਲ ਨਾਂ ਦੇ ਆਰਟੀਫੀਸ਼ੀਅਲ ਸਵੀਟਨਰ ਨੂੰ ਲੈ ਕੇ ਚੌਕਸ ਕੀਤਾ ਗਿਆ ਹੈ।

(**ਬਾਕੀ ਸਫ਼ਾ 31 'ਤੇ**)

## ਐਲੋਨ ਮਸਕ ਤੋਂ ਬਾਅਦ ਹੁਣ ਜੇਫ ਬੇਜੋਸ ਨੂੰ ਮਿਲਿਆ ਨਾਸਾ ਦਾ ਕੰਟਰੈਕਟ

ਵਾਸ਼ਿੰਗਟਨ/ਏ.ਟੀ.ਨਿਊਜ਼ :ਐਲੋਨ ਮਸਕ ਦੀ ਕੰਪਨੀ ਸਪੇਸ ਐਕਸ ਤੋਂ ਬਾਅਦ ਹੁਣ ਅਰਬਪਤੀ ਜੈਫ ਬੇਜੋਸ ਦੀ ਕੰਪਨੀ ਬਲੂ ਓਰਿਜਿਨ ਨਾਸਾ ਨੇ ਨਾਲ ਹੀ ਮੂਨ ਕੰਟਰੈਕਟ ਸਾਈਨ ਕੀਤਾ ਹੈ। ਇਸ ਇਕਰਾਰਨਾਮੇ ਦਾ ਨਾਂ 'ਆਰਟੇਮਿਸ-5 ਮਿਸ਼ਨ' ਰੱਖਿਆ ਗਿਆ ਹੈ। ਨਾਸਾ ਦਾ ਐਲੋਨ ਮਸਕ ਦੇ ਸਪੇਸਐਕਸ ਨਾਲ 2025 ਤੱਕ ਚੰਨ 'ਤੇ ਮਨੁੱਖਾਂ ਨੂੰ ਭੇਜਣ ਲਈ 3 ਬਿਲੀਅਨ ਡਾਲਰ ਦਾ ਪਹਿਲਾਂ ਤੋਂ ਹੀ ਇਕਰਾਰਨਾਮਾ ਹੈ। ਇਸ ਦੌਰਾਨ ਨਾਸਾ ਨੇ ਜੈਫ ਬੇਜੋਸ ਦੀ ਕੰਪਨੀ ਬਲੂ ਓਰਿਜਿਨ ਨਾਲ ਵੀ ਅਜਿਹਾ ਹੀ ਇਕਰਾਰਨਾਮਾ ਕੀਤਾ ਹੈ। ਇਸ ਕਰਾਰ ਦਾ ਮੁੱਲ 3.4 ਬਿਲੀਅਨ ਡਾਲਰ ਹੈ। ਇਸ ਤਰ੍ਹਾਂ ਚੰਨ 'ਤੇ ਇਨਸਾਨਾਂ ਨੂੰ ਭੇਜਣ ਲਈ ਦੋ ਅਰਬਪਤੀਆਂ ਵਿਚਾਲੇ ਦਿਲਚਸਪ ਦੌੜ ਸ਼ੁਰੂ ਹੋ ਗਈ ਹੈ।




ਜੈਫ ਬੇਜੋਸ ਨੇ ਇੱਕ ਬਿਆਨ ਵਿੱਚ ਐਲਾਨ ਕੀਤਾ ਕਿ ਉਸਨੇ ਨਾਸਾ ਨਾਲ ਇੱਕ ਮਹੱਤਵਪੂਰਨ ਸਮਝੌਤਾ ਕੀਤਾ ਹੈ, ਜਿਸ ਤਹਿਤ ਉਹ ਮਨੁੱਖਾਂ ਨੂੰ ਚੰਨ 'ਤੇ ਭੇਜਣ ਦੇ ਆਪਣੇ ਟੀਚੇ ਦੇ ਨੇੜੇ ਆ ਗਏ ਹਨ।

ਨਾਸਾ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਬੇਜੋਸ ਦੀ ਨਿੱਜੀ ਰਾਕੇਟ ਕੰਪਨੀ ਬਲੂ ਓਰਿਜਿਨ ਨੂੰ ਆਰਟੇਮਿਸ ਪ੍ਰੋਗਰਾਮ ਦੇ ਹਿੱਸੇ ਵਜੋਂ ਇਕਰਾਰਨਾਮਾ ਮਿਲਿਆ ਹੈ। ਇਸ ਦਾ ਮਕਸਦ ਪੁਲਾੜ ਯਾਤਰੀਆਂ ਨੂੰ ਚੰਨ 'ਤੇ ਲਿਜਾਣਾ ਹੈ। ਨਾਸਾ ਦੇ ਇਕ ਅਧਿਕਾਰੀ ਨੇ ਇਕਰਾਰਨਾਮੇ ਬਾਰੇ ਕਿਹਾ ਹੈ ਕਿ ਮਸਕ ਅਤੇ ਸਪੇਸਐਕਸ ਦੀ ਅਗਵਾਈ ਵਿੱਚ, ਬਲੂ ਓਰਿਜਿਨ ਦੇ ਨਾਲ ਨਾਸਾ ਦਾ ਹੁਣੇ ਜਿਹੇ ਹੋਇਆ ਇਕਰਾਰਨਾਮਾ ਦੋ ਅਰਬਪਤੀਆਂ ਵਿਚਾਲੇ ਮੁਕਾਬਲੇ ਨੂੰ ਤੇਜ਼ ਕਰੇਗਾ। ਨਾਸਾ ਵੱਧ ਤੋਂ ਵੱਧ ਮੁਕਾਬਲਾ ਚਾਹੁੰਦਾ ਹੈ ਤਾਂ ਜੋ ਕੋਈ ਪ੍ਰੋਗਰਾਮ ਫੇਲ ਹੋਣ 'ਤੇ ਵੀ ਉਸ ਦਾ ਬੈਕਅੱਪ ਤਿਆਰ ਰਹੇ।

ਇਕ ਰਿਪੋਰਟ ਮੁਤਾਬਕ ਨਾਸਾ ਨੇ ਬੇਜੋਸ ਦੀ ਕੰਪਨੀ ਤੋਂ ਲੂਨਰ ਲੈਂਡਰ ਦੀ ਮੰਗ ਕੀਤੀ ਹੈ। ਜੋ ਕਿ 50 ਫੁੱਟ ਦੇ ਪੁਲਾੜ ਯਾਨ ਦਾ ਹਿੱਸਾ ਹੋਵੇਗਾ। ਜਿਸ ਨੂੰ ਬਲੂ ਮੂਨ ਕਿਹਾ ਜਾਂਦਾ ਹੈ। ਮਿਸ਼ਨ ਨੂੰ 2029 ਵਿੱਚ ਲਾਂਚ ਕੀਤਾ ਜਾਵੇਗਾ। ਇਸ ਦੇ ਜ਼ਰੀਏ ਪੁਲਾੜ ਯਾਤਰੀਆਂ ਨੂੰ ਚੰਦਰਮਾ ਦੀ ਸਤ੍ਹਾ 'ਤੇ ਉਤਾਰਿਆ ਜਾਵੇਗਾ।

## ਸਕੂਲ ਹੋਸਟਲ 'ਚ ਲੱਗੀ ਭਿਆਨਕ ਅੱਗ, 20 ਬੱਚਿਆਂ ਦੀ ਦਰਦਨਾਕ ਮੌਤ, ਕਈ ਲਾਪਤਾ



ਜੌਰਜਟਾਊਨ/ਏ.ਟੀ.ਨਿਊਜ਼ : ਗੁਆਨਾ ਵਿੱਚ ਇਕ ਸਕੂਲ ਦੇ ਹੋਸਟਲ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 20 ਬੱਚੇ ਸੁੱਤੇ ਹੀ ਮੌਤ ਦੇ ਮੂੰਹ ਵਿੱਚ ਚਲੇ ਗਏ। ਮੀਡੀਆ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ। ਰਿਪੋਰਟ ਮੁਤਾਬਕ ਐਤਵਾਰ ਦੀ ਰਾਤ ਨੂੰ ਸੈਂਟਰਲ ਗੁਆਨਾ ਦੇ ਮਹਿਦੀਆ ਸੈਕੰਡਰੀ ਸਕੂਲ ਵਿੱਚ ਅੱਗ ਰਾਤ ਕਰੀਬ 11.40 ਵਜੇ ਲੱਗੀ। ਰਾਸ਼ਟਰਪਤੀ ਇਰਫਾਨ ਅਲੀ ਨੇ ਇਸਨੂੰ ਇੱਕ ਵੱਡੀ ਆਫ਼ਤ ਦੱਸਿਆ।

ਰਾਸ਼ਟਰਪਤੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਇੱਕ ਭਿਆਨਕ, ਦੁਖਦਾਈ ਅਤੇ ਦਰਦਨਾਕ ਘਟਨਾ ਹੈ ਅਤੇ ਮੈਂ ਮਾਪਿਆਂ ਅਤੇ ਬੱਚਿਆਂ ਦੇ ਦਰਦ ਦੀ ਕਲਪਨਾ ਨਹੀਂ ਕਰ ਸਕਦਾ ਅਤੇ ਇੱਕ ਦੇਸ਼ ਦੇ ਰੂਪ ਵਿੱਚ ਸਾਨੂੰ ਇਸ ਨਾਲ ਨਜਿੱਠਣਾ ਹੋਵੇਗਾ। ਸਿਹਤ ਅਧਿਕਾਰੀਆਂ ਦੀ ਸਹਾਇਤਾ ਲਈ ਪੰਜ ਜਹਾਜ਼ਾਂ ਨੇ ਕਥਿਤ ਤੌਰ 'ਤੇ ਉਡਾਣ ਭਰੀ ਹੈ, ਜਿਸ ਵਿੱਚ 7 ਬੱਚਿਆਂ ਨੂੰ ਇਲਾਜ ਲਈ ਜਾਰਜਟਾਊਨ ਲਿਜਾਣ ਦੀ ਯੋਜਨਾ ਹੈ। ਸਥਾਨਕ ਮੀਡੀਆ ਅਨੁਸਾਰ ਬਹੁਤ ਸਾਰੇ ਬੱਚੇ ਲਾਪਤਾ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

24 ਮਈ ਤੋਂ 30 ਮਈ, 2023

## ਗੁਰਦੁਆਰਿਆਂ ਦੀ ਸੇਵਾ ਸੰਭਾਲ - ਪਾਉਂਟਾ ਸਾਹਿਬ ਦੇ ਸਾਕੇ ਨੂੰ ਯਾਦ ਕਰਦਿਆਂ

ਸਿੱਖ ਲਈ ਸਭ ਤੋਂ ਸਿਰਮੌਰ ਗੁਰੂ ਦਾ ਅਦਬ ਹੈ। ਇਸ ਕਾਰਜ ਲਈ ਭਾਵੇਂ ਸ਼ਾਂਤਮਈ ਸ਼ਹਾਦਤ ਦੇਣੀ ਪਵੇ, ਭਾਵੇਂ ਤੇਗ ਵਾਹੁਣੀ ਪਵੇ ਅਤੇ ਭਾਵੇਂ ਕੋਈ ਵੀ ਹੋਰ ਰਾਹ ਹੋਵੇ, ਗੁਰੂ ਦਾ ਸਿੱਖ ਇਸ ਉੱਤਮ ਕਾਰਜ ਲਈ ਕਿਸੇ ਤਰ੍ਹਾਂ ਦੀ ਦੁਬਿਧਾ ਵਿੱਚ ਨਹੀਂ ਪੈਂਦਾ। ਇਤਿਹਾਸ ਵਿੱਚ ਇਸ ਦੀਆਂ ਅਨੇਕਾਂ ਮਿਸਾਲਾਂ ਹਨ। ਗੁਰਦੁਆਰਾ ਸਿੱਖਾਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਜੀਵਨ ਦਾ ਕੇਂਦਰ ਹੈ। ਗੁਰੂ ਨਾਨਕ ਪਾਤਿਸ਼ਾਹ ਜਿੱਥੇ-ਜਿੱਥੇ ਗਏ, ਸੰਗਤਾਂ ਸਾਜੀਆਂ, ਸੰਗਤਾਂ ਨੇ ਇਕੱਤਰ ਹੋਣ ਲਈ ਧਰਮਸਾਲਾ ਕਾਇਮ ਕੀਤੀਆਂ ਅਤੇ ਹੌਲੀ-ਹੌਲੀ ਧਰਮਸਾਲਾ ਭੁੱਖੇ ਲਈ ਲੰਗਰ, ਵਿਦਿਆਰਥੀ ਲਈ ਵਿਦਿਆਲਾ, ਰੋਗੀ ਲਈ ਸ਼ਫ਼ਾਖਾਨਾ, ਰਾਹਗੀਰ ਲਈ ਠਾਹਰ ਅਤੇ ਸਮਾਂ ਪਾ ਕੇ ਲੋੜਵੰਦ/ਮਜਲੂਮ ਲਈ ਕਿਲ੍ਹਾ ਬਣੀਆਂ। ਜਿਸ ਨੂੰ ਹੁਣ ਅਸੀਂ ਗੁਰਦੁਆਰਾ ਸਾਹਿਬ ਕਹਿੰਦੇ ਹਾਂ। ਸੰਗਤ ਨੂੰ ਗੁਰੂ ਨੇ ਆਪਣੇ ਤੋਂ ਵੱਡਾ ਰੁਤਬਾ ਦਿੱਤਾ ਹੈ, ਗੁਰੂ ਦੀ ਹਜ਼ੂਰੀ ਵਿੱਚ ਜੁੜ ਕੇ ਬੈਠਣਾ, ਅਕਾਲ ਪੁਰਖ ਵਾਹਿਗੁਰੂ ਦੀ ਉਸਤਤ ਕਰਨੀ, ਹੱਥੀਂ ਸੇਵਾ ਕਰਨ ਜਿਹੇ ਅਮਲ ਕਰਦਿਆਂ ਇੱਕ ਸਖਸ਼ੀਅਤ ਦੀ ਉਸਾਰੀ ਹੁੰਦੀ ਹੈ। ਅਜਿਹੀਆਂ ਸਖਸ਼ੀਅਤਾਂ ਹੀ ਗੁਰਦੁਆਰਾ ਸਾਹਿਬ ਦੇ ਅਸਲ ਰੂਪ ਨੂੰ ਲੁਕਾਈ ਦੇ ਸਨਮੁੱਖ ਕਰਦੀਆਂ ਹਨ ਅਤੇ 'ਸਰਬੱਤ ਦੇ ਭਲੇ' ਦੇ ਦਰਸ਼ਨ ਕੁਲ ਲੁਕਾਈ ਕਰਦੀ ਹੈ।

ਸੰਨ 1964 ਵਿੱਚ ਗੁਰਦੁਆਰਾ ਪਾਉਂਟਾ ਸਾਹਿਬ 'ਤੇ ਮਹੰਤ ਗੁਰਦਿਆਲ ਸਿੰਘ ਦਾ ਕਬਜਾ ਸੀ। ਸਰਕਾਰੇ-ਦਰਬਾਰੇ ਅਫ਼ਸਰਾਂ ਨਾਲ ਉਸ ਦਾ ਚੰਗਾ ਰਸੂਖ ਹੋਣ ਕਰਕੇ ਉਹ ਸਰਕਾਰ ਦੀ ਸ਼ਹਿ 'ਤੇ ਮਨਮੱਤੀਆਂ ਅਤੇ ਕੁਰੀਤੀਆਂ ਕਰਦਾ ਸੀ ਜਿਸ ਕਾਰਨ ਸੰਗਤਾਂ ਵਿੱਚ ਭਾਰੀ ਰੋਸ ਸੀ। ਪਾਉਂਟਾ ਸਾਹਿਬ ਦੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਇੱਕ ਵਿਸ਼ੇਸ਼ ਜਥਾ ਲੈ ਕੇ ਦੁਆਬੇ ਦੇ ਇਤਿਹਾਸਕ ਸਥਾਨ ਗੁਰਦੁਆਰਾ ਹਰੀਆਂ ਵੇਲਾਂ (ਹੁਸ਼ਿਆਰਪੁਰ) ਪਹੁੰਚੀ। ਸੰਗਤ ਨੇ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਨਿਹੰਗ ਸਿੰਘ ਜਥੇਦਾਰ ਹਰਭਜਨ ਸਿੰਘ ਨੂੰ ਸਾਰੀ ਜਾਣਕਾਰੀ ਦੇ ਦਿੱਤੀ। ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਬਾਬਾ ਹਰਭਜਨ ਸਿੰਘ ਦੀ ਅਗਵਾਈ ਹੇਠ ਸ਼ਸਤਰਧਾਰੀ ਨਿਹੰਗ ਸਿੰਘਾਂ ਦਾ ਦਲ ਪਾਉਂਟਾ ਸਾਹਿਬ ਲਈ ਰਵਾਨਾ ਹੋ ਗਿਆ। ਮਹੰਤ ਦੀ ਸਰਕਾਰੇ ਦਰਬਾਰੇ ਅਤੇ ਪੁਲਿਸ ਨਾਲ ਗੰਢਤੁੱਪ ਸੀ। ਮਹੰਤ ਨੇ ਆਪਣੀ ਪਹੁੰਚ ਨਾਲ ਪੁਲਿਸ ਦਾ ਪ੍ਰਬੰਧ ਕਰ ਲਿਆ ਅਤੇ ਭਾੜੇ ਦੇ ਬਦਮਾਸ਼ ਵੀ ਬੁਲਾ ਲਏ। ਮਹੰਤ ਦੇ ਬੰਦਿਆਂ ਨੇ ਸਿੰਘਾਂ ਨਾਲ ਹੱਥੋਪਾਈ ਵੀ ਕੀਤੀ ਪਰ ਸਿੰਘਾਂ ਨੇ ਸਿਆਣਪ ਤੋਂ ਕੰਮ ਲਿਆ ਅਤੇ ਇਕ ਵਾਰ ਲਈ ਗੱਲ ਵੱਧ ਜਾਣ ਤੋਂ ਰੋਕ ਲਈ। ਪਾਉਂਟਾ ਸਾਹਿਬ ਦੀ ਪਵਿੱਤਰਤਾ ਲਈ ਗੁਰੂ ਸਾਹਿਬ ਨੂੰ ਅਰਦਾਸ ਕਰ ਕੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਹਿਮਾਚਲ ਪ੍ਰਸ਼ਾਸਨ ਨੇ ਬਾਬਾ ਹਰਭਜਨ ਸਿੰਘ ਜੀ ਨੂੰ ਸਮਝੌਤੇ ਦੇ ਬਹਾਨੇ ਬੁਲਾ ਕੇ ਗ੍ਰਿਫਤਾਰ ਕਰ ਲਿਆ। 22 ਮਈ ਨੂੰ ਪੁਲਿਸ ਕਮਿਸ਼ਨਰ ਆਰ.ਕੇ.ਚੰਡੋਲ ਦੀ ਅਗਵਾਈ ਹੇਠ ਸਪੀਕਰ ਰਾਹੀਂ ਸ੍ਰੀ ਅਖੰਡ ਪਾਠ ਸਾਹਿਬ ਬੰਦ ਕਰਕੇ ਬਾਹਰ ਆਉਣ ਦੀ ਚਿਤਾਵਨੀ ਦਿੱਤੀ ਜਾਣ ਲੱਗੀ ਪਰ ਕੋਈ ਬਾਹਰ ਨਾ ਆਇਆ। ਫਿਰ ਪੁਲਿਸ ਪੌੜੀਆਂ ਲਾ ਕੇ ਅੰਦਰ ਦਾਖਲ ਹੋ ਗਈ ਅਤੇ ਇਕਦਮ ਗੋਲੀਆਂ ਦੀ ਬੁਛਾੜ ਕਰ ਦਿੱਤੀ। ਪੁਲਿਸ ਦੀਆਂ ਗੋਲੀਆਂ ਨਾਲ 11 ਸਿੰਘ ਸ਼ਹੀਦ ਹੋ ਗਏ ਅਤੇ ਤਿੰਨ ਜ਼ਖਮੀ ਹਾਲਤ ਵਿੱਚ ਪਏ ਸਨ। ਜਦੋਂ ਪੁਲਿਸ ਨੇ ਜ਼ਖਮੀ ਸਿੰਘਾਂ ਨੂੰ ਵੇਖਿਆ ਤਾਂ ਉਹਨਾਂ ਨੂੰ ਮਾਰਨ ਦੇ ਲਈ ਉਹਨਾਂ ਨੂੰ ਲੋਹੇ ਦੀਆਂ ਰਾਡਾਂ ਦੇ ਨਾਲ ਕੁੱਟਿਆ ਗਿਆ। ਗੁਰਦੁਆਰਾ ਸਾਹਿਬ ਦੇ ਅੰਦਰ ਖ਼ੂਨ ਹੀ ਖ਼ੂਨ ਹੋ ਗਿਆ ਸੀ। ਦਰੀਆਂ, ਚਾਦਰਾਂ ਅਤੇ ਹੋਰ ਜਿਸ 'ਤੇ ਵੀ ਖ਼ੂਨ ਡੁੱਲ੍ਹਾ ਹੋਇਆ ਸੀ, ਉਹ ਸਭ ਪੁਲਿਸ ਆਪਣੇ ਨਾਲ ਲੈ ਗਈ। ਪੁਲਿਸ ਨੇ ਸਿਰਫ ਤਿੰਨ ਲਾਸ਼ਾਂ ਹੀ ਸੰਗਤ ਨੂੰ ਦਿੱਤੀਆਂ, ਬਾਕੀ ਸਾਰੇ ਸਿੰਘਾਂ ਦੀ ਲਾਸ਼ਾਂ ਅਤੇ ਤਿੰਨੇ ਜ਼ਖਮੀ ਸਿੰਘਾਂ ਨੂੰ ਗੱਡੀਆਂ ਵਿੱਚ ਸੁੱਟ ਲਿਆ ਗਿਆ। ਜਦੋਂ ਉਹਨਾਂ ਨੂੰ ਲਿਜਾਇਆ ਜਾਣ ਲੱਗਾ ਤਾਂ ਸੰਗਤ ਨੇ ਵੇਖ ਲਿਆ ਕਿ ਕੁਝ ਸਿੰਘ ਅਜੇ ਜਿਉਂਦੇ ਹਨ। ਸੰਗਤ ਦੇ ਕਾਫੀ ਵਿਰੋਧ ਕਰਨ ਉਪਰੰਤ ਜ਼ਖਮੀ ਸਿੰਘ ਸੰਗਤ ਨੂੰ ਦੇ ਦਿੱਤੇ ਗਏ। ਜ਼ਖਮੀ ਸਿੰਘਾਂ ਦਾ ਇਲਾਜ ਕਰਵਾਇਆ ਗਿਆ।

ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਮਸਲਾ ਅੱਜ ਇੰਨੇ ਦਹਾਕਿਆਂ ਬਾਅਦ ਸਾਨੂੰ ਮੁੜ ਦਰਪੇਸ਼ ਹੈ। ਸਿੱਖਾਂ ਦੇ ਗੁਰਦੁਆਰਿਆਂ ਸਬੰਧੀ ਅੰਗਰੇਜ ਸਰਕਾਰ ਵੇਲੇ ਤੋਂ ਹੀ ਨੀਤੀ ਇਹ ਰਹੀ ਹੈ ਕਿ ਇਹਨਾਂ ਦੇ ਪ੍ਰਬੰਧ ਵਿੱਚ ਦਖਲ ਦਿੱਤਾ ਜਾਵੇ, ਇਹਨਾਂ ਨੂੰ ਆਪਣੇ ਅਧੀਨ ਜਾਂ ਘੱਟੋ-ਘੱਟ ਅਸਰ ਥੱਲੇ ਰੱਖਿਆ ਜਾਵੇ ਅਤੇ ਆਪਣੇ ਰਾਜ ਦੀ ਮਜਬੂਤੀ ਲਈ ਵਰਤਿਆ ਜਾਵੇ। ਇਹ ਨੀਤੀ ਲਗਾਤਾਰ ਲਾਗੂ ਹੈ ਅਤੇ ਇਹ ਹੀ ਅੱਜ ਸਾਨੂੰ ਇਸ ਥਾਂ 'ਤੇ ਲੈ ਆਈ ਹੈ। ਸਦੀ ਪਹਿਲਾਂ ਸੰਘਰਸ਼ ਵਿੱਚੋਂ ਨਿੱਕਲੀਆਂ ਸਿੱਖ ਸੰਸਥਾਵਾਂ ਦਿੱਲੀ ਦਰਬਾਰ ਦੀ ਰਾਜਸੀ ਅਧੀਨਗੀ ਹੇਠ ਆ ਜਾਣ ਦੇ ਨਾਲ-ਨਾਲ ਕਈ ਹੋਰ ਅੰਦਰੂਨੀ ਕਮਜੋਰੀਆਂ ਦਾ ਵੀ ਸ਼ਿਕਾਰ ਹੋ ਚੁੱਕੀਆਂ ਹਨ। ਇਸ ਕਾਰਨ ਇਹ ਸਿੱਖਾਂ ਵਿੱਚ ਆਪਣੀ ਮਾਨਤਾ ਅਤੇ ਅਸਰ ਰਸੂਖ ਗਵਾਈ ਜਾ ਰਹੀਆਂ ਹਨ। ਵਰਤਮਾਨ ਗੈਰ ਸਿਧਾਂਤਕ ਪ੍ਰਬੰਧ ਕਾਰਨ ਖਾਲਸਾ ਪੰਥ ਦੇ ਕੇਂਦਰੀ ਧੁਰੇ ਵਜੋਂ ਅਗਵਾਈ ਕਰਨ ਵਾਲੇ ਸਰਵਉੱਚ ਤੇ ਸਰਵਪ੍ਰਵਾਨਤ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੱਡੀ ਆਂਚ ਆਈ ਹੈ। ਸਾਡਾ ਕੇਂਦਰੀ ਧੁਰਾ ਅਕਾਲ ਤਖਤ ਸਾਹਿਬ ਇਸ ਵੇਲੇ ਸੇਧ ਦੇਣ ਤੇ ਸੰਗਤ ਨੂੰ ਸੂਤਰਬਧ ਕਰਕੇ ਪੰਥਕ ਫੈਸਲਾ ਲੈਣ ਦੀ ਸਥਿਤੀ ਵਿੱਚ ਨਹੀਂ ਹੈ। ਜੇਕਰ ਹੁੰਦਾ ਤਾਂ ਇਹ ਹਾਲਾਤ ਨਾ ਹੁੰਦੇ। ਅਜਿਹੇ ਵਿੱਚ ਸਥਾਨਕ ਸੰਗਤਾਂ ਨੂੰ ਆਪ ਹੀ ਇਹ ਗੱਲਾਂ ਵਿਚਾਰ ਕੇ ਫੈਸਲੇ ਲੈਣੇ ਪੈਣੇ ਹਨ। ਹੁਣ ਇਹਨਾਂ ਵਿੱਚ ਸੁਧਾਰ ਮਹਿਜ ਬੰਦੇ ਬਦਲ ਕੇ ਨਹੀਂ ਹੋਣਾ ਸਗੋਂ ਤਰੀਕਾ ਬਦਲਣਾ ਪੈਣਾ ਹੈ। ਮੌਜੂਦਾ ਚਲਣ, ਜਿਸ ਵਿੱਚ ਵੋਟਾਂ ਰਾਹੀਂ ਬੰਦੇ ਚੁਣੇ ਜਾਂਦੇ ਹਨ, ਨੂੰ ਬਦਲ ਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਸਾਡੀ ਪ੍ਰੰਪਰਾ ਅਨੁਸਾਰ ਨਿਸ਼ਕਾਮ ਜਥਿਆਂ ਨੂੰ ਦੇਣੀ ਚਾਹੀਦੀ ਹੈ ਜੋ ਘਰਾਂ ਨੂੰ ਫਤਹਿ ਬੁਲਾ ਆਏ ਹੋਣ, ਤਨਖਾਹ ਨਾ ਲੈਂਦੇ ਹੋਣ, ਗੁਰੂ ਕੇ ਲੰਗਰਾਂ ਵਿਚੋਂ ਪ੍ਰਸ਼ਾਦੇ ਅਤੇ ਸਿਰੋਪਾਓ 'ਤੇ ਗੁਜ਼ਾਰਾ ਕਰਦੇ ਹੋਣ, ਅਜਿਹੇ ਸਿੱਖਾਂ/ਜਥਿਆਂ ਕੋਲ ਸੇਵਾ ਹੋਵੇਗੀ ਤਾਂ ਹੀ ਰਾਜਨੀਤਕ ਪ੍ਰਭਾਵ ਤੋਂ ਇਹਨਾਂ ਪਵਿੱਤਰ ਥਾਵਾਂ ਨੂੰ ਮੁਕਤ ਕੀਤਾ ਜਾ ਸਕੇਗਾ। ਆਓ! ਪਾਤਿਸ਼ਾਹ ਨੂੰ ਅਰਦਾਸ ਕਰੀਏ ਕਿ ਸਾਨੂੰ ਸੇਵਾ ਸਿਮਰਨ ਦੀ ਦਾਤ ਮਿਲੇ ਜਿਸ ਨਾਲ ਅਸੀਂ ਉਸ ਦੀ ਬਖਸ਼ਿਸ਼ ਦੇ ਪਾਤਰ ਬਣ ਸਕੀਏ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਭਾਜਪਾ ਦੀ ਹਾਰ ਨੂੰ ਘਟਾ ਕੇ ਦੇਖਣਾ ਸਿਰੇ ਦੀ ਬੇਈਮਾਨੀ !



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ



ਕਰਨਾਟਕ ਵਿੱਚ ਕਾਂਗਰਸ ਪਾਰਟੀ ਦੀ ਨਿਰਣਾਇਕ ਜਿੱਤ ਨੇ ਸਿਆਸੀ ਵਿਸ਼ਲੇਸ਼ਕਾਂ ਅਤੇ ਟੀਸੀ ਨਿਊਜ਼ ਐਂਕਰਾਂ ਨੂੰ ਹੈਰਾਨ ਕਰ ਦਿੱਤਾ ਹੈ। ਜਦੋਂ ਚੋਣ ਨਤੀਜੇ ਆ ਰਹੇ ਸਨ ਤਾਂ ਕੁਝ ਸਮੇਂ ਲਈ ਅਜਿਹਾ ਲੱਗ ਰਿਹਾ ਸੀ ਕਿ ਕਾਂਗਰਸ ਦੀਆਂ ਸੀਟਾਂ 113 ਦੇ ਆਸ-ਪਾਸ ਰਹਿ ਸਕਦੀਆਂ ਹਨ। ਅਜਿਹਾ ਹੋਇਆ ਤਾਂ ਕੀ ਹੋਵੇਗਾ, ਇਹ ਸਵਾਲ ਵਾਰ-ਵਾਰ ਪੁੱਛਿਆ ਜਾ ਰਿਹਾ ਸੀ। ਭਾਰਤੀ ਜਨਤਾ ਪਾਰਟੀ ਦੇ ਨੇਤਾ, ਜੋ ਲੋਕ ਫਤਵੇ ਨੂੰ ਚਾਣਕਯ ਨੀਤੀ ਜਾਂ ਕ੍ਰਿਸ਼ਨ ਨੀਤੀ ਕਹਿ ਕੇ ਸ਼ੇਖੀ ਮਾਰਦੇ ਹਨ , ਆਪਣੀ ਯੋਜਨਾ ਬੀ ਵੱਲ ਇਸ਼ਾਰਾ ਕਰਨ ਲਗੇ। ਬਹੁਤੇ ਦਿਨ ਨਹੀਂ ਹੋਏ ਜਦੋਂ ਸੁਪ੍ਰੀਮ ਕੋਰਟ ਨੇ ਭਾਜਪਾ ਦੇ ਇਸ ਪਲੈਨ ਬੀ ਦੀ ਵਰਤੋਂ ਰਾਹੀਂ ਮਹਾਰਾਸ਼ਟਰ ਵਿੱਚ ਸਰਕਾਰ ਨੂੰ ਡੇਗਣ ਦੀ ਭਗਵੀਂ ਸਾਜ਼ਿਸ਼ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਪਰ ਜਿਹੜੀ ਪਾਰਟੀ ਬੇਇਨਸਾਫ਼ੀ ਨੂੰ ਚਾਣਕਿਆ ਨੀਤੀ ਆਖ ਕੇ ਉਸ ਦੇ ਲਈ ਸ਼ਾਬਾਸ਼ ਮੰਗਦੀ ਹੈ ਅਤੇ ਜਿਸ ਦੀ ਇਸ ਡਰਾਮੇਬਾਜ਼ੀ ਦੇ ਢੀਠਪੁਣੇ ਬਾਰੇ ਵਿਸ਼ਲੇਸ਼ਕ ਬਲਿਹਾਰੀ ਜਾਂਦੇ ਹਨ, ਉਸ ਲਈ ਸੁਪ੍ਰੀਮ ਕੋਰਟ ਦੀ ਇਸ ਲਾਹਨਤ ਦਾ ਕੀ ਅਰਥ ਹੈ!

ਜਦੋਂ ਨਤੀਜੇ ਆਏ ਅਤੇ ਕਾਂਗਰਸ ਪਾਰਟੀ ਨੇ 135 ਸੀਟਾਂ ਜਿੱਤੀਆਂ ਤਾਂ ਕਿਹਾ ਗਿਆ ਕਿ ਇਹ ਭਾਜਪਾ ਦੀ ਹਾਰ ਨਹੀਂ, ਸਗੋਂ ਕਾਂਗਰਸ ਦੀ ਜਿੱਤ ਹੈ। ਹੁਣ ਸੀਟਾਂ ਦੀ ਗਿਣਤੀ ਦੀ ਨਹੀਂ, ਸਗੋਂ ਵੋਟਾਂ ਦੀ ਪ੍ਰਤੀਸ਼ਤਤਾ ਦੀ ਚਰਚਾ ਹੋ ਰਹੀ ਹੈ। ਆਖਿਰ ਭਾਜਪਾ ਨੇ 36% ਵੋਟਾਂ ਹਾਸਲ ਕੀਤੀਆਂ ਹਨ, ਜੋ ਪਿਛਲੀਆਂ ਚੋਣਾਂ ਵਾਂਗ ਹੀ ਹਨ, ਫਿਰ ਉਸ ਦੀ ਹਾਰ ਕਿੱਥੇ ਹੋਈ ਹੈ?

ਭਾਜਪਾ ਦੇ ਵੋਟ ਪ੍ਰਤੀਸ਼ਤ ਦਾ ਸਥਿਰ ਰਹਿਣਾ ਯਕੀਨੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਇਸ ਦਾ ਮਤਲਬ ਹੈ ਕਿ ਵੋਟਰਾਂ ਦਾ ਇੱਕ ਵਰਗ ਅਜਿਹਾ ਹੈ ਜੋ ਹਿੰਦੂਤਵ ਦੇ ਨਸ਼ੇ ਵਿੱਚ ਆਪਣੇ ਨਿੱਤ ਦੇ ਦੁੱਖਾਂ ਨੂੰ ਭੁੱਲ ਗਿਆ ਹੈ। ਪਰ ਇੱਕ ਵੱਡਾ ਵਰਗ ਅਜਿਹਾ ਵੀ ਹੈ ਜਿਸ ਨੇ ਪਹਿਲਾਂ ਭਾਜਪਾ ਨੂੰ ਵੋਟ ਦਿੱਤੀ ਅਤੇ ਹੁਣ ਕਾਂਗਰਸ ਨੂੰ ਚੁਣ ਲਿਆ ਹੈ। ਜੇਕਰ ਜਨਤਾ ਦਲ (ਸੈਕੂਲਰ) ਦੇ ਵੋਟਰਾਂ ਨੇ ਆਪਣੀ ਪਸੰਦ ਬਦਲੀ ਹੈ ਤਾਂ ਇਹ ਬਹੁਤ ਮਹੱਤਵਪੂਰਨ ਫੈਸਲਾ ਹੈ। ਯਾਨੀ ਉਨ੍ਹਾਂ ਲਈ ਭਾਜਪਾ ਨੂੰ ਹਰਾਉਣਾ ਵਧੇਰੇ ਜ਼ਰੂਰੀ ਸੀ। ਇਸ ਤੋਂ ਸਪੱਸ਼ਟ ਹੈ ਕਿ ਇਹ ਨਤੀਜਾ ਭਾਜਪਾ ਦੀ ਫੈਸਲਾਕੁੰਨ ਹਾਰ ਹੈ ਅਤੇ ਕਰਨਾਟਕ ਦੇ ਹਰ ਵਰਗ ਵੱਲੋਂ ਇਸ ਨੂੰ ਨਕਾਰ ਦਿੱਤਾ ਗਿਆ ਹੈ। ਇਸ ਤੋਂ ਇਨਕਾਰ ਕਰਨਾ ਅਤੇ ਇਸ ਹਾਰ ਦੀ ਮਹੱਤਤਾ ਨੂੰ ਘਟਾਉਣਾ ਇੱਕ ਤਰ੍ਹਾਂ ਦੀ ਬੇਈਮਾਨੀ ਹੈ।

ਜਿਸ ਤਰ੍ਹਾਂ ਭਾਜਪਾ ਦੀ ਹਾਰ ਨੂੰ ਨੀਵਾਂ ਦਿਖਾਉਣਾ ਬੇਈਮਾਨੀ ਹੈ, ਉਸੇ ਤਰ੍ਹਾਂ ਕਾਂਗਰਸ ਪਾਰਟੀ ਦੀ ਜਿੱਤ ਵਿੱਚ ਕੇਂਦਰੀ ਲੀਡਰਸ਼ਿਪ ਦੀ ਭੂਮਿਕਾ ਨੂੰ ਨਿਗੂਣਾ ਕਰਨਾ ਬੇਈਮਾਨੀ ਹੈ। ਕਾਂਗਰਸ ਨੇ ਸਥਾਨਕ ਮੁੱਦਿਆਂ 'ਤੇ ਚੋਣਾਂ ਲੜੀਆਂ। ਚੋਣ ਸੰਘਰਸ਼ ਦੀ ਅਗਵਾਈ ਸਥਾਨਕ ਆਗੂਆਂ ਨੇ ਕੀਤੀ। ਯਕੀਨਨ ਇਸ ਜਿੱਤ ਲਈ ਉਨ੍ਹਾਂ ਦੀ ਸਖ਼ਤ ਮਿਹਨਤ ਮਹੱਤਵ ਰੱਖਦੀ ਹੈ। ਕਾਂਗਰਸ ਵਿੱਚ ਦੋ ਵੱਡੇ ਸਥਾਨਕ ਆਗੂਆਂ ਦੇ ਧੜਿਆਂ ਵਿੱਚ ਚੱਲ ਰਹੀ ਖਹਿਬਾਜ਼ੀ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਕਈਆਂ ਨੂੰ ਚਿੰਤਾ ਸੀ ਅਤੇ ਕਈਆਂ ਨੂੰ ਉਮੀਦ ਸੀ ਕਿ ਇਸ ਧੜੇਬੰਦੀ ਕਾਰਨ ਕਾਂਗਰਸ ਬਣੀ ਬਣਾਈ ਖੇਡ ਹਾਰ ਜਾਵੇਗੀ। ਇਹ ਨਹੀਂ ਵਾਪਰਿਆ। ਸ਼ਿਵ ਕੁਮਾਰ ਅਤੇ ਸਿੱਧਰਮਈਆ ਨੇ ਇਕ ਟੀਮ ਦੇ ਤੌਰ 'ਤੇ ਮਿਲ ਕੇ ਚੋਣਾਂ ਲੜੀਆਂ ਸਨ। ਉਸ ਨੇ ਆਪਣੀ ਸਿਆਸੀ ਲਾਲਸਾ ਨੂੰ ਆਪਣੇ ਵੱਡੇ ਟੀਚੇ ਅਰਥਾਤ ਜਿੱਤ ਦੇ ਰਾਹ ਵਿੱਚ ਨਹੀਂ ਆਉਣ ਦਿੱਤਾ। ਇਹ ਉਨ੍ਹਾਂ ਦਾ ਉਚਿਤ ਫੈਸਲਾ ਸੀ, ਪਰ ਕੀ ਇਸ ਟੀਮ ਨੂੰ ਬਣਾਉਣ ਅਤੇ ਇਸ ਨੂੰ ਨਾਲ ਲੈ ਕੇ ਚੱਲਣ ਵਿੱਚ ਕਾਂਗਰਸ ਲੀਡਰਸ਼ਿਪ ਦੀ ਕੋਈ ਭੂਮਿਕਾ ਨਹੀਂ ਸੀ?

ਅਖੀਰ ਕੇਂਦਰੀ ਲੀਡਰਸ਼ਿਪ ਨੇ ਸ਼ਿਵ ਕੁਮਾਰ ਨੂੰ ਸੂਬਾ ਕਾਂਗਰਸ ਪ੍ਰਧਾਨ ਬਣਾ ਦਿੱਤਾ। ਜਦੋਂ ਭਾਜਪਾ ਸਰਕਾਰ ਨੇ ਸ਼ਿਵ ਕੁਮਾਰ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਤਾਂ ਕਾਂਗਰਸ ਦੀ ਤਤਕਾਲੀ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਵਿੱਚ ਭਰੋਸਾ ਪ੍ਰਗਟਾਇਆ। ਕਾਂਗਰਸ ਦੀ ਕੌਮੀ ਲੀਡਰਸ਼ਿਪ ਨੇ ਇਸ ਡਰੋਂ ਉਸ ਤੋਂ ਦੂਰੀ ਨਹੀਂ ਰੱਖੀ ਕਿ ਭਾਜਪਾ ਅਤੇ ਭਾਜਪਾ ਦਾ ਬੁਲਾਰਾ ਮੀਡੀਆ ਉਸ ਦੇ ਜਨਤਕ ਅਕਸ ਨੂੰ ਢਾਹ ਲਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗਾ। ਫਿਰ ਕਾਂਗਰਸ ਦੀ ਕੌਮੀ ਲੀਡਰਸ਼ਿਪ ਨੇ ਉਨ੍ਹਾਂ ਦੀ ਅਗਵਾਈ ਵਿੱਚ ਚੋਣ ਪ੍ਰਚਾਰ ਕੀਤਾ। ਕੀ ਇਸ ਸਭ ਦਾ ਕੋਈ ਯੋਗਦਾਨ ਨਹੀਂ ਹੈ ਅਤੇ ਕੀ ਇਸ ਦਾ ਜ਼ਿਕਰ ਨਹੀਂ ਕੀਤਾ ਜਾਣਾ ਚਾਹੀਦਾ ਹੈ? ਕੀ ਇਸ ਦਾ ਜ਼ਿਕਰ ਕਰਨਾ ਚਾਪਲੂਸੀ ਦਾ ਸੱਭਿਆਚਾਰ ਹੈ?

ਇਹ ਕਹਿਣਾ ਕਿ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਭਾਰਤ ਜੋੜੋ ਯਾਤਰਾ ਦਾ ਅਸਰ ਇਸ ਚੋਣ ਵਿੱਚ ਨਾਂਹ ਦੇ ਬਰਾਬਰ ਸੀ, ਬੌਧਿਕ ਬੇਈਮਾਨੀ ਹੈ। ਕੇਰਲਾ ਤੋਂ ਕਰਨਾਟਕ ਵਿੱਚ ਦਾਖਲ ਹੋਣ 'ਤੇ ਜਿਸ ਤਰ੍ਹਾਂ ਭਾਰਤ ਜੋੜੋ ਯਾਤਰਾ ਦਾ ਸਵਾਗਤ ਕੀਤਾ ਗਿਆ ਅਤੇ ਕਰਨਾਟਕ ਦੇ ਲੋਕਾਂ ਨੇ ਜਿਸ ਉਤਸ਼ਾਹ ਨਾਲ ਇਸ ਵਿਚ ਹਿੱਸਾ ਲਿਆ, ਕੀ ਕਾਂਗਰਸ ਨੂੰ ਸਿਆਸੀ ਪੱਧਰ 'ਤੇ ਕੋਈ ਲਾਭ ਨਹੀਂ ਮਿਲਿਆ? ਕੀ ਇਸ ਯਾਤਰਾ ਕਾਰਨ ਕਾਂਗਰਸ ਨੂੰ ਜਨਤਾ ਦਾ ਸਮਰਥਨ ਪ੍ਰਾਪਤ ਨਹੀਂ ਹੋਇਆ? ਜਿਸ ਸਮੇਂ ਇਹ ਯਾਤਰਾ ਹੋ ਰਹੀ ਸੀ, ਕਰਨਾਟਕ ਦੀਆਂ ਚੋਣਾਂ ਬਹੁਤ ਦੂਰ ਸਨ। ਯਾਤਰਾ ਦਾ ਮਕਸਦ ਜਾਂ ਟੀਚਾ ਵੋਟਰਾਂ ਨੂੰ ਚੋਣਾਂ ਲਈ ਲਾਮਬੰਦ ਕਰਨਾ ਨਹੀਂ ਸੀ। ਉਸ ਸਮੇਂ ਵੀ ਇਹੀ ਵਿਸ਼ਲੇਸ਼ਕ ਇਸ ਯਾਤਰਾ ਦਾ ਮਜ਼ਾਕ ਉਡਾ ਰਹੇ ਸਨ ਕਿ ਇਹ ਕਿਸੇ ਸਿਆਸਤਦਾਨ ਦਾ ਕੰਮ ਨਹੀਂ ਹੈ। ਰਾਹੁਲ ਗਾਂਧੀ ਚੋਣ ਜਿੱਤ ਕੇ ਦਿਖਾਵੇ ਤਾਂ ਗੱਲ ਹੈ! ਦੇਸ਼ ਨੂੰ ਜੋੜਨ ਅਤੇ ਪਿਆਰ ਵਰਗੀ ਭਾਵੁਕਤਾ ਦਾ ਰਾਜਨੀਤੀ ਦੀ ਕਠੋਰ ਹਕੀਕਤ ਤੋਂ ਕੀ ਲੈਣਾ ਦੇਣਾ ?

ਯਾਤਰਾ ਨੇ ਕਰਨਾਟਕ ਦੇ ਜ਼ਹਿਰੀਲੇ ਮਾਹੌਲ ਵਿੱਚ ਚੁੱਪਚਾਪ ਦਖਲ ਦਿੱਤਾ ਸੀ। ਕੀ ਇਸ ਦਾ ਲੋਕਾਂ ਦੇ ਮਨਾਂ 'ਤੇ ਕੋਈ ਅਸਰ ਨਹੀਂ ਪਿਆ ਹੋਵੇਗਾ? ਅੰਕੜਿਆਂ ਤੋਂ ਸੱਚਾਈ ਸਮਝਣ ਵਾਲਿਆਂ ਨੂੰ ਦੱਸਿਆ ਗਿਆ ਕਿ ਇਹ ਯਾਤਰਾ 21 ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘੀ, ਜਿਨ੍ਹਾਂ ਵਿੱਚੋਂ 16 ਹਲਕਿਆਂ ਵਿੱਚ ਇਸ ਦੀ ਜਿੱਤ ਹੋਈ। ਪਿਛਲੀ ਵਾਰ ਉਹ ਇਨ੍ਹਾਂ ਵਿੱਚੋਂ ਸਿਰਫ਼ 5 ਹੀ ਜਿੱਤ ਸਕੀ ਸੀ। ਉਨ੍ਹਾਂ ਦੇ ਆਸਪਾਸ ਦੇ ਖੇਤਰਾਂ ਵਿੱਚ ਵੀ ਕਾਂਗਰਸ ਦਾ ਸਮਰਥਨ ਵਧਿਆ ਹੈ, ਇਹ ਅੰਕੜਿਆਂ ਤੋਂ ਪਤਾ ਚੱਲਦਾ ਹੈ। ਜਿਸ ਤਰ੍ਹਾਂ ਕਰਨਾਟਕ ਦੇ ਦੋਹਾਂ ਨੇਤਾਵਾਂ ਨੇ ਯਾਤਰਾ ਦੌਰਾਨ ਇਸ ਦਾ ਆਯੋਜਨ ਕੀਤਾ ਅਤੇ ਇਸ ਯਾਤਰਾ ਨੇ ਕਾਂਗਰਸੀ ਵਰਕਰਾਂ ਵਿਚ ਜੋਸ਼ ਅਤੇ ਉਤਸ਼ਾਹ ਭਰਿਆ ਹੈ। ਇੱਕ ਤਰ੍ਹਾਂ ਨਾਲ, ਕਾਂਗਰਸ ਨਵੀਂ ਊਰਜਾ ਨਾਲ ਭਰੀ ਹੋਈ ਸੀ, ਆਪਣੇ ਆਪ ਵਿੱਚ ਵਿਸ਼ਵਾਸ ਪੈਦਾ ਕੀਤਾ ਸੀ। ਯਾਤਰਾ ਦੇ ਸਮੇਂ ਲੋਕ ਇਹ ਨੋਟ ਕਰ ਰਹੇ ਸਨ ਕਿ ਇਸ ਉਤਸ਼ਾਹ ਅਤੇ ਸੰਗਠਨ ਦਾ ਪ੍ਰਭਾਵ ਚੋਣਾਂ 'ਤੇ ਹਾਂ-ਪੱਖੀ ਪਵੇਗਾ।

ਰਾਹੁਲ ਗਾਂਧੀ ਨੇ ਯਾਤਰਾ ਦੌਰਾਨ ਪ੍ਰਚਾਰ ਨਹੀਂ ਕੀਤਾ। ਇਸ ਦੀ ਆਲੋਚਨਾ ਕੀਤੀ ਗਈ। ਉਸ ਦੀ ਇਕਾਗਰਤਾ ਦੀ ਤਾਰੀਫ਼ ਕਰਨ ਦੀ ਬਜਾਏ ਇਹ ਕਿਹਾ ਗਿਆ ਕਿ ਉਸ ਦਾ ਮਤਲਬ ਤਦ ਹੈ ਜੇ ਰਾਹੁਲ ਚੋਣ ਜਿੱਤੇ। ਇਸ ਵਾਰ ਰਾਹੁਲ ਗਾਂਧੀ ਨੇ ਜ਼ੋਰਦਾਰ ਪ੍ਰਚਾਰ ਕੀਤਾ। ਪਰ ਹੁਣ ਵੀ ਇਹ ਮੰਨਣ ਵਿੱਚ ਝਿਜਕ ਹੈ ਕਿ ਇਸ ਜਿੱਤ ਵਿੱਚ ਉਸ ਦਾ ਕੋਈ ਯੋਗਦਾਨ ਸੀ। ਬਹੁਤ ਸਾਰੇ ਬੁੱਧੀਜੀਵੀਆਂ ਲਈ ਇਹ ਮੰਨਣਾ ਮੁਸ਼ਕਲ ਹੈ ਕਿ ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਅਤੇ ਰਾਹੁਲ, ਪ੍ਰਿਅੰਕਾ ਅਤੇ ਸੋਨੀਆ ਗਾਂਧੀ ਦੀ ਆਪਸੀ ਸਮਝਦਾਰੀ ਹੈ ਅਤੇ ਭਾਵੇਂ ਰਾਹੁਲ ਹੋਣ ਜਾਂ ਪ੍ਰਿਅੰਕਾ ਜਾਂ ਸੋਨੀਆ ਗਾਂਧੀ, ਉਹ ਆਪਣੀ ਨਿਰਧਾਰਤ ਭੂਮਿਕਾ ਨਿਭਾ ਰਹੇ ਹਨ। ਕਾਂਗਰਸ ਨੇ ਖੜਗੇ ਸਾਹਿਬ ਨੂੰ ਆਪਣਾ ਪ੍ਰਧਾਨ ਮੰਨ ਲਿਆ ਹੈ ਅਤੇ ਉਹ ਵੀ ਉਨ੍ਹਾਂ ਵਾਂਗ ਭੂਮਿਕਾ ਨਿਭਾ ਰਹੇ ਹਨ, ਪਰ ਸਾਡੇ ਬੁੱਧੀਜੀਵੀ ਸਮਾਜ ਦਾ ਇੱਕ ਹਿੱਸਾ ਅਜੇ ਵੀ ਇਸ ਨੂੰ ਦਿਖਾਵਾ ਸਮਝਦਾ ਹੈ। ਉਹ ਸੋਨੀਆ ਗਾਂਧੀ ਦੇ ਆਦਰ ਨੂੰ ਚਾਪਲੂਸੀ ਸਮਝਦਾ ਹੈ ਅਤੇ ਇਸ ਨੂੰ ਸੋਨੀਆ ਦਾ ਅਧਿਕਾਰ ਜਾਂ ਹੱਕ ਨਹੀਂ ਸਮਝਦਾ। ਇਹ ਉਸ ਔਰਤ ਦੀ ਸਮਝ ਹੈ ਜਿਸ ਨੇ ਕਾਂਗਰਸ ਵਿੱਚ ਜਾਨ ਪਾਈ ਅਤੇ ਜਿਸ ਨੇ ਕਾਂਗਰਸ ਦੇ ਆਲੇ-ਦੁਆਲੇ ਵੱਡੀ ਸਿਆਸੀ ਲਾਮਬੰਦੀ ਪੈਦਾ ਕੀਤੀ। ਸਾਡੇ ਬੁੱਧੀਜੀਵੀ ਸੋਨੀਆ ਦੀ ਸਿਆਸੀ ਸਿਆਣਪ ਨੂੰ ਮੰਨਣ ਲਈ ਤਿਆਰ ਨਹੀਂ ਹਨ।

ਇਹ ਉਹੀ ਲੋਕ ਹਨ ਜੋ ਕਾਂਗਰਸ ਵੱਲੋਂ ਬਜਰੰਗ ਦਲ 'ਤੇ ਪਾਬੰਦੀ ਲਗਾਉਣ ਦੇ ਐਲਾਨ ਨੂੰ ਰਾਹੁਲ ਦੀ ਟੀਮ ਦੀ ਮੂਰਖਤਾ ਦੱਸ ਰਹੇ ਸਨ ਅਤੇ ਡਰਦੇ ਸਨ ਕਿ ਇਸ ਨਾਲ ਕਾਂਗਰਸ ਨੂੰ ਨੁਕਸਾਨ ਹੋਵੇਗਾ। ਦੇਖਿਆ ਗਿਆ ਕਿ ਜਿੰਨੀ ਵਾਰ ਨਰਿੰਦਰ ਮੋਦੀ ਨੇ ਬਜਰੰਗ ਬਲੀ ਦਾ ਨਾਅਰਾ ਲਾਇਆ, ਉਹਨੀ ਵਾਰ ਰਾਹੁਲ ਨੇ ਭਾਜਪਾ ਨੂੰ ਪਿੱਛੇ ਧੱਕ ਦਿੱਤਾ। ਪਰ ਬੁੱਧੀਜੀਵੀਆਂ ਕੋਲ ਏਨੀ ਨੈਤਿਕ ਹਿੰਮਤ ਨਹੀਂ ਸੀ ਕਿ ਉਹ ਬਜਰੰਗ ਦਲ 'ਤੇ ਪਾਬੰਦੀ ਦਾ ਐਲਾਨ ਕਰਨ ਵਾਲੀ ਕਾਂਗਰਸ ਦੀ ਨੈਤਿਕ ਦਲੇਰੀ ਦੀ ਤਾਰੀਫ਼ ਕਰਨ। ਇਹ ਵੀ ਕਿਹਾ ਗਿਆ ਕਿ ਮੁਸਲਮਾਨਾਂ ਨੂੰ ਆਪਣੇ ਨਾਲ ਜੋੜਨਾ ਕਾਂਗਰਸ ਦੀ ਚਲਾਕੀ ਸੀ। ਇਸ ਦੀ ਬਜਾਏ ਇਹ ਵੀ ਕਿਹਾ ਜਾ ਸਕਦਾ ਸੀ ਕਿ ਕਾਂਗਰਸ ਪਾਰਟੀ ਨੇ ਮੁਸਲਮਾਨਾਂ ਅਤੇ ਈਸਾਈਆਂ ਦੀ ਅਸੁਰੱਖਿਆ ਪ੍ਰਤੀ ਸੰਵੇਦਨਸ਼ੀਲਤਾ ਦਿਖਾਈ ਹੈ। ਉਸਨੇ ਇਹ ਐਲਾਨ ਕਰਕੇ ਹਿੰਦੂਆਂ ਦੇ ਵਿਵੇਕ ਵਿੱਚ ਵੀ ਆਪਣਾ ਭਰੋਸਾ ਪ੍ਰਗਟਾਇਆ ਕਿ ਉਹ ਖੁਦ ਅਜਿਹੀ ਸੰਸਥਾ ਨੂੰ ਨਕਾਰ ਦੇਣਗੇ ਜੋ ਮਨੁੱਖਤਾ ਦੇ ਖ਼ੂਨ ਉਪਰ ਰਾਜਨੀਤੀ ਕਰਦੀ ਹੈ ਤੇ ਨਫ਼ਰਤ ਸਿਰਜਦੀ ਹੈ। ਇਸ ਪਾਬੰਦੀ ਨਾਲ ਪੀਐਫਆਈ 'ਤੇ ਪਾਬੰਦੀ ਦੇ ਐਲਾਨ ਵਿੱਚ ਇਕ ਤਰ੍ਹਾਂ ਦਾ ਸੰਤੁਲਨ ਵਾਲਾ ਰਵਈਆ ਸੀ ਪਰ ਅਜਿਹਾ ਕਰਕੇ ਕਾਂਗਰਸ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਘੱਟ ਗਿਣਤੀਆਂ ਵਿਰੁੱਧ ਹਿੰਸਾ ਨੂੰ ਕਿਸੇ ਵੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਧਰਮ ਨਿਰਪੱਖ

(ਬਾਕੀ ਸਫ਼ਾ 30 'ਤੇ)

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਚੋਣ ਤੇ ਦਿਸ਼ਾ ਨਿਰਦੇਸ਼ ਲਈ ਸਮੂਹ ਸਿੱਖ ਪੰਥ ਦੀ ਕਮੇਟੀ ਬਣੇ



ਬਘੇਲ ਸਿੰਘ ਧਾਲੀਵਾਲ
99142-58142







ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਦੀ ਬਹਾਲੀ ਓਨੀ ਦੇਰ ਸੰਭਵ ਨਹੀਂ, ਜਿੰਨੀ ਦੇਰ ਸ਼੍ਰੋਮਣੀ ਕਮੇਟੀ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਸਬੰਧੀ ਕੋਈ ਸਾਂਝੀ ਰਾਇ ਅਖਤਿਆਰ ਨਹੀਂ ਕਰਦੀ। ਜਦੋਂ ਵੀ ਕਿਸੇ ਜਥੇਦਾਰ ਨੇ ਅਕਾਲੀ ਦਲ 'ਤੇ ਕਾਬਜ਼ ਪਰਿਵਾਰ ਨਾਲ ਵਫ਼ਾਦਾਰੀ ਨਿਭਾਈ ਹੈ ਤਾਂ ਉਹ ਇਸ ਰੁਤਬੇ 'ਤੇ ਨਹੀਂ ਰਹਿ ਸਕਿਆ। ਬੀਤੇ ਦਿਨੀਂ ਮੌਜੂਦਾ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨਾਲ ਵੀ ਵਾਪਰਨ ਦੀਆਂ ਚਰਚਾਵਾਂ ਜੋਰ ਫੜੀਆਂ ਸਨ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਮੰਗਣੀ ਵਿੱਚ ਜਾਣ ਸੰਬੰਧੀ ਉੱਠੇ ਵਿਵਾਦ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੁੱਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਇਹ ਗੱਲ ਜ਼ਰੂਰ ਕਹੀ ਸੀ ਕਿ ਇੱਕ ਕਮੇਟੀ ਜ਼ਰੂਰ ਬਣਾਈ ਜਾਵੇਗੀ, ਜੋ ਕਿ ਇਹ ਨਿਰਧਾਰਤ ਕਰੇਗੀ ਕਿ ਸਮਾਜ ਵਿੱਚ ਵਿਚਰਦੇ ਹੋਏ ਸਿੰਘ ਸਾਹਿਬ ਦੀ ਕੀ ਮਰਿਆਦਾ ਹੋਣੀ ਚਾਹੀਦੀ ਹੈ ਤੇ ਇਸ ਤੋਂ ਇਲਾਵਾ ਨਿਯੁਕਤੀ ਤੇ ਸੇਵਾ ਮੁਕਤੀ ਸੰਬੰਧੀ ਵੀ ਪ੍ਰੋਫੋਰਮਾ ਤਿਆਰ ਕਰੇਗੀ, ਜਿਸ 'ਤੇ ਐਕਟ ਦੇ ਅਨੁਸਾਰ ਅਮਲ ਕੀਤਾ ਜਾਵੇਗਾ। ਅਜਿਹਾ ਵਰਤਾਰਾ ਇਸ ਕਰਕੇ ਵਾਪਰ ਰਿਹਾ ਹੈ, ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਸਾਰੇ ਹੀ ਪਵਿੱਤਰ ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਵਿਧੀ ਵਿਧਾਨ ਪੁਰਾਤਨ ਸਿੱਖ ਰਹੁ ਰੀਤਾਂ ਦੇ ਅਨੁਸਾਰੀ ਨਹੀਂ ਹੈ। ਜਥੇਦਾਰ ਦੀ ਨਿਯੁਕਤੀ ਤੋਂ ਇਲਾਵਾ ਇਹਦੇ ਕਾਰਜਕਾਲ ਦੀ ਵੀ ਕੋਈ ਸਮਾਂ ਸੀਮਾ ਤਹਿ ਨਹੀਂ ਕੀਤੀ ਗਈ, ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧੜਾ ਆਪਣੇ ਆਕਾਵਾਂ ਦੇ ਇਸ਼ਾਰਿਆਂ 'ਤੇ ਕਿਸੇ ਅਜਿਹੇ ਕਮਜ਼ੋਰ ਵਿਅਕਤੀ ਨੂੰ ਇਸ ਪਵਿੱਤਰ ਅਤੇ ਸਰਬ ਉੱਚ ਅਹੁਦੇ 'ਤੇ ਨਿਯੁਕਤ ਕਰ ਦਿੰਦਾ ਹੈ, ਜਿਹੜਾ ਆਪਣੇ ਰੁਤਬੇ ਨੂੰ ਪਛਾਣਨ ਦੇ ਵੀ ਯੋਗ ਨਹੀਂ ਹੁੰਦਾ। ਮੌਜੂਦਾ ਹਾਲਾਤਾਂ ਵਿੱਚ ਇਹ ਉੱਚ ਅਹੁਦੇ 'ਤੇ ਉਹ ਵਿਅਕਤੀ ਹੀ ਟਿਕਿਆ ਰਹਿ ਸਕਦਾ ਹੈ, ਜਿਹੜਾ ਕੇਂਦਰੀ ਤਾਕਤਾਂ ਦੀ ਨਜ਼ਰ ਵਿੱਚ ਸਹੀ ਬੈਠਦਾ ਹੋਵੇ। ਇਸ ਸੰਦਰਭ ਵਿੱਚ ਜੇਕਰ ਇਤਿਹਾਸ ਦੇ ਪੰਨਿਆਂ 'ਤੇ ਝਾਤ ਮਾਰੀ ਜਾਵੇ, ਤਾਂ ਵਾਸਤਵ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਅੰਗਰੇਜ਼ ਹਕੂਮਤ ਹੀ ਸੀ, ਕਿਉਂਕਿ ਅੰਗਰੇਜ਼ੀ ਹਕੂਮਤ ਦੇ ਸਹਿ ਪ੍ਰਾਪਤ ਮਹੰਤਾਂ ਵੱਲੋਂ ਗੁਰਦੁਆਰਾ ਪ੍ਰਬੰਧ 'ਤੇ ਮੁਕੰਮਲ ਕਬਜ਼ਾ ਕਰਕੇ ਜਿਸ ਤਰ੍ਹਾਂ ਸਿੱਖ ਰਹੁ ਰੀਤਾਂ ਅਤੇ ਸਿੱਖ ਸਿਧਾਂਤਾਂ ਦਾ ਘਾਣ ਕੀਤਾ ਗਿਆ ਅਤੇ ਸਿੱਖ ਮਰਿਆਦਾ ਤਹਿਸ ਨਹਿਸ਼ ਕਰਕੇ ਗੁਰਦੁਆਰਿਆਂ ਦੀ ਪਵਿੱਤਰਤਾ ਨੂੰ ਖੰਡਿਤ ਕੀਤਾ ਗਿਆ, ਉਹ ਵਰਤਾਰਾ ਸਿੱਖਾਂ ਲਈ ਬਰਦਾਸ਼ਤ ਤੋਂ ਬਾਹਰ ਹੋ ਗਿਆ। ਸਿੱਖਾਂ ਨੇ ਮਹੰਤਾਂ ਤੋ ਗੁਰਦੁਆਰਿਆਂ ਦਾ ਪ੍ਰਬੰਧ ਵਾਪਸ ਲੈਣ ਲਈ ਲਹੂ ਡੋਲਵੇਂ ਮੋਰਚੇ ਲਾਏ ਤੇ ਹਜ਼ਾਰਾਂ ਕੁਰਬਾਨੀਆਂ ਤੋ ਬਾਅਦ ਸਿੱਖਾਂ ਨੇ ਗੁਰਦੁਆਰੇ ਅਜ਼ਾਦ ਕਰਵਾਏ। ਮਹੰਤ ਪ੍ਰਥਾ ਨੂੰ ਖਦੇੜਨ ਤੋਂ ਉਪਰੰਤ ਸਿੱਖ ਕੌਮ ਨੇ ਗੁਰਦੁਆਰਾ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਅਜਿਹੀ ਸਿੱਖ ਸੰਸਥਾ ਦੀ ਲੋੜ ਮਹਿਸੂਸ ਕੀਤੀ, ਜਿਸ ਦੇ ਕਾਰਜ ਨਿਰੋਲ ਧਾਰਮਿਕ ਹੋਣ ਅਤੇ ਉਹ ਗੁਰਦੁਆਰਾ ਪ੍ਰਬੰਧ, ਸਿੱਖੀ ਸਿਧਾਂਤਾਂ ਦੀ ਰਾਖੀ, ਸਿੱਖੀ ਦਾ ਪ੍ਰਚਾਰ, ਪਾਸਾਰ ਕਰਨ ਅਤੇ ਸਿੱਖ ਮਰਿਆਦਾ ਨੂੰ ਕਾਇਮ ਰੱਖਣ ਲਈ ਦ੍ਰਿੜ ਸੰਕਲਪ ਹੋਵੇ।ਪਰ ਅਫਸੋਸ ! ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਦੇ ਹੀ ਕਾਰਜ ਪੰਥ ਹਿਤੈਸ਼ੀ ਨਾ ਹੋ ਕੇ ਨਿੱਜਵਾਦੀ ਹੋ ਗਏ। ਇਹ ਵੀ ਸੱਚ ਹੈ ਕਿ ਪੰਥ ਵਿੱਚ ਧੜੇਬੰਦੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਹੀ ਖੁੱਲ੍ਹ ਕੇ ਸਾਹਮਣੇ ਆ ਗਈ ਸੀ, ਜਦੋਂ ਆਪਣਿਆਂ ਦੀ ਬਦੌਲਤ ਖਾਲਸਾ ਰਾਜ ਦਾ ਪਤਨ ਹੋਇਆ ਅਤੇ ਪਹਿਲੇ ਖਾਲਸਾ ਰਾਜ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਹਦੇ ਚਾਰ ਸਾਲ ਦੇ ਪੁੱਤਰ ਸਮੇਤ ਸੱਤ ਸੌ ਚਾਲੀ ਸਾਥੀਆਂ ਨਾਲ ਸ਼ਹਾਦਤ ਦਾ ਅੰਮ੍ਰਿਤ ਪੀਣਾ ਪਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਚਰਿੱਤਰਹੀਣਤਾ ਸਮੇਤ ਗੁਰੂ ਦੇ ਹੁਕਮ ਮੰਨਣ ਤੋਂ ਇਨਕਾਰੀ ਹੋਣ ਵਰਗੇ ਬੇਬੁਨਿਆਦ ਦੋਸ਼ਾਂ ਨੂੰ ਝੂਠ ਸਾਬਤ ਕਰਨ ਲਈ ਗੁਰੂ ਸਾਹਿਬ ਦੇ ਦਿੱਤੇ ਥਾਪੜੇ ਦੀ ਰੂਹਾਨੀ ਤਾਕਤ ਨਾਲ ਸਿੱਖੀ ਸਿਧਾਂਤ, ਸਿੱਖੀ ਸਰੂਪ ਅਤੇ ਸਿੱਖੀ ਧਰਮ ਦੇ ਅਸੂਲਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਿਆਂ, ਆਪਣੇ ਚਾਰ ਸਾਲ ਦੇ ਪੁੱਤਰ ਦਾ ਕਲੇਜਾ ਮੂੰਹ ਵਿੱਚ ਪਵਾ ਕੇ ਅਤੇ ਜ਼ੰਬੂਰਾਂ ਨਾਲ ਮਾਸ ਨੁਚਵਾ ਕੇ ਸ਼ਹਾਦਤ ਦੇਣ ਵਿੱਚ ਗੁਰੂ ਦੀ ਖੁਸ਼ੀ , ਮਹਿਸੂਸ ਕੀਤੀ।ਸੋ ਉਸ ਤੋ ਬਾਅਦ ਵੀ ਸਿੱਖਾਂ ਵਿੱਚ ਇਹ ਧੜੇਬੰਦੀ ਘਟਣ ਦੀ ਬਜਾਏ ਵਧਦੀ ਗਈ, ਨਤੀਜਾ 12 ਮਿਸਲਾਂ ਦੇ ਰੂਪ ਵਿੱਚ ਸਾਹਮਣੇ ਆਇਆ, ਪਰ ਉਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦਾ ਮੁੱਖ ਸੇਵਾਦਾਰ ਕੌਮ 'ਤੇ ਭੀੜ ਪਈ ਤੋਂ ਆਪਣੀ ਜਾਨ ਦੀ ਪਰਵਾਹ ਨਹੀਂ ਸੀ ਕਰਦਾ, ਬਲਕਿ ਕੌਮ ਦੇ ਵਡੇਰੇ ਹਿੱਤਾਂ ਖਾਤਰ ਸ਼ਹਾਦਤ ਦੇਣ ਨੂੰ ਵਡਭਾਗਾ ਸਮਝਦਾ ਸੀ, ਇਸ ਕਰਕੇ ਧੜੇਬੰਦੀਆਂ ਦੇ ਬਾਵਜੂਦ ਖਾਲਸਾ ਪੰਥ ਕੌਮ 'ਤੇ ਭੀੜ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਇਕੱਠਾ ਹੋਕੇ ਦੁਸ਼ਮਣ ਨੂੰ ਸਬਕ ਸਿਖਾਉਂਦਾ ਰਿਹਾ ਹੈ। ਲਿਹਾਜ਼ਾ ਲਾਲ ਕਿਲੇ ਨੂੰ ਫਤਿਹ ਕਰਨਾ ਖ਼ਾਲਸੇ ਲਈ ਬਿੱਲੀ ਮਾਰਨ ਦੇ ਬਰਾਬਰ ਮੰਨਿਆ ਜਾਂਦਾ ਰਿਹਾ ਹੈ। ਅਠਾਰਵੀਂ ਸਦੀ ਦੇ ਅੰਤਲੇ ਦਿਨਾਂ ਵਿੱਚ ਮੁੜ ਖਾਲਸਾ ਰਾਜ ਦੀ ਸਥਾਪਤੀ, ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਕਾਬਲੀਅਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਬਾ ਸਾਹਿਬ ਸਿੰਘ ਬੇਦੀ ਤੇ ਉਸ ਤੋਂ ਬਾਅਦ ਅਕਾਲੀ ਫੂਲਾ ਸਿੰਘ ਦੀ ਯੋਗ ਭੂਮਿਕਾ ਨਾਲ ਸੰਭਵ ਹੋ ਸਕੀ।

(ਬਾਕੀ ਸਫ਼ਾ 30 'ਤੇ)

# ਮਨੀਪੁਰ ਸੂਬੇ 'ਚ ਹਿੰਸਾ ਪਿਛੇ ਲੁਕੇ ਕਾਰਨ ਬਨਾਮ ਰਾਜਨੀਤੀ



ਰਣਜੀਤ ਸਿੰਘ ਕੁੱਕੀ ਗਿੱਲ

ਭਾਰਤ ਦੇ ਮਨੀਪੁਰ ਸੂਬੇ ਵਿੱਚ ਮਿੰਨੀ-ਇੰਡੀਆ ਵਾਂਗ ਵਿਭਿੰਨ ਆਬਾਦੀ ਹੈ। ਜਦੋਂ ਲਗਭਗ 30 ਭਾਈਚਾਰੇ ਇਕੱਠੇ ਰਹਿੰਦੇ ਹਨ, ਤਾਂ ਝਗੜਾ ਲੋਕਾਂ ਦੀ ਸਮੂਹਿਕ ਹੋਂਦ ਦਾ ਅਟੁੱਟ ਹਿੱਸਾ ਬਣ ਜਾਂਦਾ ਹੈ। ਮਨੀਪੁਰ ਭਾਰਤ ਦੇ ਹੋਰ ਉੱਤਰ-ਪੂਰਬੀ ਰਾਜਾਂ ਵਾਂਗ ਲੰਬੇ ਸਮੇਂ ਤੋਂ ਵਿਦਰੋਹ ਦੇ ਹਿੰਸਕ ਦੌਰ ਵਿੱਚੋਂ ਲੰਘਿਆ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੇ ਕਈ ਉੱਤਰ-ਪੂਰਬੀ ਰਾਜਾਂ ਵਿੱਚ ਵਿਦਰੋਹੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿੱਚ ਆਪਣੀ ਅਸਫਲਤਾ ਦੀ ਭਾਵਨਾ 'ਤੇ ਦੁੱਖ ਪ੍ਰਗਟ ਕੀਤਾ ਸੀ। ਇਹ ਚਿੰਤਾ ਫੌਜੀ ਜਾਂ ਹੋਰ ਸਥਿਤੀਆਂ ਲਈ ਇੰਨੀ ਜ਼ਿਆਦਾ ਨਹੀਂ ਸੀ, ਸਗੋਂ ਇਹ ਮਨੋਵਿਗਿਆਨਕ ਨਿਰਾਸ਼ਾ ਦੀ ਭਾਵਨਾ ਸੀ ਕਿ ਉਸ ਦੀ ਸਰਕਾਰ ਇਨ੍ਹਾਂ ਲੋਕਾਂ ਨੂੰ ਜਿੱਤਣ ਅਤੇ ਭਾਰਤ ਨਾਲ ਮਿਲਾਉਣ ਵਿੱਚ ਕਿਉਂ ਅਸਫਲ ਰਹੀ।

ਨਾਗਾ ਅਤੇ ਕੂਕੀ ਕਬੀਲੇ: ਦੋ ਜ਼ਿਆਦਾਤਰ ਈਸਾਈ ਕਬੀਲੇ ਰਾਜ ਦੀ ਆਬਾਦੀ ਦਾ ਲਗਭਗ 40 ਪ੍ਰਤੀਸ਼ਤ ਬਣਦੇ ਹਨ ਅਤੇ ਅਨੁਸੂਚਿਤ ਕਬੀਲੇ ਦਾ ਦਰਜਾ ਪ੍ਰਾਪਤ ਕਰਦੇ ਹਨ, ਜੋ ਉਨ੍ਹਾਂ ਨੂੰ ਪਹਾੜੀਆਂ ਅਤੇ ਜੰਗਲਾਂ ਵਿੱਚ ਜ਼ਮੀਨ ਦੀ ਮਾਲਕੀ ਦਾ ਅਧਿਕਾਰ ਦਿੰਦਾ ਹੈ। ਉਹ ਪਹਾੜੀਆਂ ਵਿੱਚ ਰਹਿਣ ਵਾਲੇ ਸਭ ਤੋਂ ਮਹੱਤਵਪੂਰਨ ਕਬੀਲੇ ਹਨ। ਮਿਜ਼ੋ ਸਮੇਤ ਹੋਰ ਕਬਾਇਲੀ ਸਮੂਹ, ਰਾਜ ਦੀ ਵਿਭਿੰਨ ਨਸਲੀ ਬਣਤਰ ਬਣਾਉਂਦੇ ਹਨ, ਜਿਨ੍ਹਾਂ ਦੀ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਕਬੀਲਿਆਂ ਦਾ ਮੰਨਣਾ ਹੈ ਕਿ ਮੈਤਈ ਪਹਿਲਾਂ ਹੀ ਇੱਕ ਪ੍ਰਭਾਵੀ ਭਾਈਚਾਰਾ ਹੈ ਅਤੇ ਸੂਬੇ ਦੀ ਰਾਜਨੀਤੀ ਵਿੱਚ ਉਨ੍ਹਾਂ ਦੀ ਚੰਗੀ ਪਕੜ ਹੈ ਅਤੇ ਇਸ ਲਈ ਉਨ੍ਹਾਂ ਪ੍ਰਤੀ ਹਾਂ-ਪੱਖੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ। ਉਹ ਮੈਤਈ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਦੇਣ ਨੂੰ ਇਸ ਤਰ੍ਹਾਂ ਦੇਖਦੇ ਹਨ ਜਿਵੇਂ ਮੈਤਈ ਉਨ੍ਹਾਂ ਦੇ ਹਿੱਸੇ ਦਾ ਕੇਕ ਵੀ ਖਾ ਰਹੇ ਹੋਣ। ਭਾਰਤ ਦੇ ਉੱਤਰ-ਪੂਰਬੀ ਹਿੱਸਿਆਂ ਵਿੱਚ ਕਬਾਇਲੀ ਖੇਤਰ ਕੁਝ ਸੰਵਿਧਾਨਕ ਸੁਰੱਖਿਆ ਦਾ ਆਨੰਦ ਮਾਣਦੇ ਹਨ ਅਤੇ ਉਹਨਾਂ ਵਿੱਚ ਚਿੰਤਾ ਹੈ ਕਿ ਅਨੁਸੂਚਿਤ ਕਬੀਲੇ ਦੇ ਦਰਜੇ ਦਾ ਮਤਲਬ ਹੋਵੇਗਾ ਕਿ ਮੈਤਈ ਕਬੀਲੇ ਕੋਲ ਜ਼ਮੀਨ ਦੀ ਮਾਲਕੀ ਹੋ ਸਕਦੀ ਹੈ।

ਮਨੀਪੁਰ ਵਿੱਚ ਇਹ ਮੌਜੂਦਾ ਹਿੰਸਾ ਇਸ ਸਵਾਲ ਨੂੰ ਲੈ ਕੇ ਭੜਕੀ ਹੈ ਕਿ ਵਿਸ਼ੇਸ਼ ਕਬਾਇਲੀ ਦਰਜੇ ਦਾ ਦਾਅਵਾ ਕਿਸ ਨੂੰ ਦੇਣਾ ਹੈ। ਭਾਰਤ ਦੇ ਉੱਤਰ-ਪੂਰਬ ਵਿਚ ਇੱਕ ਦੂਰ-ਦੁਰਾਡੇ ਦੇ ਸੂਬੇ ਮਨੀਪੁਰ ਵਿੱਚ ਵਿਰੋਧੀ-ਨਸਲੀ ਸਮੂਹਾਂ ਵਿਚਕਾਰ ਝੜਪਾਂ ਕਰਕੇ ਹਾਲ ਹੀ ਦੇ ਦਿਨਾਂ ਵਿੱਚ ਦਰਜਨਾਂ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ ਅਤੇ ਫੌਜੀ ਕੈਂਪਾਂ ਵਿੱਚ ਹਨ ਅਤੇ ਸਥਿਤੀ ਅਸਥਿਰ ਬਣੀ ਹੋਈ ਹੈ, ਭਾਵੇਂ ਕਿ ਵਿਗਾੜ ਨੂੰ ਰੋਕਣ ਲਈ ਅਧਿਕਾਰੀ ਖੇਤਰ ਵਿੱਚ ਫੌਜਾਂ ਨੂੰ ਭੇਜ ਰਹੇ ਹਨ ਅਤੇ ਜਾਣਕਾਰੀ ਦੇ ਪ੍ਰਵਾਹ ਨੂੰ ਨਿਯੰਤਰਿਤ ਕੀਤਾ ਗਿਆ ਹੈ। ਸੂਬੇ ਦੇ ਸਭ ਤੋਂ ਵੱਡੇ ਸਮੂਹ, ਮੈਈਤੀ ਦੀ ਆਬਾਦੀ ਮਨੀਪੁਰ ਦੀ ਅੱਧੀ ਆਬਾਦੀ ਤੋਂ ਥੋੜੀ ਜ਼ਿਆਦਾ ਹੈ। ਇਹ ਆਪਣੇ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰ ਰਿਹਾ ਹੈ। ਮੌਜੂਦਾ ਹਿੰਸਾ ਇੱਕ ਅਸਧਾਰਨ ਪੱਧਰ 'ਤੇ ਪਹੁੰਚ ਗਈ ਸੀ, ਕਿਉਂਕਿ ਲੋਕਾਂ ਨੇ ਘਰਾਂ ਅਤੇ ਵਾਹਣਾਂ, ਚਰਚਾਂ ਅਤੇ ਮੰਦਰਾਂ ਨੂੰ ਅੱਗ ਲਗਾ ਦਿੱਤੀ ਸੀ। ਭਾਰਤ ਸਰਕਾਰ ਨੇ ਬੰਗਲਾਦੇਸ਼ ਅਤੇ ਮਿਆਂਮਾਰ ਦੀਆਂ ਸਰਹੱਦਾਂ ਦੇ ਨੇੜੇ 30 ਲੱਖ ਤੋਂ ਘੱਟ ਆਬਾਦੀ ਵਾਲੇ ਸੂਬੇ ਮਨੀਪੁਰ ਵਿੱਚ ਫੌਜ ਅਤੇ ਅਰਧ ਸੈਨਿਕ ਬਲਾਂ ਦੇ ਲਗਭਗ 10000 ਜਵਾਨਾਂ ਨੂੰ ਭੇਜਿਆ ਹੈ।ਰਾਜ ਦੇ ਗਵਰਨਰ ਨੇ ਸੁਰੱਖਿਆ ਬਲਾਂ ਨੂੰ ਪਹਿਲੀ ਨਜ਼ਰ 'ਤੇ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਹਨ ਅੱਤ ਦੇ ਮਾਮਲਿਆਂ ਵਿੱਚ ਉਨ੍ਹਾਂ ਨੂੰ ਭੀੜ 'ਤੇ ਗੋਲੀ ਚਲਾਉਣ ਦਾ ਅਧਿਕਾਰ ਦਿੱਤਾ ਹੈ।





ਭਾਰਤ ਦਾ ਉੱਤਰ-ਪੂਰਬ ਸਮੂਹਾਂ ਦਾ ਇੱਕ ਪੈਚਵਰਕ ਹੈ, ਜੋ ਭਾਸ਼ਾ ਅਤੇ ਧਰਮ ਦੁਆਰਾ ਵੱਖਰਾ ਹੈ ਅਤੇ ਅਕਸਰ ਅੰਦਰੂਨੀ ਸਰਹੱਦਾਂ ਅਤੇ ਮਨੁੱਖੀ-ਅਧਿਕਾਰਾਂ ਦੇ ਮੁੱਦਿਆਂ 'ਤੇ ਇੱਕ ਦੂਜੇ ਅਤੇ ਰਾਸ਼ਟਰੀ ਸਰਕਾਰ ਨਾਲ ਮਤਭੇਦ ਹੁੰਦੇ ਰਹਿੰਦੇ ਹਨ। ਹਾਲੀਆ ਅਸ਼ਾਂਤੀ ਦੀ ਸ਼ੁਰੂਆਤ ਇੱਕ ਵਿਦਿਆਰਥੀ ਸਮੂਹ ਦੁਆਰਾ ਕੱਢੇ ਇੱਕ ਮਾਰਚ ਦੇ ਨਾਲ ਹੋਈ ਸੀ ਜਿਸ ਵਿੱਚ ਰਾਜ ਦੇ ਸਭ ਤੋਂ ਵੱਡੇ ਨਸਲੀ ਸਮੂਹ, ਮੈਤਈ ਨੂੰ ਅਨੁਸੂਚਿਤ ਕਬੀਲੇ ਵਜੋਂ ਮੁੜ-ਵਰਗੀਕ੍ਰਿਤ ਕਰਨ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਗਿਆ ਸੀ। ਵਰਤਮਾਨ ਵਿੱਚ ਸੂਬੇ ਦੇ ਨਾਗਾ ਅਤੇ ਕੂਕੀ ਲੋਕ, ਜੋ ਕਿ ਪਹਾੜੀ ਖੇਤਰ ਵਿੱਚ ਰਹਿੰਦੇ ਹਨ, ਨੂੰ ਇਹ ਵਿਸ਼ੇਸ਼ ਦਰਜਾ ਪ੍ਰਾਪਤ ਹੈ ਜੋ ਹੋਰ ਚੀਜ਼ਾਂ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਨੂੰ ਸੁਰੱਖਿਅਤ ਕਰਨ ਵਿੱਚ ਉਨ੍ਹਾਂ ਨੂੰ ਇੱਕ ਫਾਇਦਾ ਦਿੰਦਾ ਹੈ। ਮੈਤਈ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਸਮੂਹ ਨੇ 10 ਸਾਲ ਪਹਿਲਾਂ ਅਨੁਸੂਚਿਤ-ਜਨਜਾਤੀ ਦੇ ਦਰਜੇ ਲਈ ਪਟੀਸ਼ਨ ਦਾਇਰ ਕੀਤੀ ਸੀ। ਪਿਛਲੇ ਮਹੀਨੇ, ਮਨੀਪੁਰ ਦੀ ਹਾਈ ਕੋਰਟ ਨੇ ਲੰਮੀ ਦੇਰੀ ਨੂੰ ਨੋਟ ਕਰਦੇ ਹੋਏ ਇੱਕ ਫੈਸਲਾ ਲਿਆ ਅਤੇ ਸੂਬਾ ਸਰਕਾਰ ਨੂੰ ਰਾਸ਼ਟਰੀ ਸਰਕਾਰ ਨੂੰ ਇੱਕ ਯੋਜਨਾ ਦੀ ਸਿਫ਼ਾਰਸ਼ ਕਰਨ ਲਈ ਸਿਰਫ਼ ਚਾਰ ਹਫ਼ਤਿਆਂ ਦਾ ਸਮਾਂ ਦਿੱਤਾ।

ਸਿੱਟੇ ਵਜੋਂ ਬਹੁਤ ਸਾਰੇ ਲੋਕ ਮਿਜ਼ੋਰਮ, ਮੇਘਾਲਿਆ ਅਤੇ ਨਾਗਾਲੈਂਡ ਸਮੇਤ ਗੁਆਂਢੀ ਰਾਜਾਂ ਵਿੱਚ ਭੱਜ ਗਏ ਹਨ। ਭਾਰਤ ਦੇ ਦੂਜੇ ਰਾਜਾਂ ਦੀਆਂ ਸਰਕਾਰਾਂ ਆਪਣੇ ਵਸਨੀਕਾਂ ਨੂੰ ਸੁਰੱਖਿਅਤ ਏਅਰਲਿਫਟ ਕਰਨ ਲਈ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕਰ ਰਹੀਆਂ ਹਨ। ਵੱਖ-ਵੱਖ ਕਬੀਲਿਆਂ ਦੇ ਹਜ਼ਾਰਾਂ ਲੋਕ ਅਸਥਾਈ ਕੈਂਪਾਂ ਵਿੱਚ ਰਹਿ ਰਹੇ ਹਨ। ਇਹ ਉਹ ਨਹੀਂ ਜਾਣਦੇ ਕਿ ਉਹ ਕਦੋਂ ਘਰ ਵਾਪਸ ਆਉਣ ਦੇ ਯੋਗ ਹੋਣਗੇ। ਤਣਾਅ ਉੱਚਾ ਰਹਿੰਦਾ ਹੈ ਅਤੇ ਸਥਿਤੀ ਅਸਥਿਰ ਬਣੀ ਹੋਈ ਹੈ। ਇਹ ਅਸਪਸ਼ਟ ਹੈ ਕਿ ਅਸ਼ਾਂਤੀ ਕਦੋਂ ਅਤੇ ਕਿਵੇਂ ਖਤਮ ਹੋਵੇਗੀ। ਬੇਚੈਨੀ ਵਧ ਰਹੀ ਸੀ। ਇਹ ਉਦੋਂ ਹੋਰ ਤੇਜ਼ ਹੋ ਗਈ ਜਦੋਂ 19 ਅਪ੍ਰੈਲ ਨੂੰ ਮਨੀਪੁਰ ਦੀ ਹਾਈ ਕੋਰਟ ਨੇ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਨੂੰ ਐਸਟੀ ਸੂਚੀ ਵਿੱਚ ਮੈਤਈ ਨੂੰ ਸ਼ਾਮਲ ਕਰਨ ਬਾਰੇ ਸਿਫ਼ਾਰਸ਼ ਜਮ੍ਹਾਂ ਕਰਾਉਣ ਲਈ ਇੱਕ ਨਿਰਦੇਸ਼ ਜਾਰੀ ਕੀਤਾ। ਕਬਾਇਲੀ ਸਮੂਹਾਂ, ਜਿਨ੍ਹਾਂ ਨੂੰ ਅਨੁਸੂਚਿਤ ਜਨਜਾਤੀਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਨੇ ਹਾਈ ਕੋਰਟ ਦੇ ਇਸ ਆਦੇਸ਼ ਦਾ ਵਿਰੋਧ ਕੀਤਾ ਕਿ ਮੈਤਈ ਪਹਿਲਾਂ ਹੀ ਓਬੀਸੀ ਸ਼੍ਰੇਣੀ ਦੇ ਅਧੀਨ ਆਉਂਦੇ ਹਨ। ਪਹਾੜੀ ਕਬੀਲਿਆਂ ਦਾ ਮੰਨਣਾ ਹੈ ਕਿ ਇਸ ਵਰਗੀਕਰਨ ਦੇ ਤਹਿਤ ਜੋ ਸੁਰੱਖਿਆ ਉਪਾਵਾਂ ਉਹ ਮਾਣਦੇ ਹਨ, ਉਹ ਪ੍ਰਭਾਵਸ਼ਾਲੀ ਮੈਤਰੀ ਐਸਟੀ ਵਰਗ ਹੇਠ ਲਿਆਂਦੇ ਜਾਣ ਨਾਲ ਖਤਮ ਹੋ ਜਾਣਗੀਆਂ। ਇਸ ਫੈਸਲੇ ਤੁਰੰਤ ਮੈਤਈ ਅਤੇ ਪਹਾੜੀ ਕਬੀਲਿਆਂ ਨੂੰ ਦੋ ਲੜਾਕੂ ਸਮੂਹਾਂ ਵਿੱਚ ਵੰਡ ਦਿੱਤਾ ਜੋ ਕਿਸੇ ਵੀ ਤਰ੍ਹਾਂ ਆਪਣੇ ਵਿਸ਼ਵਾਸ ਨਾਲ ਜੁੜੇ ਹੋਏ ਹਨ। ਉਨ੍ਹਾਂ ਜ਼ਿਲ੍ਹਿਆਂ ਵਿੱਚ ਜਿੱਥੇ ਮੈਤਈ ਘੱਟ ਗਿਣਤੀ ਸਨ, ਉਹ ਹਿੰਸਾ ਦਾ ਸ਼ਿਕਾਰ ਹੋ ਗਏ ਅਤੇ ਇੰਫਾਲ ਵਰਗੇ ਸਥਾਨਾਂ ਵਿੱਚ ਜਿੱਥੇ ਮੈਤਈ ਬਹੁਗਿਣਤੀ ਹਨ, ਜਿੱਥੇ ਪਹਾੜੀ ਕਬੀਲੇ ਦਹਾਕਿਆਂ ਤੋਂ ਰਹਿੰਦੇ ਸਨ, ਭਿਆਨਕ ਲੜਾਈ ਦੇ ਮੈਦਾਨ ਬਣ ਗਏ। ਪਹਾੜੀ ਕਬੀਲਿਆਂ ਦੇ ਨੌਕਰਸ਼ਾਹਾਂ, ਸਿਆਸਤਦਾਨਾਂ, ਇੰਜੀਨੀਅਰਾਂ, ਪ੍ਰੋਫੈਸਰਾਂ, ਡਾਕਟਰਾਂ ਦੇ ਇੰਫਾਲ ਦੇ ਇੱਕ ਉੱਚੇ ਹਿੱਸੇ ਦੇ ਘਰਾਂ ਨੂੰ ਇੱਕ-ਇੱਕ ਕਰਕੇ ਗੁਆਂਢੀਆਂ ਦੁਆਰਾ ਸਾੜ ਦਿੱਤਾ ਗਿਆ ਜੋ ਬਹੁਗਿਣਤੀ ਮੈਤਈ ਕਬੀਲੇ ਦੇ ਹਨ। ਇਹ ਹਿੰਸਾ ਦੁਖਦਾਈ ਹੈ ਅਤੇ ਇਹ ਸੰਪਤੀ ਗਿਆਨ, ਸਿਆਣਪ, ਯਾਦਾਂ ਅਤੇ ਅਤੀਤ ਨਾਲ ਸੰਬੰਧਾਂ ਦਾ ਨੁਕਸਾਨ ਹੈ।



# 6 ਰੁੱਤਾਂ ਦਾ ਰਾਜਾ ਪੰਜਾਬ






ਪੰਜਾਬ ਪੂਰੀ ਦੁਨੀਆਂ ਦਾ ਇੱਕੋ ਇੱਕ ਅਜਿਹਾ ਇਲਾਕਾ ਮੰਨਿਆ ਜਾਂਦਾ ਹੈ, ਜਿਥੇ ਇੱਕ ਸਾਲ ਵਿੱਚ 6 ਰੁੱਤਾਂ ਬਸੰਤ ਰੁੱਤ, ਗਰਮੀ ਦੀ ਰੁੱਤ, ਵਰਖਾ ਰੁੱਤ, ਸਰਦ ਰੁੱਤ, ਪੱਤਝੜ ਰੁੱਤ ਤੇ ਸੀਤ ਰੁੱਤ ਆਉਂਦੀਆਂ ਹਨ। ਕੁਦਰਤ ਦੇ ਅਸੂਲਾਂ ਅਨੁਸਾਰ ਪੰਜਾਬ 'ਚ ਹਰ ਰੁੱਤ ਵਾਰੋ ਵਾਰੀ ਆ ਕੇ ਆਪਣਾ ਅਸਰ ਦਿਖਾਉਂਦੀ ਹੈ ਅਤੇ ਹਰ ਪਾਸੇ ਡੂੰਘਾ ਪ੍ਰਭਾਵ ਪਾਉਂਦੀ ਹੈ। ਹਰ ਰੁੱਤ ਦੇ ਆਪਣੇ ਨਿਯਮ, ਅਸੂਲ ਅਤੇ ਕਈ ਲਾਭ ਹਨ। 6 ਰੁੱਤਾਂ ਕਾਰਨ ਹੀ ਪੰਜਾਬ ਨੂੰ '6 ਰੁੱਤਾਂ ਦਾ ਰਾਜਾ' ਕਿਹਾ ਜਾਂਦਾ ਹੈ। ਇਹਨਾਂ ਰੁੱਤਾਂ ਕਾਰਨ ਪੰਜਾਬ ਦੀ ਕੁਦਰਤੀ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਂਦੇ ਹਨ।

**ਬਸੰਤ ਰੁੱਤ :** ਬਸੰਤ ਰੁੱਤ ਨੂੰ 'ਰੁੱਤਾਂ ਦੀ ਰਾਣੀ' ਵੀ ਮੰਨਿਆ ਜਾਂਦਾ ਹੈ। ਦੇਸੀ ਸਾਲ ਦੇ ਪਹਿਲੇ ਮਹੀਨੇ ਚੇਤਰ ਵਿੱਚ ਆਰੰਭ ਹੋ ਕੇ ਵਿਸਾਖ ਮਹੀਨੇ ਦੇ ਅੰਤ ਤੱਕ ਰਹਿਣ ਵਾਲੀ ਬਸੰਤ ਰੁੱਤ ਨੂੰ ਪੰਜਾਬ ਦੀ ਸਭ ਤੋਂ ਸੁਹਾਵਣੀ ਰੁੱਤ ਮੰਨਿਆ ਜਾਂਦਾ ਹੈ। ਬਸੰਤ ਰੁੱਤ ਵਿੱਚ ਬਸੰਤ- ਬਹਾਰ ਹਰ ਪਾਸੇ ਪੈਲਾਂ ਪਾਉਂਦੀ ਨਜ਼ਰ ਆਉਂਦੀ ਹੈ ਅਤੇ ਹਰ ਪਾਸੇ ਫੈਲੀ ਹਰਿਆਲੀ 'ਤੇ ਕੁਦਰਤ ਨੱਚਦੀ ਤੇ ਗਾਉਂਦੀ ਪ੍ਰਤੀਤ ਹੁੰਦੀ ਹੈ। ਬਸੰਤ ਰੁੱਤ ਵਿੱਚ ਰੁੱਖਾਂ ਦੀਆਂ ਡਾਲੀਆਂ 'ਤੇ ਨਵੇਂ ਫੁੱਲ, ਕਲੀਆਂ ਅਤੇ ਨਵੇਂ ਪੱਤੇ ਆਉਂਦੇ ਹਨ। ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਲੰਘਦੀ ਸਿੱਲੀ ਸਿੱਲੀ ਤੇ ਠੰਡੀ ਠੰਡੀ ਹਵਾ ਵੀ ਹਰ ਦਿਲ 'ਤੇ ਅਸਰ ਪਾਉਂਦੀ ਜਾਂਦੀ ਹੈ। ਬਸੰਤ ਰੁੱਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੁੰਦੀ ਹੈ ਕਿ ਇਸ ਰੁੱਤ 'ਚ ਨਾ ਤਾਂ ਠੰਡ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਗਰਮੀ ਮਹਿਸੂਸ ਹੁੰਦੀ ਹੈ, ਜਿਸ ਕਾਰਨ ਬਸੰਤ ਰੁੱਤ ਦੌਰਾਨ ਮੌਸਮ ਬਹੁਤ ਸੁਹਾਵਣਾ ਹੋ ਜਾਂਦਾ ਹੈ। ਬਸੰਤ ਰੁੱਤ ਦੌਰਾਨ ਮੋਰ ਪੈਲਾਂ ਪਾਉਂਦੇ ਤੇ ਨੱਚਦੇ ਦਿਖਾਈ ਦਿੰਦੇ ਹਨ ਅਤੇ ਕੋਇਲ ਦੀ ਕੂ ਹੂ ਕੂ ਹਰ ਕਿਸੇ ਦਾ ਮਨ ਮੋਹ ਲੈਂਦੀ ਹੈ। ਬਸੰਤ ਰੁੱਤ ਵਿੱਚ ਹੀ ਅੰਬਾਂ ਦੇ ਰੁੱਖਾਂ 'ਤੇ ਬੂਰ ਪੈ ਜਾਂਦਾ ਹੈ, ਜਿਸ ਦੀ ਮਹਿਕ ਹਵਾ ਵਿੱਚ ਫੈਲ ਜਾਂਦੀ ਹੈ ਅਤੇ ਦੂਰ ਤਕ ਜਾਂਦੀ ਹੈ। ਬਸੰਤ ਰੁੱਤ 'ਚ ਖਿੜੇ ਹੋਏ ਫੁੱਲਾਂ ਤੇ ਰੰਗ ਬਿਰੰਗੀਆਂ ਤਿਤਲੀਆਂ ਅਤੇ ਭੰਵਰੇ ਮੰਡਰਾਉਂਦੇ ਹਨ। ਇਸ ਤੋਂ ਇਲਾਵਾ ਰੰਗ ਬਿਰੰਗੇ ਫੁੱਲਾਂ 'ਤੇ ਸ਼ਹਿਦ ਦੀਆਂ ਮੱਖੀਆਂ ਵੀ ਆਪਣਾ ਸ਼ਹਿਦ ਇੱਕਠਾ ਕਰਦੀਆਂ ਨਜ਼ਰ ਆ ਜਾਂਦੀਆਂ ਹਨ। ਇਹਨਾਂ ਮੱਖੀਆਂ ਨਾਲ ਹੀ ਫੁੱਲਾਂ 'ਚ ਪਰਾਗਣ ਹੁੰਦਾ




ਹੈ, ਜਿਸ ਨਾਲ ਫੁੱਲਾਂ ਅਤੇ ਪੌਦਿਆਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ। ਬਸੰਤ ਰੁੱਤ ਦੌਰਾਨ ਰੁਮਕਦੀ ਠੰਡੀ ਹਵਾ 'ਚ ਝੂਲਦੇ ਫੁੱਲ ਅਤੇ ਕਲੀਆਂ ਬਹੁਤ ਹੀ ਸੁੰਦਰ ਦ੍ਰਿਸ਼ ਪੈਦਾ ਕਰਦੇ ਹਨ।

**ਗਰਮੀ ਦੀ ਰੁੱਤ :** ਬਸੰਤ ਰੁੱਤ ਦੇ ਜਾਣ ਤੋਂ ਬਾਅਦ ਪੰਜਾਬ 'ਚ ਗਰਮੀ ਦੀ ਰੁੱਤ ਆਰੰਭ ਹੋ ਜਾਂਦੀ ਹੈ। ਇਸ ਰੁੱਤ ਨੂੰ ਸਭ ਰੁੱਤਾਂ ਤੋਂ ਗਰਮ ਕਿਹਾ ਜਾਂਦਾ ਹੈ, ਕਿਉਂਕਿ ਇਸ ਰੁੱਤ 'ਚ ਹਰ ਪਾਸੇ ਗਰਮੀ ਹੁੰਦੀ ਹੈ। ਇਹ ਰੁੱਤ ਜੇਠ-ਹਾੜ (ਮਈ-ਜੂਨ) ਮਹੀਨਿਆਂ ਦੌਰਾਨ ਆਉਂਦੀ ਹੈ ਅਤੇ ਆਪਣਾ ਪੂਰਾ ਅਸਰ ਹਰ ਪਾਸੇ ਦਿਖਾਉਂਦੀ ਹੈ। ਗਰਮੀ ਦੀ ਰੁੱਤ 'ਚ ਗਰਮ ਲੂਆਂ ਵਗਦੀਆਂ ਹਨ, ਜਿਹਨਾਂ ਤੋਂ ਬਚਣ ਲਈ ਮਨੁੱਖ ਨੂੰ ਕਈ ਤਰਾਂ ਦੇ ਓਹੜ ਪੋਹੜ ਕਰਨੇ ਪੈਂਦੇ ਹਨ। ਗਰਮੀ ਦੀ ਰੁੱਤ ਦੌਰਾਨ ਜਿਥੇ ਫੁੱਲ, ਕਲੀਆਂ, ਰੁੱਖ ਅਤੇ ਪੌਦੇ ਕੁਮਲਾਅ ਜਾਂਦੇ ਹਨ, ਉਥੇ ਗਰਮੀ ਦੀ ਰੁੱਤ ਦੌਰਾਨ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ਤੇ ਬਹਾਰ ਆ ਜਾਂਦੀ ਹੈ। ਜਿਵੇਂ ਜਿਵੇਂ ਗਰਮੀ ਤੇਜ਼ ਹੁੰਦੀ ਜਾਂਦੀ ਹੈ, ਉਵੇਂ ਹੀ ਗੁਲਮੋਹਰ ਦੇ ਲਾਲ ਫੁੱਲਾਂ ਅਤੇ ਅਮਲਤਾਸ ਦੇ ਪੀਲੇ ਫੁੱਲਾਂ ਤੇ ਪੱਤਿਆਂ 'ਚ ਵਾਧਾ ਹੁੰਦਾ ਜਾਂਦਾ ਹੈ। ਤੇਜ਼ ਗਰਮੀ 'ਚ ਪੂਰੇ ਜੋਬਨ 'ਚ ਆ ਕੇ ਖਿੜਨਾ ਸਿਰਫ਼ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ਦੇ ਹਿੱਸੇ ਆਇਆ ਹੈ। ਇਸ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਮਨੁੱਖ ਨੂੰ ਵੀ ਹਰ ਤਰਾਂ ਦੀ ਸਥਿਤੀ 'ਚ ਖਿੜੇ ਭਾਵ ਖੁਸ਼ ਰਹਿਣਾ ਚਾਹੀਦਾ ਹੈ।

**ਵਰਖਾ ਰੁੱਤ :** ਜਦੋਂ ਅਸਮਾਣ 'ਚ ਹਰ ਪਾਸੇ ਕਾਲੀਆਂ ਘਟਾਵਾਂ ਚੜ੍ਹ ਜਾਂਦੀਆਂ ਹਨ, ਹਰ ਪਾਸੇ ਮੋਰ ਪੈਲਾਂ ਪਾਉਂਦੇ, ਨੱਚਦੇ ਗਾਉਂਦੇ ਦਿਖਾਈ ਦਿੰਦੇ ਹਨ। ਸਿੱਲੀ ਸਿੱਲੀ ਹਵਾ ਰੁਮਕਦੀ ਹੈ ਅਤੇ ਅਚਾਨਕ ਹੀ ਮੀਂਹ ਦੇ ਛਰਾਟੇ ਆ ਜਾਂਦੇ ਹਨ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਵਰਖਾ ਰੁੱਤ ਆ ਗਈ ਹੈ। ਵਰਖਾ ਰੁੱਤ ਨੂੰ ਬਰਸਾਤ ਰੁੱਤ ਵੀ ਕਿਹਾ ਜਾਂਦਾ ਹੈ। ਇਹ ਰੁੱਤ ਹਾੜ੍ਹ ਮਹੀਨੇ ਦੇ ਖ਼ਤਮ ਹੁੰਦਿਆਂ ਹੀ ਸਾਵਣ ਮਹੀਨੇ ਦੀ ਸ਼ੁਰੂਆਤ 'ਚ ਆਰੰਭ ਹੋ ਜਾਂਦੀ ਹੈ ਅਤੇ ਸਾਵਣ ਭਾਦੋਂ ਦੇ ਮਹੀਨਿਆਂ ਦੌਰਾਨ ਪੰਜਾਬ 'ਚ ਰਹਿੰਦੀ ਹੈ। ਵਰਖਾ ਰੁੱਤ ਦੌਰਾਨ ਕਦੇ ਦਿਨ ਨੂੰ ਅਤੇ ਕਦੇ ਰਾਤ ਨੂੰ ਬਰਸਾਤ ਹੁੰਦੀ ਰਹਿੰਦੀ ਹੈ, ਕਈ ਵਾਰ ਜ਼ਿਆਦਾ ਬਰਸਾਤ ਆਉਣ ਕਾਰਨ ਹੜ੍ਹਾਂ ਦਾ ਖ਼ਤਰਾ ਵੀ ਬਣ ਜਾਂਦਾ ਹੈ। ਬਰਸਾਤ ਰੁੱਤ ਦੌਰਾਨ ਹਰ ਪਾਸੇ ਹਰਿਆਲੀ ਛਾ ਜਾਂਦੀ ਹੈ, ਜੋ ਕਿ ਬਹੁਤ ਸੋਹਣੀ ਲੱਗਦੀ ਹੈ। ਬਰਸਾਤ ਦੌਰਾਨ ਦਿਨ ਰਾਤ ਅਸਮਾਣ ਤੇ ਬੱਦਲ ਛਾਏ ਰਹਿੰਦੇ ਹਨ ਅਤੇ ਕਾਲੀਆਂ ਘਟਾਵਾਂ ਚੜੀਆਂ ਰਹਿੰਦੀਆਂ ਹਨ। ਇਸ ਰੁੱਤ ਦੌਰਾਨ ਚੱਕਰਵਾਤ ਬਰਸਾਤ ਵੀ ਹੁੰਦੀ ਹੈ। ਸਾਵਣ ਭਾਦੋਂ ਦੌਰਾਨ ਬਰਸਾਤ ਰੁੱਤ ਦੇ ਛਰਾਟੇ ਬਹੁਤ ਪ੍ਰਸਿੱਧ ਹਨ। ਬਰਸਾਤ ਰੁੱਤ ਦੌਰਾਨ ਅਨੇਕਾਂ ਪਕਵਾਣ ਬਣਾਏ ਜਾਂਦੇ ਹਨ। ਬਰਸਾਤ ਰੁੱਤ ਦੌਰਾਨ ਗਰਮੀ ਦਾ ਅਸਰ ਘੱਟ



ਹੋਣ ਕਾਰਨ ਮੌਸਮ ਬਹੁਤ ਸੁਹਾਵਣਾ ਹੋ ਜਾਂਦਾ ਹੈ ਅਤੇ ਇਸ ਸੁਹਾਵਣੇ ਮੌਸਮ ਦਾ ਆਨੰਦ ਹਰ ਮਨੁੱਖ ਮਾਣਦਾ ਹੈ। ਇਸ ਰੁੱਤ ਦੌਰਾਨ ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਤੋਂ ਚੱਲੀਆਂ ਹੋਈਆਂ ਮਾਨਸੂਨ ਪੌਣਾਂ ਪੰਜਾਬ 'ਚ ਪਹੁੰਚ ਜਾਂਦੀਆਂ ਹਨ ਅਤੇ ਇਹਨਾਂ ਮਾਨਸੂਨ ਪੌਣਾਂ ਕਾਰਨ ਪੰਜਾਬ 'ਚ ਭਰਵਾਂ ਮੀਂਹ ਪੈਂਦਾ ਹੈ।

**ਸਰਦ ਰੁੱਤ :** ਸਰਦ ਰੁੱਤ ਦੌਰਾਨ ਵਿਆਹ ਬਹੁਤ ਹੁੰਦੇ ਹਨ, ਜਿਸ ਕਰਕੇ ਇਸ ਰੁੱਤ ਨੂੰ 'ਵਿਆਹਾਂ ਦੀ ਰੁੱਤ' ਵੀ ਕਿਹਾ ਜਾਂਦਾ ਹੈ। ਸਾਵਣ ਭਾਦੋਂ ਦੇ ਮਹੀਨਿਆਂ ਦੇ ਖਤਮ ਹੋਣ ਤੋਂ ਬਾਅਦ ਬਰਸਾਤ ਰੁੱਤ ਖਤਮ ਹੋ ਜਾਂਦੀ ਹੈ ਅਤੇ ਅਗਲੇ ਅੱਸੂ ਅਤੇ ਕੱਤਕ ਮਹੀਨਿਆਂ ਦੌਰਾਨ ਸਰਦ ਰੁੱਤ ਆਰੰਭ ਹੋ ਜਾਂਦੀ ਹੈ। ਅੱਸੂ ਮਹੀਨੇ ਮੌਸਮ ਬਹੁਤ ਸੁਹਾਵਣਾ ਹੁੰਦਾ ਹੈ। ਇਸ ਰੁੱਤ ਦੌਰਾਨ ਨਾ ਤਾਂ ਵਧੇਰੇ ਗਰਮੀ ਹੁੰਦੀ ਹੈ ਅਤੇ ਨਾ ਹੀ ਵਧੇਰੇ ਠੰਡ ਹੁੰਦੀ ਹੈ। ਇਸ ਰੁੱਤ ਦੌਰਾਨ ਦਿਨ ਅਤੇ ਰਾਤ ਦਾ ਤਾਪਮਾਨ ਇਕੋ ਜਿਹਾ ਹੁੰਦਾ ਹੈ। ਇਸ ਰੁੱਤ ਦੌਰਾਨ ਵੀ ਹਰ ਪਾਸੇ ਹਰਿਆਲੀ ਦਿਖਾਈ ਦਿੰਦੀ ਹੈ, ਜੋ ਕਿ ਸਭ ਦਾ ਮਨ ਮੋਹ ਲੈਂਦੀ ਹੈ। ਇਸ ਰੁੱਤ ਦੌਰਾਨ ਮੌਸਮ ਸੁਹਾਵਣਾ ਹੋਣ ਕਾਰਨ ਅਤੇ ਹਲਕਾ ਠੰਡਾ ਹੋਣ ਕਾਰਨ ਖਾਣ ਪੀਣ ਦੀਆਂ ਵਸਤਾਂ ਛੇਤੀ ਖਰਾਬ ਨਹੀਂ ਹੁੰਦੀਆਂ, ਜਿਸ ਕਰਕੇ ਇਸ ਰੁੱਤ ਵਿੱਚ ਵਿਆਹ ਕਰਨੇ ਚੰਗੇ ਸਮਝੇ ਜਾਂਦੇ ਹਨ। ਸਰਦ ਰੁੱਤ ਵਿੱਚ ਵੱਖ- ਵੱਖ ਕਿਸਮਾਂ ਦੇ ਰੁੱਖਾਂ ਦੇ ਪੱਤੇ ਵੀ ਆਪਣਾ ਰੰਗ ਬਦਲਣ ਲੱਗਦੇ ਹਨ। ਇਸ ਰੁੱਤ ਵਿੱਚ ਮੌਸਮ ਹਲਕਾ ਠੰਡਾ ਜਿਹਾ ਹੁੰਦਾ ਹੈ, ਜਿਸ ਕਾਰਨ ਸਵੇਰ ਵੇਲੇ ਚੜ੍ਹਦੇ ਸੂਰਜ ਦੀ ਲਾਲੀ ਨਿੱਘ ਦਿੰਦੀ ਪ੍ਰਤੀਤ ਹੁੰਦੀ ਹੈ।

**ਪੱਤਝੜ ਰੁੱਤ :** ਜਦੋਂ ਰੁੱਖਾਂ ਦੇ ਪੱਤੇ ਝੜਨ ਲੱਗ ਜਾਂਦੇ ਹਨ ਤਾਂ ਸਮਝ ਜਾਣਾ ਚਾਹੀਦਾ ਹੈ ਕਿ ਪੱਤਝੜ ਦੀ ਰੁੱਤ ਆਰੰਭ ਹੋ ਜਾਂਦੀ ਹੈ। ਇਹ ਰੁੱਤ ਮੱਘਰ ਮਹੀਨੇ ਦੀ ਸ਼ੁਰੂਆਤ 'ਚ ਆਰੰਭ ਹੁੰਦੀ ਹੈ ਅਤੇ ਪੋਹ ਮਹੀਨੇ ਤੱਕ ਰਹਿੰਦੀ ਹੈ।

(ਬਾਕੀ ਸਫ਼ਾ 31 'ਤੇ)









# ਸੁੰਗੜ ਰਹੇ ਨੇ ਜਲ ਭੰਡਾਰ

## ਸੁੱਕ ਰਹੀਆਂ ਨੇ ਅੱਧੀਆਂ ਤੋਂ ਵੱਧ ਝੀਲਾਂ





ਇੱਕ ਸਰਵੇਖਣ ਮੁਤਾਬਿਕ ਦੁਨੀਆਂ ਦੀਆਂ ਅੱਧੇ ਤੋਂ ਵੱਧ ਝੀਲਾਂ ਸੁੱਕ ਰਹੀਆਂ ਹਨ। 90 ਦੇ ਦਹਾਕੇ ਦੀ ਸ਼ੁਰੂਆਤ ਤੋਂ ਦੁਨੀਆਂ ਦੀਆਂ ਅੱਧੇ ਤੋਂ ਵੱਧ ਝੀਲਾਂ ਅਤੇ ਜਲ ਭੰਡਾਰ ਸੁੰਗੜ ਗਏ ਹਨ। ਇਹ ਦਾਅਵਾ ਲੰਘੇ ਦਿਨੀਂ ਇੱਕ ਸਰਵੇਖਣ ਦੀ ਰਿਪੋਰਟ ਵਿੱਚ ਕੀਤਾ ਗਿਆ ਹੈ।

ਜਲਵਾਯੂ ਤਬਦੀਲੀ, ਖੇਤੀਬਾੜੀ, ਪਣ ਬਿਜਲੀ ਤੇ ਮਨੁੱਖੀ ਖਪਤ ਲਈ ਪਾਣੀ ਬੁੱਧੀਜੀਵੀਆਂ ਦੀਆਂ ਚਿੰਤਾਵਾਂ ਦਾ ਵਿਸ਼ਾ ਬਣ ਗਏ ਹਨ। ਅੰਤਰਰਾਸ਼ਟਰੀ ਵਿਗਿਆਨੀਆਂ (ਖ਼ੋਜੀਆਂ) ਦੀ ਇਕ ਟੀਮ ਨੇ ਦੱਸਿਆ ਕਿ ਦੁਨੀਆਂ ਦੇ ਕੁੱਝ ਸਭ ਤੋਂ ਮਹੱਤਵਪੂਰਨ ਤਾਜ਼ੇ ਪਾਣੀ ਦੇ ਸਰੋਤ ਯੂਰੋਪ ਅਤੇ ਏਸ਼ੀਆ ਦੇ ਵਿਚਾਲੇ 'ਕੈਸਪੀਅਨ ਸਾਗਰ' ਤੋਂ ਲੈ ਕੇ ਦੱਖਣੀ ਅਮਰੀਕਾ ਦੀ ਝੀਲ 'ਟਿਟੀਕਾਕਾ' ਤਕ ਕਰੀਬ ਤਿੰਨ ਦਹਾਕਿਆਂ ਤੋਂ ਪ੍ਰਤੀ ਸਾਲ ਕਰੀਬ 22 ਗੀਗਾ ਟਨ ਦੀ ਹਿਸਾਬ ਦੇ ਨਾਲ ਪਾਣੀ ਘਟਦਾ ਜਾ ਰਿਹਾ ਹੈ। ਇਹ ਅਮਰੀਕਾ ਦੇ ਸਭ ਤੋਂ ਵੱਡੇ ਭੰਡਾਰ, 'ਲੇਕਮੀਡ' ਦੀ ਮਾਤਰਾ ਦਾ ਕਰੀਬ 17 ਗੁਣਾ ਹੈ। ਟੀਮ ਦੀ ਅਗਵਾਈ ਕਰਨ ਵਾਲੇ ਵਰਜੀਨੀਆ ਯੂਨੀਵਰਸਿਟੀ ਦੇ ਇਕ ਅਧਿਕਾਰੀ ਫੈਗੰ ਫੈਗੰ ਯਾਓ ਨੇ ਕਿਹਾ ਹੈ ਕਿ ਕੁਦਰਤੀ ਝੀਲਾਂ 'ਚ 56 ਫੀਸਦੀ ਗਿਰਾਵਟ ਜਲਵਾਯੂ ਤਪਸ਼ ਤੇ ਮਨੁੱਖੀ ਖਪਤ ਦੁਆਰਾ ਮੰਨੀ ਜਾ ਰਹੀ ਹੈ।

ਜਲਵਾਯੂ ਵਿਗਿਆਨੀ ਆਮ ਤੌਰ 'ਤੇ ਸੋਚਦੇ ਹਨ ਕਿ ਸੁੱਕੇ ਖੇਤਰ ਜਲਵਾਯੂ ਪਰਿਵਰਤਨ ਦੇ ਅਧੀਨ ਗਿੱਲੇ ਹੋ ਜਾਣਗੇ ਅਤੇ ਗਿੱਲੇ ਖੇਤਰ ਸੁੱਕੇ ਹੋ ਜਾਣਗੇ। ਪਰ ਸਰਵੇਖਣ ਅਨੁਸਾਰ ਨਮੀ ਵਾਲੇ ਖੇਤਰਾਂ 'ਚ ਵੀ ਪਾਣੀ ਦੀ ਮਹੱਤਵਪੂਰਨ ਘਾਟ ਪਾਈ ਗਈ ਹੈ। ਯਾਓ ਨੇ ਕਿਹਾ ਕਿ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾਂ ਚਾਹੀਦਾ।

ਵਿਗਿਆਨੀਆਂ ਨੇ ਜਲਵਾਯੂ ਅਤੇ ਹਾਈਡ੍ਰੋਲੋਜੀਕਲ ਮਾਡਲਾਂ ਦੇ ਨਾਲ ਸੈਟੇਲਾਈਟਾਂ ਮਾਪਾਂ ਦੀ ਵਰਤੋ ਕਰਦੇ ਹੋਏ ਲਗਭਗ 2000 ਝੀਲਾਂ ਦਾ ਅਧਿਐਨ ਕੀਤਾ। ਉਹਨਾਂ ਨੇ ਵੇਖਿਆ ਕਿ ਮਨੁੱਖੀ ਵਰਤੋ ਦੀ ਪਾਣੀ ਪ੍ਰਤੀ ਅਣਗਹਿਲੀ, ਬਰਸਾਤ ਵਿੱਚ ਤਬਦੀਲੀਆਂ, ਰਣ-ਆਫ ਤੇ ਵੱਧ ਰਹੇ ਤਾਪਮਾਨ ਨੇ ਵਿਸ਼ਵ ਪੱਧਰ 'ਤੇ ਝੀਲਾਂ ਦੇ ਪੱਧਰ ਨੂੰ ਹੇਠਾਂ ਲਿਆ ਦਿੱਤਾ ਹੈ। 1992 ਤੋਂ 2020 ਤਕ 53 ਫੀਸਦੀ ਝੀਲਾਂ ਗਿਰਾਵਟ ਨੂੰ ਦਰਸਾਉਂਦੀਆਂ ਹਨ। ਲਗਭਗ ਦੋ ਬਿਲੀਅਨ ਲੋਕ ਜੋ ਸੁੱਕ ਰਹੀ ਝੀਲ ਦੀ ਡੂੰਘਾਈ ਵਿੱਚ ਰਹਿੰਦੇ ਹਨ, ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਹਨ ਅਤੇ ਹੋਰ ਬਹੁਤ ਸਾਰੇ ਖੇਤਰਾਂ ਨੂੰ ਹਾਲ ਹੀ ਦੇ ਸਾਲਾਂ ਵਿੱਚ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਵਿਗਿਆਨੀਆਂ ਅਤੇ ਪ੍ਰਚਾਰਕਾਂ ਨੇ ਲੰਬੇ ਸਮੇਂ ਤੋਂ ਕਿਹਾ ਕਿ ਜਲਵਾਯੂ ਤਬਦੀਲੀ ਦੇ ਸਭ ਤੋਂ ਵਿਨਾਸ਼ਕਾਰੀ ਨਤੀਜਿਆਂ ਤੋਂ ਬਚਣ ਲਈ 1.5 ਡਿਗਰੀ ਸੈਲਸੀਅਸ ਤੋਂ ਵੱਧ ਗਲੋਬਲ ਵਾਰਨਿੰਗ ਨੂੰ ਰੋਕਣਾ ਜ਼ਰੂਰੀ ਹੈ। ਸੰਸਾਰ ਇਸ ਸਮੇਂ ਲਗਭਗ 1.1 ਸੈਲਸੀਅਸ ਦੀ ਦਰ ਨਾਲ ਗਰਮ ਹੋ ਰਿਹਾ ਹੈ। ਸਰਵੇਖਣ ਵਿੱਚ ਪਾਇਆ ਗਿਆ ਕਿ ਮਨੁੱਖੀ ਵਰਤੋ ਵਿੱਚ ਅਸਥਾਈ ਤੌਰ 'ਤੇ ਸੁੱਕੀਆਂ ਝੀਲਾਂ, ਜਿਵੇਂ ਕਿ ਮੱਧ ਏਸ਼ੀਆ 'ਚ ਅਰਾਲ ਸਾਗਰ ਅਤੇ ਮੱਧ ਪੂਰਬ ਵਿੱਚ ਮ੍ਰਿਤ ਸਾਗਰ (ਡੈਡ ਸੀ), ਜਦੋਂ ਕਿ ਅਫ਼ਗਾਨਿਸਤਾਨ, ਮਿਸਰ ਅਤੇ ਮੰਗੋਲੀਆ ਦੀਆਂ ਝੀਲਾਂ ਵੱਧ ਰਹੇ ਤਾਪਮਾਨ ਨਾਲ ਪ੍ਰਭਾਵਿਤ ਹੋਈਆਂ ਹਨ। ਜੋ ਵਾਯੂ-ਮੰਡਲ ਦੀਆਂ ਤਬਦੀਲੀਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਅੰਦਰੂਨੀ ਤਿੱਬਤੀ ਪਠਾਰ ਵਰਗੇ ਦੂਰ ਦੁਰਾਡੇ ਖੇਤਰਾਂ 'ਚ ਡੈਮਾਂ ਦੀ ਉਸਾਰੀ ਦੇ ਨਤੀਜੇ ਵਜੋਂ ਝੀਲਾਂ ਦੇ ਇੱਕ ਚੌਥਾਈ ਹਿੱਸੇ 'ਚ ਪਾਣੀ ਦਾ ਪੱਧਰ ਵਧਿਆ ਦੱਸਿਆ ਗਿਆ ਹੈ।



# ਆ ਗਏ ਅੱਛੇ ਦਿਨ: ਭਾਰਤ 'ਚ ਕਰੋੜਪਤੀਆਂ ਦੀ ਗਿਣਤੀ ਪੰਜ ਸਾਲਾਂ ਵਿੱਚ ਹੋਵੇਗੀ ਦੁੱਗਣੀ

## ਅਰਬਪਤੀਆਂ ਦੀ ਗਿਣਤੀ 'ਚ ਹੋਵੇਗਾ ਡੇਢ ਗੁਣਾ ਤੋਂ ਜ਼ਿਆਦਾ ਵਾਧਾ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਕਰੋੜਪਤੀਆਂ ਦੀ ਗਿਣਤੀ ਪੰਜ ਸਾਲਾਂ ਵਿੱਚ ਦੁੱਗਣੀ ਹੋ ਜਾਵੇਗੀ ਅਤੇ ਅਰਬਪਤੀਆਂ ਦੀ ਗਿਣਤੀ ਡੇਢ ਗੁਣਾ ਹੋ ਜਾਵੇਗੀ। ਨਾਈਟ ਫ੍ਰੈਂਕ ਵੈਲਥ ਰਿਪੋਰਟ 2023 ਦਾ ਦਾਅਵਾ ਹੈ ਕਿ 2027 ਤੱਕ ਦੇਸ਼ ਵਿੱਚ ਹਾਈ ਨੈੱਟ ਵਰਥ ਇੰਡੀਵਿਜੁਅਲਸ ਦੀ ਗਿਣਤੀ 16 ਲੱਖ ਤੋਂ ਵੱਧ ਜਾਵੇਗੀ। ਯਾਨੀ, ਜਿਨ੍ਹਾਂ ਲੋਕਾਂ ਦੀ ਕੁੱਲ ਜਾਇਦਾਦ 1 ਮਿਲੀਅਨ ਡਾਲਰ ਜਾਂ ਇਸ ਤੋਂ ਵੱਧ ਹੈ, ਉਨ੍ਹਾਂ ਦੀ ਗਿਣਤੀ ਵਧ ਕੇ 1.6 ਮਿਲੀਅਨ ਹੋ ਜਾਵੇਗੀ। 2022 ਤੱਕ ਦੇਸ਼ ਵਿੱਚ ਅਜਿਹੇ ਲੋਕਾਂ ਦੀ ਗਿਣਤੀ 7.97 ਲੱਖ ਹੋਵੇਗੀ। ਰਿਪੋਰਟ ਮੁਤਾਬਕ ਪੰਜ ਸਾਲਾਂ 'ਚ ਅਮੀਰ ਲੋਕਾਂ ਦੀ ਗਿਣਤੀ 'ਚ 108 ਫੀਸਦੀ ਦਾ ਵਾਧਾ ਹੋਵੇਗਾ।

### ਅਰਬਪਤੀਆਂ ਦੀ ਗਿਣਤੀ ਵੀ ਵਧੇਗੀ

ਰਿਪੋਰਟ ਦੇ ਅਨੁਸਾਰ, ਭਾਰਤ ਦੇ ਅਤਿ-ਉੱਚ-ਸੰਪੱਤੀ ਵਾਲੇ ਵਿਅਕਤੀਆਂ, ਜਿਨ੍ਹਾਂ ਦੀ ਕੁੱਲ ਜਾਇਦਾਦ 30 ਮਿਲੀਅਨ ਤੋਂ ਵੱਧ ਹੈ, 2027 ਤੱਕ 58.4% ਵਧੇਗੀ। 2027 ਵਿੱਚ, ਦੇਸ਼ ਵਿੱਚ 30 ਮਿਲੀਅਨ ਤੋਂ ਵੱਧ ਦੀ ਕੁੱਲ ਜਾਇਦਾਦ ਵਾਲੇ 19,119 ਲੋਕ ਹੋਣਗੇ। 2022 ਤੱਕ ਦੇਸ਼ ਵਿੱਚ ਅਜਿਹੇ ਲੋਕਾਂ ਦੀ ਗਿਣਤੀ 12,069 ਹੈ। ਜਦੋਂ ਕਿ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ 2027 ਤੱਕ 161 ਤੋਂ ਵਧ ਕੇ 195 ਹੋ ਜਾਵੇਗੀ।

### ਪਿਛਲੇ ਸਾਲ ਦੁਨੀਆਂ ਭਰ ਵਿੱਚ ਅਮੀਰਾਂ ਦੀ ਆਬਾਦੀ ਘਟੀ

2022 ਵਿੱਚ, ਅਤਿ-ਉੱਚ-ਸੰਪੱਤੀ ਵਾਲੇ ਵਿਅਕਤੀਆਂ ਦੀ ਵਿਸ਼ਵ-ਵਿਆਪੀ ਆਬਾਦੀ ਵਿੱਚ 3.8% ਦੀ ਗਿਰਾਵਟ ਦਾ ਅਨੁਮਾਨ ਲਗਾਇਆ ਗਿਆ ਸੀ। ਜਦੋਂ ਕਿ 2021 ਵਿੱਚ, 9.3% ਦਾ ਵਾਧਾ ਦਰਜ ਕੀਤਾ ਗਿਆ ਸੀ। ਅਮੀਰਾਂ ਦੀ ਦੌਲਤ ਅਤੇ ਨਿਵੇਸ਼ ਪੋਰਟਫੋਲੀਓ ਆਰਥਿਕ ਮੰਦਵਾੜੇ, ਲਗਾਤਾਰ ਦਰਾਂ ਵਿੱਚ ਵਾਧੇ ਅਤੇ ਵਧ ਰਹੀ ਭੂ-ਰਾਜਨੀਤਿਕ ਅਨਿਸ਼ਚਿਤਤਾਵਾਂ ਦੁਆਰਾ ਪ੍ਰਭਾਵਿਤ ਹੋਏ ਸਨ। ਇਹ ਸਥਿਤੀ ਭਾਰਤ ਵਿੱਚ ਵੀ ਦੇਖਣ ਨੂੰ ਮਿਲੀ। ਵਿਆਜ ਦਰਾਂ ਵਿੱਚ ਵਾਧੇ ਅਤੇ ਹੋਰ ਕਾਰਨਾਂ ਕਰਕੇ, 2022 ਵਿੱਚ ਅਮੀਰਾਂ ਦੀ ਆਬਾਦੀ ਵਿੱਚ 7.5% ਦੀ ਗਿਰਾਵਟ ਦਰਜ ਕੀਤੀ ਗਈ ਸੀ।

### ਨਿਰਮਾਣ, ਬੁਨਿਆਦੀ ਢਾਂਚੇ, ਤਕਨੀਕ ਤੋਂ ਅਮੀਰ ਵਧੇ

ਨਾਈਟ ਫਰੈਂਕ ਇੰਡੀਆ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਸ਼ਿਸ਼ਿਰ ਬੈਜਲ ਦੇ ਅਨੁਸਾਰ, ਭਾਰਤ ਦੀਆਂ ਕੋਰ ਅਤੇ ਗੈਰ-ਕੋਰ ਸੈਕਟਰਾਂ ਵਿੱਚ ਵਿਕਾਸ ਗਤੀਵਿਧੀਆਂ ਨੇ ਹਾਲ ਹੀ ਵਿੱਚ ਆਰਥਿਕ ਵਿਕਾਸ ਨੂੰ ਤੇਜ਼ ਕਰਨ ਵਿੱਚ ਮਦਦ ਕੀਤੀ ਹੈ। ਗਲੋਬਲ ਮੈਨੂਫੈਕਚਰਿੰਗ, ਬੁਨਿਆਦੀ ਢਾਂਚਾ, ਟੈਕਨੌਲੋਜੀ ਸਟਾਰਟਅੱਪ ਆਦਿ ਵਰਗੇ ਖੇਤਰਾਂ ਤੋਂ ਭਾਰਤ ਵਿੱਚ ਉੱਭਰ ਰਹੇ ਨਵੇਂ ਮੌਕੇ ਆਰਥਿਕ ਗਤੀ ਨੂੰ ਵਧਾਉਣਗੇ ਅਤੇ ਦੇਸ਼ ਵਿੱਚ ਦੌਲਤ ਸਿਰਜਣ ਵਿੱਚ ਮਦਦ ਕਰਨਗੇ, ਜਿਸ ਨਾਲ ਭਾਰਤ ਵਿੱਚ ਅਮੀਰ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ।

### ਅਮੀਰਾਂ ਵਿੱਚ ਸ਼ਾਮਲ ਹੋਣ ਦਾ ਪੈਮਾਨਾ

ਕੰਪਨੀ ਦੇ 'ਵੈਲਥ ਸਾਈਜ਼ਿੰਗ ਮਾਡਲ' 'ਤੇ ਆਧਾਰਿਤ ਅਧਿਐਨ ਦੇ ਅਨੁਸਾਰ, ਭਾਰਤ ਵਿੱਚ ਚੋਟੀ ਦੇ 1% ਅਮੀਰ ਵਿਅਕਤੀਆਂ ਵਿੱਚ ਸ਼ਾਮਲ ਹੋਣ ਲਈ ਇੱਕ ਵਿਅਕਤੀ ਦੀ ਕੁੱਲ ਜਾਇਦਾਦ 1.7 ਲੱਖ ਹੋਣ ਦਾ ਅਨੁਮਾਨ ਹੈ। ਹਾਲਾਂ ਕਿ, ਇਹ ਪੈਮਾਨਾ ਦੇਸ਼ ਤੋਂ ਦੇਸ਼ ਵਿੱਚ ਵੱਖਰਾ ਹੈ। ਦੁਨੀਆਂ ਦੇ ਸਭ ਤੋਂ ਅਮੀਰ ਲੋਕ ਮੋਨਾਕੋ ਵਿੱਚ ਰਹਿੰਦੇ ਹਨ। 1% ਕਲੱਬ ਵਿੱਚ ਸ਼ਾਮਲ ਹੋਣ ਲਈ, ਤੁਹਾਡੇ ਕੋਲ 12.4 ਮਿਲੀਅਨ ਦੀ ਕੁੱਲ ਜਾਇਦਾਦ ਹੋਣੀ ਚਾਹੀਦੀ ਹੈ। ਸਵਿਟਜ਼ਰਲੈਂਡ ਵਿੱਚ 6.6 ਮਿਲੀਅਨ ਅਤੇ ਸਿੰਗਾਪੁਰ ਵਿੱਚ 3.5 ਮਿਲੀਅਨ।

### ਅਮੀਰਾਂ ਵਿੱਚ 5-7 ਫੀਸਦੀ ਵਾਧਾ

ਦੁਨੀਆਂ ਦੇ ਚੋਟੀ ਦੇ 10 ਦੇਸ਼ਾਂ ਵਿੱਚ ਜਿੱਥੇ ਅਮੀਰਾਂ ਦੀ ਆਬਾਦੀ ਸਭ ਤੋਂ ਵੱਧ ਵਧੀ ਹੈ, ਉਨ੍ਹਾਂ ਵਿੱਚ ਤਿੰਨ ਏਸ਼ੀਆਈ ਦੇਸ਼ ਸਿੰਗਾਪੁਰ, ਮਲੇਸ਼ੀਆ ਅਤੇ ਇੰਡੋਨੇਸ਼ੀਆ ਸ਼ਾਮਲ ਹਨ। ਇੱਥੇ ਅਮੀਰ ਆਬਾਦੀ ਵਿੱਚ 5% ਅਤੇ 7% ਦਾ ਵਾਧਾ ਦਰਜ ਕੀਤਾ ਗਿਆ ਹੈ। ਅਗਲੇ ਪੰਜ ਸਾਲਾਂ ਵਿੱਚ ਇਸ ਖੇਤਰ ਵਿੱਚ ਅਮੀਰਾਂ ਦੀ ਗਿਣਤੀ ਵਿੱਚ ਲਗਭਗ 40% ਵਾਧਾ ਹੋਣ ਦਾ ਅਨੁਮਾਨ ਹੈ। ਏਸ਼ੀਆ ਵਿੱਚ 2027 ਤੱਕ 210,175 ਅਤਿ ਅਮੀਰ ਲੋਕ ਹੋਣਗੇ। ਏਸ਼ੀਆ ਯੂਰਪ ਨੂੰ ਪਿੱਛੇ ਛੱਡ ਦੇਵੇਗਾ। ਏਸ਼ੀਆ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਰਹੇਗਾ।

### ਇਸ ਤਰ੍ਹਾਂ ਭਾਰਤ 'ਚ ਵਧੀ ਅਮੀਰਾਂ ਦੀ ਗਿਣਤੀ

2017 ਵਿੱਚ ਉੱਚ-ਨੈਟ-ਵਰਥ ਇੰਡੀਵਿਜੁਅਲਸ 8,09,666 ਸੀ। 2021 ਵਿੱਚ 7,63,674 ਅਤੇ 2022 ਵਿੱਚ 7,97,714 ਅਤੇ 2023 ਵਿੱਚ 16,57,272।

2017 ਵਿੱਚ 11529, 2021 ਵਿੱਚ 13048 ਅਤੇ 2022 ਵਿੱਚ 12069 ਤੱਕ ਪਹੁੰਚਣ ਲਈ ਅਲਟਰਾ-ਹਾਈ-ਨੈੱਟ-ਵਰਥ ਵਿਅਕਤੀ।

### 2023 ਵਿੱਚ 19119 ਹੈ

2017 ਵਿੱਚ ਅਰਬਪਤੀਆਂ ਦੀ ਗਿਣਤੀ 102 ਸੀ, ਜਦੋਂ ਕਿ 2021 ਵਿੱਚ ਇਹ 145 ਅਤੇ 2022 ਵਿੱਚ 161 ਹੋ ਗਈ। 2023 ਵਿੱਚ ਇਹ ਗਿਣਤੀ ਵਧ ਕੇ 195 ਹੋ ਗਈ ਹੈ।

# ਭਾਰਤ ਦੀ ਰਾਜਨੀਤੀ ਅਤੇ ਚੋਣ ਇਤਿਹਾਸ ’ਚ ਕਿੰਨਰਾਂ ਦੀ ਭੂਮਿਕਾ


ਕਾਜਲ ਕਿੰਨਰ


ਐਮ ਰਾਧਾ


ਭਵਾਨੀ ਮਾਂ ਵਾਲਮੀਕੀ


ਸਨੇਹਾ ਕਾਲੇ


ਅਸ਼ਵਿਤੀ ਰਾਜੱਪਨ

ਟਰਾਂਸਜੈਂਡਰ ਭਾਈਚਾਰੇ (ਕਿੰਨਰ) ਦੇ ਅਨੇਕਾਂ ਲੋਕ ਵਿਧਾਨ ਸਭਾ ਤੋਂ ਲੈ ਕੇ ਲੋਕ ਸਭਾ ਤੱਕ ਚੋਣ ਲੜ ਚੁੱਕੇ ਹਨ। ਹਾਲਾਂਕਿ ਇੱਕ ਸ਼ਬਨਮ ਮੌਸੀ ਨੂੰ ਛੱਡ ਕੇ ਕੋਈ ਵੀ ਚੋਣ ਜਿੱਤ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਨਹੀਂ ਪਹੁੰਚ ਸਕਿਆ। ਸ਼ਬਨਮ ਮੌਸੀ ਦੇਸ਼ ਦੀ ਪਹਿਲੀ ਟਰਾਂਸਜੈਂਡਰ ਵਿਧਾਇਕ ਸੀ। ਉਹ 1998 ਵਿੱਚ ਮੱਧ ਪ੍ਰਦੇਸ਼ ਦੇ ਸ਼ਾਹਡੋਲ-ਅਨੂਪੁਰ ਜ਼ਿਲ੍ਹੇ ਦੇ ਸੋਹਾਗਪੁਰ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਵਿਧਾਨ ਸਭਾ ਪਹੁੰਚੀ। ਇਹ 1998 ਵਿੱਚ ਹੋਇਆ ਸੀ, ਭਾਰਤ ਵਿੱਚ ਟਰਾਂਸਜੈਂਡਰਾਂ ਨੂੰ ਵੋਟ ਦਾ ਅਧਿਕਾਰ ਮਿਲਣ ਦੇ ਚਾਰ ਸਾਲ ਬਾਅਦ। ਭਾਰਤ ਵਿੱਚ ਟਰਾਂਸਜੈਂਡਰਾਂ ਨੂੰ 1994 ਵਿੱਚ ਵੋਟ ਦਾ ਅਧਿਕਾਰ ਦਿੱਤਾ ਗਿਆ ਸੀ।

ਭਾਰਤੀ ਕਾਨੂੰਨ ਦੀ ਧਾਰਾ, 377 ਜੋ ਟਰਾਂਸਜੈਂਡਰਾਂ ਨਾਲ ਵਿਤਕਰਾ ਕਰਦੀ ਹੈ, ਨੂੰ ਸੁਪਰੀਮ ਕੋਰਟ ਨੇ 6 ਸਤੰਬਰ, 2018 ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ।

ਸਮਲਿੰਗਤਾ ਹੁਣ ਅਪਰਾਧ ਨਹੀਂ ਸੀ। ਇਸ ਲਈ, 2019 ਦੀਆਂ ਲੋਕ ਸਭਾ ਚੋਣਾਂ ਵਿੱਚ, ਦੇਸ਼ ਦੇ ਕਈ ਹਿੱਸਿਆਂ ਵਿੱਚ ਟਰਾਂਸਜੈਂਡਰ ਉਮੀਦਵਾਰ ਇੱਕੋ ਸਮੇਂ ਮੈਦਾਨ ਵਿੱਚ ਉਤਰੇ। 2019 ਦੀਆਂ ਲੋਕ ਸਭਾ ਚੋਣਾਂ ਵਿੱਚ, ਟਰਾਂਸਜੈਂਡਰ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਉਮੀਦਵਾਰਾਂ ਨੇ ਇੱਕੋ ਸਮੇਂ ਦੇਸ਼ ਦੇ ਕਈ ਹਿੱਸਿਆਂ ਵਿੱਚ ਚੋਣ ਲੜੀ ਸੀ। ਸਿਆਸੀ ਖੇਤਰ ’ਚ ਐਂਟਰੀ ਕਰਨ ਦੀ ਹਿੰਮਤ ਦਿਖਾਉਣ ਵਾਲੇ ਕਿੰਨਰ

**ਕਾਜਲ ਕਿੰਨਰ**

ਕਾਜਲ ਨਾਇਕ 2019 ’ਚ ਓਡੀਸ਼ਾ ਵਿਧਾਨ ਸਭਾ ਚੋਣਾਂ ਵਿੱਚ ਉੜੀਸਾ ਵਿੱਚ ਕੋਰਈ ਸੀਟ ਤੋਂ ਬਹੁਜਨ ਸਮਾਜ ਪਾਰਟੀ ਦੀ ਉਮੀਦਵਾਰ ਸੀ। ਸਾਲ 2019 ਵਿੱਚ, ਬਹੁਜਨ ਸਮਾਜ ਪਾਰਟੀ ਨੇ ਓਡੀਸ਼ਾ ਵਿਧਾਨ ਸਭਾ ਚੋਣਾਂ ਵਿੱਚ ਇੱਕ ਟਰਾਂਸਜੈਂਡਰ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਿਆ ਸੀ। 10 ਅਪ੍ਰੈਲ ਨੂੰ ਜਦੋਂ 27 ਸਾਲਾ ਕਾਜਲ ਨਾਇਕ ਨੇ ਕੋਰਈ ਸੀਟ ਤੋਂ ਨਾਮਜ਼ਦਗੀ ਭਰੀ ਤਾਂ ਉਸ ਦੇ ਸਵਾਗਤ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ।ਉਸ ਸਮੇਂ ਕਾਜਲ ਨੇ ਕਿਹਾ ਸੀ ਕਿ ਉਹ ਯਕੀਨ ਨਹੀਂ ਕਰ ਸਕਦੀ ਕਿ ਟਰਾਂਸਜੈਂਡਰ ਹੋਣ ਦੇ ਬਾਵਜੂਦ ਉਸ ਨੂੰ ਲੋਕਾਂ ਤੋਂ ਕਿੰਨਾ ਪਿਆਰ ਅਤੇ ਸਮਰਥਨ ਮਿਲਿਆ ਹੈ।

ਕਾਜਲ ਕਈ ਸਾਲਾਂ ਤੋਂ ਆਪਣੇ ਖੇਤਰ ਵਿੱਚ ਸਰਗਰਮ ਸੀ। ਕਿੰਨਰ ਐਸੋਸੀਏਸ਼ਨ ਨਾਲ ਜੁੜੇ ਹੋਣ ਦੇ ਨਾਲ-ਨਾਲ ਉਹ ਟੇਲਰਿੰਗ ਦਾ ਕੰਮ ਵੀ ਕਰਦੀ ਸੀ, ਜਿੱਥੇ ਉਸ ਨੇ 10 ਔਰਤਾਂ ਨੂੰ ਰੁਜ਼ਗਾਰ ਵੀ ਦਿੱਤਾ। ਹਾਲਾਂਕਿ, ਕਾਜਲ ਦੀ ਸਮਾਜਿਕ ਸਰਗਰਮੀ ਅਤੇ ਪ੍ਰਸਿੱਧੀ ਦੇ ਬਾਵਜੂਦ, ਉਸ ਨੂੰ ਟਿਕਟ ਦੇਣਾ ਇੱਕ ਦਲੇਰਾਨਾ ਫੈਸਲਾ ਸੀ ਕਿਉਂਕਿ ਉਸ ਦੇ ਵਿਰੁੱਧ ਦੂਜੀਆਂ ਪਾਰਟੀਆਂ ਦੇ ਵੱਡੇ ਅਤੇ ਸ਼ਕਤੀਸ਼ਾਲੀ ਨਾਮ ਸਨ। ਅਜਿਹੇ ’ਚ ਜਿੱਤ ਦੀ ਸੰਭਾਵਨਾ ਘੱਟ ਸੀ ਅਤੇ ਅਜਿਹਾ ਹੀ ਹੋਇਆ।

ਕਾਜਲ ਨਾਇਕ ਨੂੰ ਸਿਰਫ਼ 1391 ਵੋਟਾਂ ਮਿਲੀਆਂ, ਜੋ ਕੁੱਲ ਵੋਟਾਂ ਦਾ ਸਿਰਫ਼ 1.09 ਫ਼ੀਸਦੀ ਸੀ। ਭਾਵੇਂ ਕਾਜਲ ਚੋਣ ਨਹੀਂ ਜਿੱਤ ਸਕੀ, ਪਰ ਉਸ ਖੇਤਰ ਵਿੱਚ ਉਸ ਦੀ ਪ੍ਰਸਿੱਧੀ ਅਤੇ ਕੰਮ ਨੂੰ ਉਸ ਦੇ ਚੋਣ ਲੜਨ ਦੇ ਫੈਸਲੇ ਨਾਲ ਹੀ ਬਲ ਮਿਲਿਆ। ਉਸ ਦਾ ਟੇਲਰਿੰਗ ਦਾ ਕੰਮ ਹੁਣ ਵਧ ਗਿਆ ਅਤੇ ਉਹ ਸਥਾਨਕ ਪੱਧਰ ’ਤੇ ਕਿੰਨਰਾਂ ਦੇ ਮੁੱਦੇ ਉਠਾਉਂਦੀ ਰਹਿੰਦੀ ਹੈ।

**ਐਮ ਰਾਧਾ**

2019 ਦੀਆਂ ਲੋਕ ਸਭਾ ਚੋਣਾਂ ਵਿੱਚ, ਐਮ. ਰਾਧਾ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੇ ਦੱਖਣ ਤੋਂ ਚੋਣ ਲੜਨ ਵਾਲੀ ਇਕਲੌਤੀ ਟਰਾਂਸਜੈਂਡਰ ਉਮੀਦਵਾਰ ਸੀ। ਹਾਲਾਂਕਿ ਉਸ ਨੂੰ ਸਿਰਫ 1042 ਵੋਟਾਂ ਮਿਲੀਆਂ ਅਤੇ ਉਹ ਚੋਣ ਹਾਰ ਗਈ, ਪਰ ਉਸਨੇ ਇੱਕ ਮਿਸਾਲ ਕਾਇਮ ਕੀਤੀ ਅਤੇ ਹੋਰ ਟਰਾਂਸਜੈਂਡਰਾਂ ਲਈ ਰਾਜਨੀਤੀ ਵਿੱਚ ਆਉਣ ਦਾ ਰਾਹ ਖੋਲ੍ਹਿਆ। ਪੇਸ਼ੇ ਤੋਂ ਰਸੋਈਏ, ਐਮ. ਰਾਧਾ, 52, ਨੇ ਚੋਣ ਹਾਰਨ ਤੋਂ ਬਾਅਦ ਇੱਕ ਮੀਡੀਆ ਇੰਟਰਵਿਊ ਵਿੱਚ ਕਿਹਾ ਕਿ ਉਹ ਇਸ ਗੱਲ ਤੋਂ ਦੁਖੀ ਨਹੀਂ ਹੈ ਕਿ ਉਹ ਚੋਣ ਹਾਰ ਗਈ, ਪਰ ਉਸ ਨੂੰ ਖ਼ੁਸ਼ੀ ਹੈ ਕਿ ਉਸਨੇ ਇੱਕ ਕੰਧ ਤੋੜ ਦਿੱਤੀ। ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਉਸਦੇ ਨਾਲ ਦੇਸ਼ ਦੀਆਂ ਪ੍ਰਮੁੱਖ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਕੁੱਲ 14 ਲੋਕ ਸਨ। ਉਸ ਨੂੰ ਪਤਾ ਸੀ ਕਿ ਉਸਦੇ ਲਈ ਜਿੱਤਣਾ ਅਸੰਭਵ ਸੀ। ਉਹ ਸਿਰਫ਼ ਇੱਕ ਉਦਾਹਰਣ ਪੇਸ਼ ਕਰਨਾ ਚਾਹੁੰਦਾ ਸੀ ਕਿ ਉਸਦੇ ਭਾਈਚਾਰੇ ਦੇ ਲੋਕ ਵੀ ਚੋਣਾਂ ਵਿੱਚ ਖੜ੍ਹੇ ਹੋ ਸਕਦੇ ਹਨ, ਰਾਜਨੀਤੀ ਵਿੱਚ ਜਾ ਸਕਦੇ ਹਨ।

**ਭਵਾਨੀ ਮਾਂ ਵਾਲਮੀਕੀ**

2019 ਦੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਕਿੰਨਰ ਅਖਾੜੇ ਦੇ ਮਹਾਮੰਡਲੇਸ਼ਵਰ ਭਵਾਨੀ ਮਾਂ ਵਾਲਮੀਕੀ ਨੂੰ ਲੋਕ ਸਭਾ ਚੋਣਾਂ ਵਿੱਚ ਉਤਾਰਿਆ। ਉਸਨੇ ਇਲਾਹਾਬਾਦ (ਪ੍ਰਯਾਗਰਾਜ) ਸੀਟ ਤੋਂ ਚੋਣ ਲੜੀ ਸੀ। ਉਨ੍ਹਾਂ ਨੂੰ 1837 ਵੋਟਾਂ ਮਿਲੀਆਂ, ਜੋ ਕੁੱਲ ਵੋਟਾਂ ਦਾ 0.21 ਫੀਸਦੀ ਸੀ।

ਭਵਾਨੀ ਨਾਥ ਦਾ ਜਨਮ 17 ਨਵੰਬਰ 1972 ਨੂੰ ਇੱਕ ਬਹੁਤ ਹੀ ਗਰੀਬ ਪਰਿਵਾਰ ਵਿੱਚ ਹੋਇਆ ਸੀ। 13 ਸਾਲ ਦੀ ਉਮਰ ’ਚ ਉਸ ਨੂੰ ਆਪਣੀ ਸੈਕਸੁਅਲਿਟੀ ਬਾਰੇ ਪਤਾ ਲੱਗਾ। ਪਰਿਵਾਰ ਪਹਿਲਾਂ ਹੀ ਗਰੀਬ ਸੀ। ਉਸ ਨੂੰ ਪਤਾ ਸੀ ਕਿ ਪਰਿਵਾਰ ਉਸ ਦੀ ਕਾਮੁਕਤਾ ਨੂੰ ਸਵੀਕਾਰ ਨਹੀਂ ਕਰੇਗਾ, ਇਸ ਲਈ ਉਹ ਘਰੋਂ ਭੱਜ ਗਈ। 2010 ਵਿੱਚ, ਉਸਨੇ ਹਿੰਦੂ ਧਰਮ ਛੱਡ ਦਿੱਤਾ ਅਤੇ ਇਸਲਾਮ ਅਪਣਾਇਆ, ਪਰ ਫਿਰ ਹਿੰਦੂ ਧਰਮ ਵਿੱਚ ਵਾਪਸ ਆ ਗਈ ਅਤੇ ਕਿੰਨਰ ਅਖਾੜੇ ਦੀ ਮਹਾਮੰਡਲੇਸ਼ਵਰ ਬਣ ਗਈ। ਚੋਣ ਹਾਰਨ ’ਤੇ ਮਾਂ ਭਵਾਨੀ ਨੇ ਵੀਚੋਣ ਹਾਰਨ ਤੋਂ ਬਾਅਦ ਮਾਤਾ ਭਵਾਨੀ ਨੇ ਇਹ ਵੀ ਕਿਹਾ ਸੀ ਕਿ ਜੇਕਰ (ਬਾਕੀ ਸਫ਼ਾ 31 ’ਤੇ)

## ਚੰਦੌਲੀ ’ਚ ਚੋਣਾਂ ਦੌਰਾਨ ਧਾਂਦਲੀ ਵਿਰੁੱਧ ਕਿੰਨਰਾਂ ਨੇ ਕੱਪੜੇ ਉਤਾਰ ਕੇ ਕੀਤਾ ਪ੍ਰਦਰਸ਼ਨ



ਉੱਤਰ ਪ੍ਰਦੇਸ਼ ਦੇ ਚੰਦੌਲੀ ਜ਼ਿਲ੍ਹੇ ਦੀ ਨਗਰ ਕੌਂਸਲ ਪੰਡਿਤ ਦੀਨ ਦਿਆਲ ਉਪਾਧਿਆਏ (ਪੀ.ਡੀ.ਡੀ.ਯੂ.) ਨਗਰ ਤੋਂ ਆਜ਼ਾਦ ਉਮੀਦਵਾਰ ਸੋਨੂੰ ਕਿੰਨਰ ਨੇ ਭਾਜਪਾ ਉਮੀਦਵਾਰ ਮਾਲਤੀ ਦੇਵੀ ਨਾਲ ਕਰੀਬੀ ਟੱਕਰ ਤੋਂ ਬਾਅਦ ਜਿੱਤ ਦਰਜ ਕੀਤੀ। ਹਾਲਾਂ ਕਿ ਭਾਜਪਾ ਨੇ ਮੁੜ ਗਿਣਤੀ ਦੀ ਮੰਗ ਨੂੰ ਲੈ ਕੇ ਹੰਗਾਮਾ ਕੀਤਾ, ਉਥੇ ਹੀ ਸੋਨੂੰ ਕਿੰਨਰ ਦੇ ਸਮਰਥਕਾਂ ਨੇ ਵੀ ਹੰਗਾਮਾ ਕੀਤਾ। ਇਸ ਮੌਕੇ ਕੁਝ ਕਿੰਨਰਾਂ ਨੇ ਆਪਣੇ ਕੱਪੜੇ ਉਤਾਰ ਕੇ ਪ੍ਰਦਰਸ਼ਨ ਕੀਤਾ, ਜਿਸ ਨਾਲ ਪੁਲਿਸ ਨੂੰ ਭਾਜੜਾਂ ਪੈ ਗਈਆਂ। ਬਾਅਦ ਵਿੱਚ ਵੋਟਾਂ ਦੀ ਮੁੜ ਗਿਣਤੀ ਹੋਈ ਅਤੇ ਆਜ਼ਾਦ ਉਮੀਦਵਾਰ ਸੋਨੂੰ ਕਿੰਨਰ ਨੇ ਵੱਡੀ ਜਿੱਤ ਦਰਜ ਕੀਤੀ। ਸੋਨੂੰ ਨੂੰ ਕੁੱਲ 18475 ਵੋਟਾਂ ਮਿਲੀਆਂ, ਜਦਕਿ ਭਾਜਪਾ ਦੀ ਮਾਲਤੀ ਦੇਵੀ ਨੂੰ 18078 ਵੋਟਾਂ ਨਾਲ ਸੰਤੁਸ਼ਟ ਕਰਨਾ ਪਿਆ। ਸਪਾ ਦੀ ਅਨੀਤਾ ਸੋਨਕਰ 11523 ਵੋਟਾਂ ਲੈ ਕੇ ਤੀਜੇ ਨੰਬਰ ’ਤੇ ਰਹੀ।

# ਭਾਰਤ ਵਿੱਚ ਫੈਲਿਆ ਕੈਂਸਰ ਦੀਆਂ ਨਕਲੀ ਦਵਾਈਆਂ ਦਾ ਜਾਲ

## ਨੋਇਡਾ, ਦਿੱਲੀ, ਮੁੰਬਈ, ਪੱਛਮੀ ਬੰਗਾਲ ਸਮੇਤ ਪੂਰੇ ਭਾਰਤ ਵਿੱਚ ਸਰਗਰਮ ਹੈ ਗਿਰੋਹ

### ਕੀਮੋ ਦਾ ਨਕਲੀ ਟੀਕਾ ਵੇਚਿਆ ਜਾ ਰਿਹਾ ਹੈ 2.5 ਲੱਖ ਰੁਪਏ ਵਿੱਚ

ਕੈਂਸਰ ਇੱਕ ਅਜਿਹੀ ਜਾਨਲੇਵਾ ਬਿਮਾਰੀ ਜਿਸ ਨਾਲ ਹਰ ਸਾਲ ਸੈਂਕੜੇ ਲੋਕ ਆਪਣੀ ਜਾਨ ਗੁਆ ਦਿੰਦੇ ਹਨ। ਇੱਕ ਅੰਕੜੇ ਮੁਤਾਬਕ ਕੈਂਸਰ ਕਾਰਨ ਹਰ ਘੰਟੇ 159 ਲੋਕਾਂ ਦੀ ਮੌਤ ਹੋ ਜਾਂਦੀ ਹੈ। ਹਰ ਸਾਲ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ। ਸਾਲ 2020 ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 13 ਲੱਖ 92 ਹਜ਼ਾਰ ਸੀ। ਸਾਲ 2021 ਵਿੱਚ ਇਹ ਵੱਧ ਕੇ 14 ਲੱਖ 26 ਹਜ਼ਾਰ ਹੋ ਗਈ ਅਤੇ ਸਾਲ 2022 ਵਿੱਚ ਇਹ ਅੰਕੜੇ ਹੋਰ ਵਧ ਕੇ 14 ਲੱਖ 61 ਹਜ਼ਾਰ ਹੋ ਗਏ।

ਇਸ ਬਿਮਾਰੀ ਨਾਲ 10 ਵਿੱਚੋਂ 7 ਮਰੀਜਾਂ ਦੀ ਮੌਤ ਹੋ ਜਾਂਦੀ ਹੈ ਅਤੇ ਇਹੀ ਕਾਰਨ ਹੈ ਕਿ ਲੋਕ ਇਸ ਦਾ ਨਾਮ ਸੁਣ ਕੇ ਵੀ ਡਰ ਜਾਂਦੇ ਹਨ ਪਰ ਕੁਝ ਲੋਕ ਅਜਿਹੇ ਵੀ ਹਨ ਜੋ ਕੈਂਸਰ ਦੇ ਵੱਧ ਰਹੇ ਮਾਮਲਿਆਂ ’ਤੇ ਆਪਣੀਆਂ ਰੋਟੀਆਂ ਸੇਕ ਰਹੇ ਹਨ।

ਕੈਂਸਰ ਦਾ ਇਲਾਜ ਅੱਜ ਵੀ ਬਹੁਤ ਮਹਿੰਗਾ ਹੈ। ਇੱਕ-ਇੱਕ ਦਵਾਈ, ਇੱਕ-ਇੱਕ ਟੀਕੇ ਦੀ ਕੀਮਤ ਲੱਖਾਂ ਵਿੱਚ ਹੁੰਦੀ ਹੈ ਪਰ ਆਪਣੇ ਨੇੜਲਿਆਂ ਨੂੰ ਬਚਾਉਣ ਲਈ ਪਰਿਵਾਰ ਵਾਲਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪੈਸੇ ਦਾ ਜੁਗਾੜ ਕਰਨਾ ਪੈਂਦਾ ਹੈ। ਕਈ ਵਾਰ ਆਪਣੇ ਮਰੀਜ਼ਾਂ ਨੂੰ ਬਚਾਉਣ ਲਈ ਲੋਕਾਂ ਦੇ ਘਰ ਵਿਕ ਜਾਂਦੇ ਹਨ, ਪਰ ਤੁਸੀਂ ਇਹ ਜਾਣ ਕੇ ਹੈਰਾਨ ਰਹਿ ਜਾਓਗੇ ਕਿ ਭਾਰਤ ਭਰ ਵਿੱਚ ਕੈਂਸਰ ਦੀਆਂ ਨਕਲੀ ਦਵਾਈਆਂ ਬਣਾਉਣ ਵਾਲੇ ਗਿਰੋਹ ਕੰਮ ਕਰ ਰਹੇ ਹਨ। ਇਹ ਗਿਰੋਹ ਕੁਝ ਪੈਸਿਆਂ ਲਈ ਨਕਲੀ ਕੀਮੋ ਟੀਕੇ ਅਤੇ ਨਕਲੀ ਕੈਂਸਰ ਦੀਆਂ ਦਵਾਈਆਂ ਤਿਆਰ ਕਰਕੇ ਲੋੜਵੰਦ ਲੋਕਾਂ ਨੂੰ ਲੱਖਾਂ ਰੁਪਏ ਵਿੱਚ ਵੇਚ ਦਿੰਦੇ ਹਨ।

**ਨਕਲੀ ਦਵਾਈਆਂ 12 ਫੀਸਦੀ ਮਰੀਜ਼ਾਂ ਤੱਕ ਪਹੁੰਚ ਰਹੀਆਂ ਹਨ**

ਕੁਝ ਮਹੀਨੇ ਪਹਿਲਾਂ ‘ਟਾਈਮਜ਼ ਆਫ ਇੰਡੀਆ’ ਵਿੱਚ ਇੱਕ ਰਿਪੋਰਟ ਛਪੀ ਸੀ, ਜਿਸ ਮੁਤਾਬਕ ਕੈਂਸਰ ਦੇ 12 ਫੀਸਦੀ ਮਰੀਜ਼ ਜਿਨ੍ਹਾਂ ਨੂੰ ਦਵਾਈਆਂ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ, ਉਨ੍ਹਾਂ ਤੱਕ ਸਿਰਫ਼ ਨਕਲੀ ਦਵਾਈਆਂ ਹੀ ਪਹੁੰਚਦੀਆਂ ਹਨ। ਸੋਚੋ ਜੋ ਦਵਾਈਆਂ ਮਰੀਜ਼ ਨੂੰ ਠੀਕ ਕਰਨ ਲਈ ਦਿੱਤੀਆਂ ਜਾ ਰਹੀਆਂ ਹਨ, ਉਹ ਉਨ੍ਹਾਂ ਨੂੰ ਠੀਕ ਕਰਨ ਦੀ ਬਜਾਏ ਮੌਤ ਦੇ ਨੇੜੇ ਲਿਜਾ ਰਹੀਆਂ ਹਨ ਕਿਉਂਕਿ ਇਹ ਦਵਾਈਆਂ ਨਕਲੀ ਹਨ।



**300 ਕਰੋੜ ਕੈਂਸਰ ਦੀਆਂ ਨਕਲੀ ਦਵਾਈਆਂ ਦੀ ਮਾਰਕੀਟ**

ਆਰਗੇਨਾਈਜ਼ੇਸ਼ਨ ਆਫ ਫਾਰਮਾਸਿਊਟੀਕਲ ਪ੍ਰੋਡਿਊਸਰਜ਼ ਆਫ ਇੰਡੀਆ (ਓਪੀਪੀਆਈ) ਨੇ ਕੁਝ ਸਮਾਂ ਪਹਿਲਾਂ ਇਸ ਬਾਰੇ ਸਰਕਾਰ ਨੂੰ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ’ਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ ਪਰ ਇਸ ਦੇ ਬਾਵਜੂਦ ਅਜਿਹੀਆਂ ਨਕਲੀ ਦਵਾਈਆਂ ਦਾ ਧੰਦਾ ਲਗਾਤਾਰ ਫੈਲ ਰਿਹਾ ਹੈ। ਇੱਕ ਅੰਕੜੇ ਮੁਤਾਬਕ ਕੈਂਸਰ ਦੀਆਂ ਦਵਾਈਆਂ ਦਾ ਗ੍ਰੇ ਮਾਰਕੀਟ 300 ਕਰੋੜ ਤੱਕ ਫੈਲ ਚੁਕਾ ਹੈ।ਨੋਇਡਾ ਵਿੱਚ 2.5 ਲੱਖ ਵਿੱਚ ਵੇਚਿਆ ਜਾ ਰਿਹਾ ਸੀ ਨਕਲੀ ਕੀਮੋ ਇੰਜੈਕਸ਼ਨ

ਅਜਿਹੇ ਗਰੋਹਾਂ ਵਿੱਚ ਡਾਕਟਰ, ਫਾਰਮਾਸਿਸਟ, ਦਵਾਈਆਂ ਦੇ ਕਾਰੋਬਾਰੀ ਅਤੇ ਵਿਦੇਸ਼ੀ ਲੋਕ ਵੀ ਸ਼ਾਮਲ ਹਨ।11 ਮਈ 2023 ਦੌਰਾਨ ਹਰਿਆਣਾ ਦੇ ਡਰੱਗ ਡਿਪਾਰਟਮੈਂਟ ਅਤੇ ਸੀਐਮ ਫਲਾਇੰਗ ਸਕਵਾਇਡ ਦੀ ਟੀਮ ਨੇ ਕੈਂਸਰ ਦੇ ਨਕਲੀ ਟੀਕੇ ਵੇਚਣ ਵਾਲੇ ਗਿਰੋਹ ਨੂੰ ਕਾਬੂ ਕੀਤਾ ਹੈ। ਇਹ ਗਿਰੋਹ 1 ਨਕਲੀ ਟੀਕਾ 2.50 ਲੱਖ ਰੁਪਏ ਵਿੱਚ ਵੇਚ ਰਿਹਾ ਸੀ। ਗਿਰੋਹ ਦੇ ਤਾਰ ਤੁਰਕੀ ਨਾਲ ਜੁੜੇ ਹੋਏ ਹਨ। ਡਬਲਿਊਐਚਓ ਨੇ 10 ਅਪਰੈਲ ਨੂੰ ਹੀ ਨਕਲੀ ਟੀਕਿਆਂ ਨੂੰ ਲੈ ਕੇ ਸਾਰੇ ਦੇਸ਼ਾਂ ਨੂੰ ਅਲਰਟ ਕੀਤਾ ਸੀ। ਤੁਰਕੀ ਨਿਵਾਸੀ ਮੁਹੰਮਦ ਅਲੀ ਤਰਮਾਨੀ ਨੂੰ ਮੁੰਬਈ ਪੁਲਿਸ ਦੀ ਮਦਦ ਨਾਲ ਇਕ ਹੋਟਲ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਕ ਵਿਅਕਤੀ ਪੁਲਿਸ ਦੇ ਰਿਮਾਂਡ ਤੇ ਹੈ।ਆਰਟੀਮਿਸ ਹਰਪਤਾਲ ਵਿਚ ਕੰਮ ਕਰ ਚੁੱਕੀ 1 ਡਾਕਟਰ ਵੀ ਜਾਂਚ ਦੇ ਦਾਇਰੇ ਵਿਚ ਹੈ। ਕਾਬੂ ਮੁਲਜ਼ਮ ਨੇ ਕਬੂਲ ਕੀਤਾ ਹੈ ਕਿ ਉਸ ਨੇ ਇਹ ਟੀਕਾ ਇਸੀ ਡਾਕਟਰ ਦੇ ਕਹਿਣ ’ਤੇ ਯੂਪੀ ਦੀ ਹਾਰਟਲੈਂਡ ਫਾਰਮੈਸੀ ਤੋਂ ਮੰਗਵਾਏ ਸਨ।21 ਅਪਰੈਲ 2023 ਨੂੰ ਨਕਲੀ ਗਾਹਕ ਬਣਾ ਕੇ ਕੋਲਕੱਤਾ ਨਿਵਾਸੀ ਸੰਦੀਪ ਭੂਈ ਨੂੰ ਰੰਗੇ ਹੱਥੀ ਕਾਬੂ ਕੀਤਾ ਗਿਆ ਸੀ। ਉਸ ਨੇ ਨਕਲੀ ਟੀਕਾ 2.50 ਲੱਖ ਵਿੱਚ ਵੇਚਿਆ ਸੀ। ਅਸਲੀ ਟੀਕਾ ਨਿਰਮਾਤਾ ਕੰਪਨੀ ਨੂੰ ਈਮੇਲ ਭੇਜੀ ਗਈ ਤਾਂ ਜਵਾਬ ਮਿਲਿਆ ਕਿ ਇਹ ਨਕਲੀ ਹੈ। ਗੁੜਗਾਓਂ ਦੇ ਡਰੱਕ ਇਸਪੈਕਟਰ ਅਮਨਦੀਪ ਚੌਹਾਨ ਨੇ ਦਸਿਆ ਕਿ ਆਰੋਪੀ ਭੂਈ ਦੇ ਖੁਲਾਸੇ ਤੋਂ ਬਾਅਦ 28 ਅਪਰੈਲ ਨੂੰ ਔਖਲਾ, ਦਿੱਲੀ ਨਿਵਾਸੀ ਮੋਤੀ ਓਰ ਰਹਿਮਨ ਅੰਸਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅੰਸਾਰੀ ਦੀ ਜਾਣਕਾਰੀ ’ਤੇ ਨੋਇਡਾ ਦੇ ਕਨਿਸ਼ਕ ਰਾਜਕੁਮਾਰ ਨੂੰ ਕਾਬੂ ਕੀਤਾ। ਕਨਿਸ਼ਕ ਨੇ ਦਸਿਆ ਕਿ ਉਹ 1.75 ਦਾ ਟੀਕਾ 2.50 ਲੱਖ ਰੁਪਏ ਵਿਚ ਵੇਚਦਾ ਸੀ। (ਬਾਕੀ ਸਫ਼ਾ 31 ’ਤੇ)

# ਹਿੰਦੂ ਰਾਸ਼ਟਰ ਤੇ ਮਨੂਵਾਦ ਦੇ ਵਿਰੋਧੀ ਸਨ ਬਾਬਾ ਸਾਹਿਬ ਡਾ. ਅੰਬੇਡਕਰ

ਡਾ. ਸੁਰਿੰਦਰ ਗਿੱਲ







2014 ਤੋਂ ਜਦੋਂ ਤੋਂ ਕੇਂਦਰ ਵਿੱਚ ਮੋਦੀ ਦੀ ਅਗਵਾਈ ਵਿੱਚ ਬੀਜੇਪੀ ਦੀ ਸਰਕਾਰ ਹੋਂਦ ਵਿੱਚ ਆਈ ਹੋਈ ਹੈ, ਉਦੋਂ ਤੋਂ ਹੀ ਇਹ ਸਰਕਾਰ ਦੇਸ਼ ਨੂੰ ਹਿੰਦੂ ਰਾਸ਼ਟਰ ਵਿੱਚ ਤਬਦੀਲ ਕਰਨ ਲਈ ਯਤਨ ਕਰ ਰਹੀ ਹੈ। ਆਰਐੈਸਐੈਸ ਬੀਜੇਪੀ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਦੇ ਨੇਤਾ, ਸਾਧੂ-ਸਾਧਵੀਆਂ-ਸੰਤ ਬਾਬੇ-ਪ੍ਰਚਾਰਕ-ਡੇਰੇਵਾਦ ਮਹੰਤ-ਮਠਅਧੀਸ਼ ਅਤੇ ਵਿਹਲੜ, ਮੁਫ਼ਤਖ਼ੋਰੇ, ਕੰਮ-ਚੋਰ ਮਾਨਸਿਕਤਾ ਵਾਲੇ ਵਿਅਕਤੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਲਈ ਅਖ਼ਬਾਰਾਂ ਵਿੱਚ ਆਪਣੇ ਬਿਆਨ ਦਿੰਦੇ ਹੀ ਰਹਿੰਦੇ ਹਨ। ਇਸ ਲਈ ਇਹ ਸਾਰੀ ਜੁੰਡਲੀ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵੱਲੋਂ ਬਣਾਏ ਭਾਰਤੀ ਸੰਵਿਧਾਨ ਨੂੰ ਖਤਮ ਕਰਕੇ ਮੰਨੂ ਸਿਮਰਤੀ ਵਾਲੇ ਸੰਵਿਧਾਨ ਨੂੰ ਲਾਗੂ ਕਰਨ ਦੇ ਲਈ ਆਪਣੀ ਮੰਗ ਦਾ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਦੇ ਚਲੇ ਆ ਰਹੇ ਹਨ। ਸੂਬਿਆਂ ਵਿਚਲੀਆਂ ਬੀਜੇਪੀ ਦੀਆਂ ਸਰਕਾਰਾਂ ਭਾਗਵਤ ਗੀਤਾ ਦੀਆਂ ਕਿਤਾਬਾਂ ਵੰਡਦੀਆਂ ਰਹੀਆਂ ਹਨ। ਸਕੂਲਾਂ ਵਿੱਚ ਹਨੂਮਾਨ ਚਾਲੀਸਾ ਪੜ੍ਹਨ ਪੜ੍ਹਾਉਣ ਦੀ ਮੰਗ ਵੀ ਕਰਦੀਆਂ ਹਨ। ਗਊ ਗੋਬਰ-ਗਊ ਮੂਤਰ-ਜੈ ਸ੍ਰੀ ਰਾਮ ਦੇ ਨਾਅਰਿਆਂ ਦਾ ਪ੍ਰਚਾਰ-ਪ੍ਰਸਾਰ ਵੀ ਜਾਰੀ ਰੱਖਿਆ ਹੋਇਆ ਹੈ। ਬੀਜੇਪੀ ਦੀ ਕੇਂਦਰ ਵਿਚਲੀ ਅਤੇ ਸੂਬਾਈ ਸਰਕਾਰਾਂ ਦਾ ਸਾਰਾ ਜ਼ੋਰ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ 'ਤੇ ਕੇਂਦਰਤ ਹੈ। ਭਾਰਤ ਦੇ ਮਿਹਨਤਕਸ਼ ਗਰੀਬ ਲੋਕਾਂ ਅਤੇ ਦੇਸ਼ ਦੇ ਵਿਕਾਸ ਦੇ ਵੱਲ ਇਨ੍ਹਾਂ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੈ। ਇਹ ਬਦਨਸੀਬੀ ਹੀ ਕਹੀ ਜਾ ਸਕਦੀ ਹੈ ਕਿ ਭਾਰਤ ਦੀਆਂ ਬਹੁਤੀਆਂ ਰਾਜਨੀਤਕ ਪਾਰਟੀਆਂ ਦਾ ਹਿੰਦੂ ਰਾਸ਼ਟਰ ਬਨਣ ਦੇ ਖ਼ਤਰੇ ਵੱਲ ਉੱਕਾ ਹੀ ਧਿਆਨ ਨਹੀਂ ਹੈ ਅਤੇ ਉਹ ਘੇਸਲ ਮਾਰ ਕੇ ਬੈਠੀਆਂ ਹੋਈਆਂ ਹਨ। ਇਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਘਟੀਆਂ ਰਵੱਈਏ ਕਰਕੇ ਹਿੰਦੂ ਰਾਸ਼ਟਰ ਦੇ ਖ਼ਤਰੇ ਤੋਂ ਅਣਜਾਣ, ਮੂਰਖ ਅਤੇ ਜਾਹਲ ਕਿਸਮ ਦੇ ਦਲਿਤ ਅਤੇ ਸਿੱਖ ਵੀ ਛਾਲਾਂ ਮਾਰਦੇ ਹਿੰਦੂ ਰਾਸ਼ਟਰ ਬਣਾਉਣ ਦੇ ਲਈ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਦੇਸ਼ ਦੀਆਂ ਅਖੌਤੀ ਦਲਿਤਾਂ ਦੀਆਂ ਰਾਜਨੀਤਿਕ ਪਾਰਟੀਆਂ ਨੇ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾਈ ਹੋਈ ਹੈ ਅਤੇ ਦਲਿਤਾਂ ਦੇ ਗਲ ਵਿੱਚ ਕੁੱਜੇ ਅਤੇ ਲੱਕ ਦੇ ਪਿੱਛੇ ਝਾੜੂ ਬਨਣ ਦੇ ਲਈ ਉਸ ਨੂੰ ਮਜ਼ਬੂਤ ਕਰ ਰਹੇ ਹਨ। ਇਹ ਰਾਜਨੀਤਕ ਪਾਰਟੀਆਂ ਬੀਜੇਪੀ-ਆਰਐੈਸਐੈਸ ਦੇ ਬੇ ਰਹਿਮ ਤੇਜ਼ ਕੁਹਾੜੇ ਦੇ ਦਸਤੇ ਬਣੇ ਹੋਏ ਹਨ। ਲੇਕਿਨ ਬਾਬਾ ਸਾਹਿਬ ਡਾ. ਅੰਬੇਡਕਰ ਅਜਿਹੇ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਅਮਾਨਵੀ ਹਿੰਦੂ ਰਾਸ਼ਟਰ ਬਣਾਏ ਜਾਣ ਦੀ ਸੰਭਾਵਨਾ ਦਾ ਡਟ ਕੇ ਵਿਰੋਧ ਕੀਤਾ ਸੀ। ਡਾ. ਅੰਬੇਡਕਰ ਜੀ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਨਾਲ ਦੇਸ਼ ਵਾਸੀਆਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਰਦੇ ਸੀ ਕਿ-: "ਜੇ ਅਸਲ ਵਿੱਚ ਹਿੰਦੂ ਰਾਸ਼ਟਰ ਬਣ ਗਿਆ ਤਾਂ ਬੇਸ਼ੱਕ ਦੇਸ਼ ਲਈ ਭਾਰੀ ਖਤਰਾ ਪੈਦਾ ਹੋ ਜਾਵੇਗਾ। ਹਿੰਦੂ ਰਾਸ਼ਟਰਵਾਦੀ ਕੁਝ ਵੀ ਕਹਿਣ ਹਿੰਦੂਤਵ ਸੁਤੰਤਰਤਾ-ਸਮਾਨਤਾ ਅਤੇ ਭਾਈਚਾਰੇ ਲਈ ਇਕ ਖਤਰਾ ਹੈ। ਇਸ ਅਧਾਰ 'ਤੇ ਇਹ ਲੋਕ-ਤੰਤਰ ਦਾ ਵਿਰੋਧੀ ਹੈ। ਹਿੰਦੂ ਰਾਜ ਨੂੰ ਕਿਸੇ ਵੀ ਹਾਲਤ ਵਿੱਚ ਰੋਕਿਆ ਜਾਣਾ ਚਾਹੀਦਾ ਹੈ।- (ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਲਿਖਤਾਂ ਅਤੇ ਭਾਸ਼ਣ ਜਿਲਦ ਨੰ : 8 ਸਫ਼ਾ 358)

## ਹਿੰਦੂ ਰਾਸ਼ਟਰ ਦੀ ਮੰਗ ਕਦੋਂ ਉਠੀ

ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਵਿਨਾਇਕ ਦਮੋਦਰ ਸਾਵਰਕਰ ਦੇ ਦਿਮਾਗ ਵਿੱਚ ਉਸ ਸਮੇਂ ਉਪਜੀ ਸੀ, ਜਦੋਂ ਉਹ ਦਸ ਸਾਲ ਦੇ ਕਾਲਾ ਪਾਣੀ ਦੀ ਸਜ਼ਾ ਭੁਗਤਦੇ ਸਮੇਂ ਅੰਗਰੇਜ਼ ਸਰਕਾਰ ਤੋਂ ਬਾਰ-ਬਾਰ ਮਾਫ਼ੀ ਮੰਗਣ ਕਰਕੇ ਅਤੇ ਮਾਫ਼ੀ ਮਨਜ਼ੂਰ ਹੋਣ 'ਤੇ 21 ਜਨਵਰੀ 1921 ਵਿੱਚ ਰਤਨੀਗਿਰੀ ਦੀ ਜੇਹਲ ਵਿੱਚ ਲਿਆਂਦਾ ਗਿਆ ਸੀ। ਇੱਥੇ ਉਨ੍ਹਾਂ ਨੇ "ਹਿੰਦਤਵ" ਨਾਂ ਦੀ ਕਿਤਾਬ ਲਿਖੀ, ਜੋ ਕਿ ਹਿੰਦੂ ਰਾਸ਼ਟਰ ਦੀ ਮੰਗ ਦੀ ਬੁਨਿਆਦ ਬਣੀ, ਜਿਸ ਦਾ ਮਨੋਰਥ ਦੇਸ਼ ਵਿੱਚ ਚਲ ਰਹੇ ਸੁਤੰਤਰਤਾ ਸੰਗਰਾਮ ਨੂੰ ਭਟਕਾਉਣਾ ਸੀ ਤਾਂ ਜੋ ਅੰਗਰੇਜ਼ੀ ਸਰਕਾਰ ਦੀ ਮਦਦ ਕੀਤੀ ਜਾ ਸਕੇ। ਬਹਾਨਾ ਗਾਂਧੀ ਵੱਲੋਂ ਸੁਤੰਤਰਤਾ ਸੰਗਰਾਮ ਵਿੱਚ ਮੁਸਲਮਾਨਾਂ ਨੂੰ ਸ਼ਾਮਲ ਕਰਨਾ ਬਣਾਇਆ ਗਿਆ। ਇਸ ਸੰਬੰਧੀ ਇਸ ਕਿਤਾਬ ਦੇ ਮੁੱਖ ਬੰਦ ਵਿੱਚ ਸ਼ਿਵ ਕੁਮਾਰੀ ਗੋਇਲ ਲਿਖਦੇ ਹਨ ਕਿ :-

" ਜਿਸ ਸਮੇਂ ਸਾਵਰਕਰ ਨੇ ਦੇਖਿਆ ਕਿ ਗਾਂਧੀ ਜੀ ਹਿੰਦੂ ਮੁਸਲਿਮ ਏਕਤਾ ਦੇ ਨਾਂ 'ਤੇ ਮੁਸਲਿਮ ਪੋਸ਼ਾਕ ਨੀਤੀ ਅਪਣਾ ਕੇ ਹਿੰਦੂਤਵ ਦੇ ਨਾਲ ਵਿਸ਼ਵਾਸਘਾਤ ਕਰ ਰਹੇ ਸਨ ਅਤੇ ਮੁਸਲਮਾਨ ਉਤਸ਼ਾਹਿਤ ਹੋ ਕੇ ਦੇਸ਼ ਨੂੰ ਇਸਲਾਮਸਤਾਨ ਬਣਾਉਣ ਦੇ ਸੁਪਨੇ ਦੇਖ ਰਹੇ ਸਨ, ਉਸ ਸਮੇਂ ਉਨ੍ਹਾਂ ਨੇ ਹਿੰਦੂ ਸੰਗਠਨ ਦੀ ਲੋੜ ਅਨੁਭਵ ਕੀਤੀ। ਉਹ 30 ਦਸੰਬਰ 1937 ਵਿੱਚ ਅਹਿਮਦਾਬਾਦ ਦੇ ਅਖਿਲ ਭਾਰਤੀ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਚੁਣੇ ਗਏ। ਸਾਵਰਕਰ ਨੇ ਰਾਜਨੀਤੀ ਦਾ ਹਿੰਦੂਕਰਨ ਅਤੇ "ਹਿੰਦੂਆਂ ਦਾ ਸੈਨਕੀਕਰਨ" ਅਤੇ "ਧਰਮ ਆਧਾਰਿਤ ਰਾਸ਼ਟਰ" ਦੇ ਨਾਅਰੇ ਦਿੱਤੇ।" ਸਾਵਰਕਰ ਨੇ ਹੀ ਭਾਰਤ ਵਿੱਚ ਦੋ ਰਾਸ਼ਟਰ ਹਿੰਦੂ ਰਾਸ਼ਟਰ ਅਤੇ ਮੁਸਲਿਮ ਰਾਸ਼ਟਰ ਦਾ ਸਿਧਾਂਤ ਪੇਸ਼ ਕੀਤਾ, ਜੋ ਕਿ ਬਾਅਦ ਵਿੱਚ ਦੇਸ਼ ਦੀ ਵੰਡ ਦਾ ਕਾਰਨ ਬਣਿਆ।

ਵਿਨਾਇਕ ਦਮੋਦਰ ਸਾਵਰਕਰ ਦੀ ਵਿਚਾਰਧਾਰਾ ਬਾਅਦ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਦੂਸਰੇ ਸਰਸੰਘ-ਚਾਲਕ ਬਨਣ ਵਾਲੇ ਮਾਧਵ ਸਦਾ ਸ਼ਿਵ ਗੋਲਵਾਲਕਰ ਨੇ ਅਪਣਾ ਲਈ, ਜਿਨ੍ਹਾਂ ਨੂੰ ਇਸ ਦੀ ਪ੍ਰੇਰਨਾ ਉਸ ਸਮੇਂ ਮਿਲੀ, ਜਦੋਂ ਕਿ ਉਹ ਕਾਂਸ਼ੀ ਵਿਸ਼ਵ ਵਿਦਿਆਲੇ ਵਿੱਚ ਪੜ੍ਹ ਰਹੇ ਸਨ। ਉਸ ਸਮੇਂ ਕਾਂਗਰਸੀ ਨੇਤਾ ਪੰਡਿਤ ਮਦਨ ਮੋਹਣ ਮਾਲਵੀਆ ਨੇ ਗੋਲਵਰਕਰ ਨੂੰ ਹਿੰਦੂ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਆ। ਗੋਲਵਰਕਰ ਨੇ 1933 ਵਿੱਚ ਰਾਸ਼ਟਰੀ ਸਵੈਯਮ ਸੇਵਕ ਸੰਘ ਦੀ ਮੈਂਬਰਸ਼ਿਪ ਲੈ ਲਈ ਅਤੇ 1940 ਵਿੱਚ ਪਹਿਲੇ ਸਰਸੰਘ ਚਾਲਕ ਡਾ. ਕੇਸ਼ਵ ਬਲੀ ਰਾਮ ਹੈਡਗਵਾਰ ਦੀ ਥਾਂ 'ਤੇ ਦੂਸਰੇ ਆਰਐੈਸਐੈਸ ਦੇ ਸਰਸੰਘ ਚਾਲਕ ਬਣ ਗਏ। ਮਾਧਵ ਸਦਾ ਸ਼ਿਵ ਗੋਲਵਰਕਰ ਨੇ ਹਿੰਦੂ ਰਾਸ਼ਟਰ ਦੀ ਰੂਪ-ਰੇਖਾ ਬਾਰੇ ਵਿਸਥਾਰ ਸਹਿਤ ਆਪਣੀ ਕਿਤਾਬ "ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ" ਵਿੱਚ ਲਿਖਿਆ, ਜੋ ਕਿ ਪੁਰਾਣੀ ਹਿੰਦੂ ਸੰਸਕ੍ਰਿਤੀ ਦੀ ਇਨ ਬਿਨ ਕਾਪੀ ਹੀ ਸੀ। ਇਸ ਵਿੱਚ ਵਾਧਾ ਸਿਰਫ਼ ਇਹੀ ਕੀਤਾ ਗਿਆ ਸੀ ਕਿ ਇਸ ਨੇ ਮੁਸਲਮਾਨ-ਈਸਾਈ ਅਤੇ ਕਮਿਊਨਿਸਟ, ਤਿੰਨ ਦੁਸ਼ਮਣ, ਮਿਥੇ ਸਨ।

ਇਹ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਇਹ ਦੋਵੇਂ ਕਿਤਾਬਾਂ ਪੜ੍ਹ ਕੇ ਹੀ ਹਿੰਦੂ ਰਾਸ਼ਟਰ ਦੇ ਬਾਰੇ ਆਪਣੀ ਚਿੰਤਾ ਜ਼ਾਹਿਰ ਕੀਤੀ ਗਈ ਹੋਵੇ। ਨਿਰਸੰਦੇਹ ਉਨ੍ਹਾਂ ਨੇ ਜ਼ਰੂਰ ਪੜ੍ਹੀਆਂ ਹੋਣਗੀਆਂ। ਲੇਕਿਨ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਪੁਰਾਣੇ ਹਿੰਦੂ ਰਾਸ਼ਟਰ ਦੀਆਂ ਅਮਾਨਵੀ ਪਰੰਪਰਾਵਾਂ, ਰਿਵਾਜਾਂ ਅਤੇ ਨਿਯਮਾਂ ਵਾਲੇ ਵਿਤਕਰਿਆਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਸੀ, ਜੋ ਕਿ 3500 ਸਾਲਾਂ ਤੋਂ ਸਮੁੱਚੇ ਦੇਸ਼ ਅਤੇ ਸਮਾਜ ਵਿੱਚ ਪ੍ਰਚਲਿਤ ਤੁਰੇ ਆ ਰਹੇ ਸਨ। ਇਸ ਦੀ ਸਭ ਤੋਂ ਵਧ ਅਮਾਨਵੀ ਪਰੰਪਰਾ ਜਾਤ-ਪਾਤ ਛੂਤ-ਛਾਤ ਘਿਰਣਾ ਹੈ, ਜਿਸ ਨੇ ਸਮਾਜ ਵਿੱਚ ਵਿਤਕਰੇ ਅਤੇ ਨਫ਼ਰਤ ਦੇ ਬੀਜ ਬੀਜੇ, ਜੋ ਕਿ ਅੱਜ ਤੱਕ ਵੀ ਆਪਣੇ ਰੰਗ ਦਿਖਾ ਰਹੀ ਹੈ ਅਤੇ ਕਰੋੜਾਂ ਲੋਕਾਂ ਨੂੰ ਨਰਕ ਭਰੀ ਜ਼ਿੰਦਗੀ ਜੀਣ ਲਈ ਮਜਬੂਰ ਕਰ ਰਹੀ ਹੈ।

ਅਜਿਹਾ ਨਹੀਂ ਕਿ ਪੁਰਾਣੇ ਹਿੰਦੂ ਰਾਸ਼ਟਰੀ ਦੀਆਂ ਅਮਾਨਵੀ ਪਰੰਪਰਾਵਾਂ, ਰਿਵਾਜਾਂ ਅਤੇ ਨਿਯਮਾਂ ਨੂੰ ਵੰਗਾਰਿਆ ਨਹੀਂ ਸੀ ਗਿਆ। ਚਾਰਵਾਕ ਫ਼ਲਸਫ਼ੇ ਅਤੇ ਮਹਾਤਮਾ ਬੁੱਧ ਦੀ ਵਿਚਾਰਧਾਰਾ ਨੇ ਇਸ ਨੂੰ ਵੰਗਾਰਿਆ ਸੀ। ਬਦੇਸ਼ੀ ਹਮਲਾਵਰਾਂ ਕਰਕੇ ਵੀ ਇਹ ਪਰੰਪਰਾਵਾਂ ਅਤੇ ਨਿਯਮ ਪਤਲੇ ਪੈ ਗਏ ਸਨ। ਲੇਕਿਨ ਬ੍ਰਾਹਮਣ ਵਾਦੀ ਫ਼ਲਸਫ਼ੇ ਦੇ ਅਨੁਯਾਈ ਪੁਜਾਰੀਆਂ ਅਤੇ ਉਨ੍ਹਾਂ ਦੇ ਕੱਟੜ ਪੈਰੋਕਾਰ ਰਜਵਾੜਿਆਂ ਨੇ ਆਪਣੀਆਂ ਫੌਜਾਂ ਦੀ ਸ਼ਕਤੀ ਨਾਲ ਇਨ੍ਹਾਂ ਵਿਰੋਧੀਆਂ ਦਾ ਬੇ ਰਹਿਮੀ ਨਾਲ ਕਤਲੇਆਮ ਕਰਦੇ ਹੋਏ ਇਸ ਵਿਰੋਧ ਦਾ ਖਾਤਮਾ ਕਰ ਦਿੱਤਾ। ਇਸਲਾਮ ਅਤੇ ਇਸਾਈਅਤ ਦੇ ਭਾਰਤ ਵਿੱਚ ਪ੍ਰਵੇਸ਼ ਨਾਲ ਇਨ੍ਹਾਂ ਨਿਯਮਾਂ ਅਤੇ ਪਰੰਪਰਾਵਾਂ ਨੂੰ ਭਾਰੀ ਸੱਟ ਵੱਜੀ। ਕਰੋੜਾਂ ਲੋਕਾਂ ਨੇ ਧਰਮ ਪਰਿਵਰਤਨ ਕਰਕੇ ਬ੍ਰਾਹਮਣ ਵਾਦੀ ਫ਼ਲਸਫ਼ੇ ਤੋਂ ਮੁਕਤੀ ਹਾਸਲ ਕਰ ਲਈ ਸੀ। ਬਾਬਾ ਕਬੀਰ, ਬਾਬਾ ਰਵੀਦਾਸ ਆਦਿ ਸੰਤਾਂ ਮਹਾਂਪੁਰਖਾਂ ਨੇ ਵੀ ਬ੍ਰਾਹਮਣ ਵਾਦੀ ਫ਼ਲਸਫ਼ੇ ਨੂੰ ਵੰਗਾਰਿਆ। ਸਿੱਖ ਫ਼ਲਸਫ਼ੇ ਦੇ ਰਹਿਬਰਾਂ, ਸਤਿਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ, ਨੇ ਬ੍ਰਾਹਮਣ ਵਾਦੀ ਫ਼ਲਸਫ਼ੇ ਦੇ ਮੂਲ ਸਿਧਾਂਤ ਜਾਤ-ਪਾਤ, ਛੂਤ-ਛਾਤ, ਜਾਤ ਘਿਰਣਾ ਵਰਗੇ ਵਿਤਕਰੇ ਅਤੇ ਨਫ਼ਰਤੀ ਸਿਧਾਂਤ ਨੂੰ ਰੱਦ ਕਰਕੇ ਸੁਤੰਤਰਤਾ-ਸਮਾਨਤਾ ਅਤੇ ਭਾਈਚਾਰੇ ਦੀਆਂ ਪਰੰਪਰਾਵਾਂ ਦੀ ਸ਼ੁਰੂਆਤ ਕੀਤੀ। ਪੈਰੀਆਰ-ਜੋਤੀ ਬਾ ਫੂਲੇ ਵਰਗੇ ਮਹਾਂਪੁਰਖਾਂ ਨੇ ਜਾਤ-ਪਾਤ, ਛੂਤ-ਛਾਤ, ਜਾਤ ਘਿਰਣਾ ਵਰਗੇ ਨਫ਼ਰਤੀ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਦਾ ਹੋਕਾ ਦਿੱਤਾ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਤਾਂ ਜਾਤੀਵਾਦੀ ਵਿਵਸਥਾ ਦੇ ਵਿਰੁਧ ਇਕ ਸੰਗਰਾਮ ਹੀ ਛੇੜ ਦਿੱਤਾ ਕਿਉਂਕਿ ਡਾ. ਅੰਬੇਡਕਰ ਨੇ ਬ੍ਰਾਹਮਣ ਵਾਦੀ ਫ਼ਲਸਫ਼ੇ ਅਤੇ ਪਰੰਪਰਾਵਾਂ ਦੇ ਘਟੀਆ ਰਵੱਈਆ ਨੂੰ ਆਪਣੇ ਬਚਪਨ ਦੇ ਵੇਲੇ ਤੋਂ ਹੀ ਆਪਣੇ ਹੱਡੀ ਹੰਢਾਇਆ ਸੀ। ਪੁਰਾਣੇ ਹਿੰਦੂ ਰਾਸ਼ਟਰ ਦੀ ਪੁਰਾਣੀ ਹਿੰਦੂ ਸੰਸਕ੍ਰਿਤੀ ਕਰਕੇ ਕੋਈ ਵੀ ਸ਼ੂਦਰ ਅਤੇ ਔਰਤ ਵਿੱਦਿਆ ਹਾਸਲ ਨਹੀਂ ਕਰ ਸਕਦਾ ਸੀ, ਲੇਕਿਨ ਅੰਗਰੇਜ਼ੀ ਰਾਜ ਦੇ ਵੇਲੇ ਹਰ ਇਕ ਨੂੰ ਵਿੱਦਿਆ ਹਾਸਲ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਉਸ ਅਨੁਸਾਰ ਡਾ. ਅੰਬੇਡਕਰ ਨੂੰ ਵੀ ਸਕੂਲ ਜਾਣ ਦਾ ਅਧਿਕਾਰ ਮਿਲ ਗਿਆ। ਲੇਕਿਨ ਸ਼ੂਦਰ ਅਛੂਤ ਹੋਣ ਕਰਕੇ ਉਸ ਨੂੰ ਸਕੂਲ ਦੇ ਕਮਰੇ ਦੇ ਇਕ ਪਾਸੇ ਬੈਠਣਾ ਪੈਂਦਾ ਸੀ। ਪਾਣੀ ਪੀਣ ਲਈ ਵੀ ਉਸ ਨੂੰ ਦੂਸਰਿਆਂ 'ਤੇ ਨਿਰਭਰ ਹੋਣਾ ਪੈਂਦਾ ਸੀ। ਜੇਕਰ ਉਸ ਦੇ ਬੁਕ ਵਿੱਚ ਕੋਈ ਦੂਸਰਾ ਪਾਣੀ ਪਾ ਦਿੰਦਾ ਸੀ ਤਾਂ ਠੀਕ ਸੀ, ਨਹੀਂ ਤਾਂ ਉਸ ਨੂੰ ਪਿਆਸਾ ਹੀ ਰਹਿਣਾ ਪੈਂਦਾ ਸੀ। ਸਕੂਲ ਦਾ ਇਕ ਅਧਿਆਪਕ ਭੀਮ ਦੇ ਉੱਪਰ ਦਿਆਲੂ ਲਗਦਾ ਸੀ ਲੇਕਿਨ ਉਹ ਆਪਣੀ ਬਚੀ ਹੋਈ ਰੋਟੀ ਭੀਮ ਵੱਲ ਦੂਰੋਂ ਹੀ ਸੁੱਟਦਾ ਸੀ। ਭੀਮ ਨੂੰ ਇਕ ਜਨਤਕ ਪਿਆਊ ਤੋਂ ਪਾਣੀ ਪੀਣ ਕਰਕੇ ਚੰਗੀ ਕੁਟ ਪਈ ਸੀ।

ਭੀਮ ਨੂੰ ਤਾਂ ਬਚਪਨ ਵਿੱਚ ਹੀ ਕਈ ਵਾਰ ਜਾਤ-ਪਾਤ, ਛੂਤ-ਛਾਤ ਤੇ ਘਿਰਣਾ ਕਰਕੇ ਭਾਰੀ ਅਪਮਾਨ ਦਾ ਸਾਹਮਣਾ ਕਰਨਾ ਪਿਆ ਸੀ। ਇਕ ਵਾਰ ਭੀਮ, ਉਸ ਦਾ ਵੱਡਾ ਭਰਾ ਅਤੇ ਭਤੀਜੇ ਨੇ ਸਿਤਾਰਾ ਤੋਂ ਗੋਰੇ ਗਾਂਵ ਜਾਣਾ ਸੀ, ਜਿੱਥੇ ਉਨ੍ਹਾਂ ਦਾ ਪਿਤਾ ਨੌਕਰੀ ਕਰਦੇ ਸਨ। ਜਦੋਂ ਭੀਮ ਆਦਿਪਟਲੀ ਰੇਲਵੇ ਸਟੇਸ਼ਨ 'ਤੇ ਉੱਤਰੇ ਤਾਂ ਉਨ੍ਹਾਂ ਨੂੰ ਲੈਣ ਕੋਈ ਨਹੀਂ ਆਇਆ ਹੋਇਆ ਸੀ। ਉਨ੍ਹਾਂ ਨੂੰ ਅਛੂਤ ਹੋਣ ਕਰਕੇ ਗੱਡੀਵਾਨ ਨੇ ਲਿਜਾਉਣ ਤੋਂ ਇਨਕਾਰ ਕਰ ਦਿੱਤਾ। ਇਕ ਹੋਰ ਗੱਡੀਵਾਨ ਨੇ ਦੁਗਣੇ ਪੈਸੇ ਲੈ ਕੇ ਇਸ ਸ਼ਰਤ 'ਤੇ ਮੰਨਿਆ ਕਿ ਉਹ ਗੱਡੀ ਨੂੰ ਆਪ ਹਿੱਕਣਗੇ ਅਤੇ ਗੱਡੀਵਾਨ ਪੈਦਲ ਚੱਲੇਗਾ।

ਭੀਮ ਦੇ ਵੱਡੇ ਭਰਾ ਨੇ ਗੱਡੀ ਹਿੱਕੀ ਅਤੇ ਗੱਡੀਵਾਨ ਨਾਲ-ਨਾਲ ਪੈਦਲ ਚੱਲਿਆ ਰਸਤੇ ਵਿੱਚ ਜਦੋਂ ਭੀਮ ਨੂੰ ਪਿਆਸ ਲੱਗੀ ਅਤੇ ਉਸ ਨੇ ਪਾਣੀ ਮੰਗਿਆ ਤਾਂ ਸਵਰਨ ਹਿੰਦੂਆਂ ਨੇ ਇਕ ਛੱਪੜ ਵੱਲ ਇਸ਼ਾਰਾ ਕਰ ਦਿੱਤਾ ਕਿ ਉਹ ਉੱਥੋਂ ਪਾਣੀ ਪੀ ਸਕਦਾ ਹੈ। ਭੀਮ ਨੂੰ ਉਸ ਸਮੇਂ ਅਨੁਭਵ ਹੋਇਆ ਕਿ ਉਹ ਕਿਸੇ ਅਜੇਹੀ ਜਾਤ ਨਾਲ ਸਬੰਧਿਤ ਹੈ, ਜਿਸ ਨੂੰ ਸਾਫ ਪਾਣੀ ਪੀਣ ਦਾ ਵੀ ਅਧਿਕਾਰ ਨਹੀਂ ਸੀ। ਉਨ੍ਹਾਂ ਨੂੰ ਇਹ ਵੀ ਅਨੁਭਵ ਹੋਇਆ ਕਿ ਬਾਕੀ ਅਛੂਤ ਕਿਸ ਤਰ੍ਹਾਂ ਪਸ਼ੂਆਂ ਤੋਂ ਵੀ ਮਾੜੀ ਜ਼ਿੰਦਗੀ ਭੋਗ ਰਹੇ ਹੋਣਗੇ।

ਐਲਫਿਸਟਨ ਸਕੂਲ ਵਿੱਚ ਵਾਪਰੀ ਇਕ ਘਟਨਾ ਨੇ ਤਾਂ ਭੀਮ ਨੂੰ ਹੋਰ ਹਿਲਾ ਦਿੱਤਾ। ਇਕ ਦਿਨ ਇਕ ਮਾਸਟਰ ਨੇ ਭੀਮ ਨੂੰ ਬਲੈਕ ਬੋਰਡ 'ਤੇ ਕੁਝ ਲਿਖਣ ਲਈ ਕਿਹਾ। ਇਸ 'ਤੇ ਸਵਰਨ ਵਿਦਿਆਰਥੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੂੰ ਬਲੈਕ ਬੋਰਡ ਦੇ ਪਿੱਛੇ ਰੱਖੇ ਰੋਟੀ ਦੇ ਡੱਬੇ ਚੁੱਕ ਲੈਣ ਦਿਓ। ਡੱਬੇ ਚੁੱਕਣ ਤੋਂ ਉਪਰੰਤ ਭੀਮ ਨੂੰ ਬਲੈਕ ਬੋਰਡ ਦੇ ਲਾਗੇ ਜਾਣ ਦਿੱਤਾ। ਇਕ ਬ੍ਰਾਹਮਣ ਮਾਸਟਰ ਨੇ ਭੀਮ ਨੂੰ ਕਿਹਾ ਕਿ ਤੂੰ ਮਹਾਰ ਜਾਤੀ ਦਾ ਹੈ ਪੜ੍ਹ ਲਿਖ ਕੇ ਕੀ ਕਰੇਗਾ ? ਭੀਮ ਨੇ ਉਸ ਮਾਸਟਰ ਨੂੰ ਜਵਾਬ ਤਾਂ ਦੇ ਦਿੱਤਾ ਲੇਕਿਨ ਇਸ ਨਾਲ ਵੀ ਭੀਮ ਦੇ ਮਨ ਨੂੰ ਠੇਸ ਪਹੁੰਚੀ। ਭੀਮ ਸੰਸਕ੍ਰਿਤ ਪੜ੍ਹਨਾ ਚਾਹੁੰਦਾ ਸੀ, ਲੇਕਿਨ ਬ੍ਰਾਹਮਣ ਮਾਸਟਰ ਨੇ ਅਛੂਤ ਹੋਣ ਕਰਕੇ ਭੀਮ ਨੂੰ ਸੰਸਕ੍ਰਿਤ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ।

ਭੀਮ ਨੂੰ ਬੜੌਦਾ ਦੇ ਮਹਾਰਾਜ ਸਿਆ ਜੀ ਗਾਇਕਵਾੜ ਨੇ ਉੱਚ ਸਿਖਿਆ ਪ੍ਰਾਪਤ ਕਰਨ ਲਈ ਮਦਦ ਕੀਤੀ ਸੀ ਜੋ ਇਸ ਸ਼ਰਤ 'ਤੇ ਸੀ ਕਿ ਸਿੱਖਿਆ ਪ੍ਰਾਪਤ ਕਰਨ ਤੋਂ ਉਪਰੰਤ ਭੀਮ 10 ਸਾਲ ਬੜੌਦਾ ਰਿਆਸਤ ਦੀ ਸੇਵਾ ਕਰੇਗਾ। ਸਿੱਖਿਆ ਪ੍ਰਾਪਤ ਕਰਨ ਤੋਂ ਉਪਰੰਤ ਮਹਾਰਾਜਾ ਬੜੌਦਾ ਨੇ ਡਾ. ਅੰਬੇਡਕਰ ਨੂੰ ਫੌਜੀ ਸਕੱਤਰ ਦੀ ਨੌਕਰੀ ਦੇ ਦਿੱਤੀ। ਐਪਰ ਇੱਥੇ ਵੀ ਅਛੂਤ ਹੋਣ ਦਾ ਸੰਤਾਪ ਡਾ. ਅੰਬੇਡਕਰ ਨੂੰ ਭੁਗਤਣਾ ਪਿਆ। ਚਪੜਾਸੀ ਫਾਈਲਾਂ ਦੂਰੋਂ ਸੁੱਟਦਾ ਸੀ ਅਤੇ ਪੀਣ ਲਈ ਪਾਣੀ ਵੀ ਨਹੀਂ ਦਿੰਦਾ ਸੀ। ਰਹਿਣ ਲਈ ਕੋਈ ਕਮਰਾ ਤੱਕ ਨਹੀਂ ਦਿੰਦਾ ਸੀ। ਪਾਰਸੀਆਂ ਦੀ ਸਰਾਂ ਵਿੱਚ ਇਕ ਕਮਰਾ ਕਿਰਾਏ 'ਤੇ ਮਿਲਿਆ, ਐਪਰ ਅਗਲੇ ਹੀ ਦਿਨ ਪਾਰਸੀਆਂ ਦਾ ਟੋਲਾਂ ਡਾਂਗਾਂ ਲੈ ਕੇ ਆ ਗਿਆ। ਉਨ੍ਹਾਂ ਨੇ ਡਾ. ਅੰਬੇਡਕਰ ਨੂੰ ਪੁੱਛਿਆ ਕਿ ਤੂੰ ਕੌਣ ਹੈ ? ਡਾ. ਅੰਬੇਡਕਰ ਨੇ ਕਿਹਾ ਕਿ ਮੈਂ ਹਿੰਦੂ ਹਾਂ। ਲੇਕਿਨ ਭੀੜ ਕਹਿਣ ਲੱਗੀ ਕਿ ਤੂੰ ਝੂਠ ਬੋਲਦਾ ਹੈ ਤੂੰ ਹਿੰਦੂ ਨਹੀਂ, ਅਛੂਤ ਹੈ, ਫੌਰੀ ਕਮਰਾ ਖਾਲੀ ਕਰ ਅਤੇ ਇੱਥੋਂ ਭੱਜ ਜਾ।

ਡਾ. ਅੰਬੇਡਕਰ ਦੇ ਨਾਲ ਇਹ ਸਾਰੀਆਂ ਵਾਪਰਨ ਵਾਲੀਆਂ ਘਟਨਾਵਾਂ ਪੁਰਾਣੇ ਹਿੰਦੂ ਰਾਸ਼ਟਰ ਦੀਆ ਪਰੰਪਰਾਵਾਂ ਰਿਵਾਜਾਂ ਅਤੇ ਨਿਯਮਾਂ ਅਨੁਸਾਰ ਹੀ ਸਨ, ਜੋ ਕਿ ਪੁਰਾਣੀ ਸੰਸਕ੍ਰਿਤੀ ਵੱਲੋਂ ਮਿਥੀਆਂ ਗਈਆਂ ਸਨ, ਜਦਕਿ ਰਾਜ ਭਾਗ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਸੀ, ਜਿਸ ਤੋਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਜਦੋਂ ਰਾਜ ਭਾਗ ਬ੍ਰਾਹਮਣ ਵਾਦੀ ਫ਼ਲਸਫ਼ੇ ਦੇ ਝੰਡਾ ਬਰਦਾਰ ਪੁਜਾਰੀਆਂ ਅਤੇ ਰਾਜਿਆਂ ਮਹਾਰਾਜਿਆਂ ਦਾ ਸੀ ਤਾਂ ਉਸ ਸਮੇਂ ਦਲਿਤਾਂ ਸ਼ੂਦਰਾਂ ਅਛੂਤਾਂ ਨਾਲ ਕੀ ਬੀਤਦੀ ਹੋਵੇਗੀ ? ਹਾਲਾਂ ਕਿ ਅੰਗਰੇਜ਼ੀ ਹਕੂਮਤ ਵੱਲੋਂ ਪੁਰਾਣੇ ਹਿੰਦੂ ਰਾਸ਼ਟਰ ਦੀਆਂ ਕਈ ਅਮਾਨਵੀ ਪਰੰਪਰਾਵਾਂ 'ਤੇ ਪਾਬੰਦੀ ਲਗਾਈ ਜਾ ਰਹੀ ਸੀ, ਲੇਕਿਨ 3500 ਸਾਲਾਂ ਤੋਂ ਚੱਲੀਆਂ ਆ ਰਹੀਆਂ ਪੁਰਾਣੀਆਂ ਪਰੰਪਰਾਵਾਂ ਤੇ ਰਿਵਾਜਾਂ ਨੂੰ ਇਕ ਝਟਕੇ ਵਿੱਚ ਖ਼ਤਮ ਕਰਨਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ, ਜਿਸ ਦੀਆਂ ਜੜ੍ਹਾਂ ਪਤਾਲ ਤੱਕ ਧਸੀਆਂ ਹੋਈਆਂ ਸਨ। ਇਸ ਦੀਆਂ ਕੁੱਝ ਮਿਸਾਲਾਂ ਦਿੱਤੀਆਂ ਜਾ ਰਹੀਆਂ ਹਨ।

1773 ਵਿੱਚ ਈਸਟ ਇੰਡੀਆ ਕੰਪਨੀ ਨੇ ਇਕ ਰੈਗੂਲੇਟਰੀ ਐਕਟ ਪਾਸ ਕੀਤਾ, ਜਿਸ ਅਨੁਸਾਰ ਨਿਆਂ ਵਿਵਸਥਾ ਨੂੰ ਬਰਾਬਰ ਕੀਤਾ ਗਿਆ, 6 ਮਈ 1775 ਵਿੱਚ ਬੰਗਾਲ ਦੇ ਜਗੀਰਦਾਰ ਨੰਦ ਕੁਮਾਰ ਦੇਵ ਨੂੰ ਫਾਂਸੀ ਦਿੱਤੀ ਗਈ।

**(ਬਾਕੀ ਸਫ਼ਾ 31 'ਤੇ)**

# ਪੰਜਾਬ ਦੇ ਵਿੱਦਿਅਕ ਅਦਾਰਿਆਂ ’ਚ ਨਿਘਾਰ ਦਾ ਸੰਕਟ



ਡਾ. ਐਸ. ਐਸ. ਛੀਨਾ



ਅੱਜ ਤੋਂ 20-25 ਸਾਲ ਪਹਿਲਾਂ ਪੰਜਾਬ ਵਿੱਚ ਸਿਰਫ਼ ਤਿੰਨ ਇੰਜੀਨੀਅਰਿੰਗ ਕਾਲਜ ਸਨ ਅਤੇ ਪੰਜਾਬ ਦੇ ਯੋਗ ਵਿਦਿਆਰਥੀ ਆਪਣੀ ਇੰਜੀਨੀਅਰਿੰਗ ਦੀ ਵਿੱਦਿਆ ਲੈਣ ਬਿਦਰ (ਕਰਨਾਟਕ) ਅਤੇ ਮਦਰਾਸ ਆਦਿ ਸ਼ਹਿਰਾਂ ਵਿੱਚ ਲੱਖਾਂ ਰੁਪਏ ਖ਼ਰਚ ਕੇ ਦਾਖ਼ਲਾ ਲੈਂਦੇ ਸਨ। ਉਸ ਤੋਂ ਬਾਅਦ ਪੰਜਾਬ ਵਿੱਚ ਇਹ ਕਾਲਜ ਨਿੱਜੀ ਸੰਸਥਾਵਾਂ ਵੱਲੋਂ ਖੋਲ੍ਹਣ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਅੱਜ-ਕੱਲ੍ਹ ਪੂਰੇ ਪੰਜਾਬ ਵਿੱਚ 114 ਇੰਜੀਨੀਅਰਿੰਗ ਕਾਲਜ ਹਨ ਅਤੇ ਹਾਲਤ ਇਹ ਬਣ ਗਈ ਹੈ ਕਿ ਬਹੁਤ ਸਾਰੇ ਕਾਲਜਾਂ ਵਿੱਚ ਉਨ੍ਹਾਂ ਦੀ ਸਮਰੱਥਾ ਤੋਂ 10 ਫ਼ੀਸਦੀ ਵੀ ਵਿਦਿਆਰਥੀ ਨਹੀਂ ਅਤੇ ਹੋਰਨਾਂ ਵਿੱਚ ਅੱਧੀਆਂ ਸੀਟਾਂ ਹੀ ਭਰਦੀਆਂ ਹਨ।ਇਸ ਦਾ ਮੂਲ ਕਾਰਨ ਇਹ ਹੈ ਕਿ ਪੰਜਾਬ ਦੇ ਬੱਚਿਆਂ ਵਿੱਚ ਵਿਦੇਸ਼ ਜਾਣ ਦੀ ਹੋੜ ਲੱਗੀ ਹੋਈ ਹੈ। ਉਹ ਪਲੱਸ ਟੂ ਕਰਨ ਤੋਂ ਬਾਅਦ ਆਈਲੈਟਸ ਕਰਨ ਨੂੰ ਤਰਜੀਹ ਦਿੰਦੇ ਹਨ। ਵਿਡੰਬਣਾ ਇਹ ਹੈ ਕਿ ਵੱਡੇ ਸ਼ਹਿਰਾਂ ਤੋਂ ਇਲਾਵਾ ਛੋਟੇ-ਛੋਟੇ ਕਸਬਿਆਂ ਵਿੱਚ ਵੀ ਆਈਲੈਟਸ ਸੈਂਟਰ ਖੁੰਬਾਂ ਵਾਂਗ ਉੱਗੇ ਨਜ਼ਰੀਂ ਪੈਂਦੇ ਹਨ। ਇਸ ਤਰ੍ਹਾਂ ‘ਬ੍ਰੇਨ ਡ੍ਰੇਨ’ ਤੋਂ ਇਲਾਵਾ ਵੱਡੇ ਪੱਧਰ ’ਤੇ ‘ਮਨੀ ਡ੍ਰੇਨ’ ਵੀ ਹੋ ਰਿਹਾ ਹੈ।ਦੂਸਰੀ ਤਰਫ਼ ਸਾਡੇ ਵਿੱਦਿਅਕ ਅਦਾਰਿਆਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ ਦੇ ਆਧਾਰ ’ਤੇ ਉਨ੍ਹਾਂ ਨੌਜਵਾਨਾਂ ਨੂੰ ਆਪਣੀ ਯੋਗਤਾ ਦੇ ਅਨੁਸਾਰ ਨੌਕਰੀ ਨਹੀਂ ਮਿਲਦੀ ਅਤੇ ਉਹ ਬਹੁਤ ਵੱਡੀ ਗਿਣਤੀ ਵਿਚ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਹਨ।

ਭਾਵੇਂ ਕਿ ਪੰਜਾਬ ਵਿੱਚੋਂ ਨਰਸਿੰਗ ਦੀ ਬੀਐੱਸਸੀ ਕਰਨ ਵਾਲੀਆਂ ਲੜਕੀਆਂ ਅਤੇ ਲੜਕੇ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਡਿਗਰੀ ਦੇ ਆਧਾਰ ’ਤੇ ਨੌਕਰੀਆਂ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਪੰਜਾਬ ਵਿਚ ਨਰਸਿੰਗ ਕਾਲਜਾਂ ਦੀ ਹਾਲਤ ਵੀ ਇੰਜੀਨੀਅਰਿੰਗ ਕਾਲਜਾਂ ਵਾਲੀ ਹੈ। ਦੇਖਿਆ ਜਾਵੇ ਤਾਂ 20-25 ਸਾਲ ਪਹਿਲਾਂ ਪੰਜਾਬ ਭਰ ਵਿੱਚ ਸਿਰਫ਼ ਤਿੰਨ ਨਰਸਿੰਗ ਕਾਲਜ ਸਨ। ਐੱਮਐੱਸਸੀ ਨਰਸਿੰਗ ਪ੍ਰੋਫੈਸਰਾਂ ਦੀ ਕਮੀ ਕਰਕੇ ਨਵੇਂ ਕਾਲਜ ਖੁੱਲ੍ਹ ਨਹੀਂ ਸਨ ਰਹੇ ਪਰ ਅੱਜ-ਕੱਲ੍ਹ ਪੰਜਾਬ ਵਿਚ 102 ਨਰਸਿੰਗ ਕਾਲਜ ਹਨ ਅਤੇ ਇੰਜੀਨੀਅਰਿੰਗ ਕਾਲਜਾਂ ਦੀ ਤਰ੍ਹਾਂ ਇਨ੍ਹਾਂ ਕਾਲਜਾਂ ਵਿੱਚੋਂ ਕਈਆਂ ਵਿਚ 15-20 ਤੋਂ ਵੱਧ ਵਿਦਿਆਰਥੀ ਨਹੀਂ ਅਤੇ ਬਹੁਤ ਸਾਰੇ ਕਾਲਜਾਂ ਵਿੱਚ ਅੱਧੀਆਂ ਸੀਟਾਂ ਵੀ ਨਹੀਂ ਭਰਦੀਆਂ।

ਪੰਜਾਬ ਸਰਕਾਰ ਵੱਲੋਂ ਬੀਐੱਡ ਕਾਲਜਾਂ ਨੂੰ ਧੜਾਧੜ ਨੋ-ਓਬਜੈਕਸ਼ਨ ਸਰਟੀਫੀਕੇਟ ਦੇਣ ਕਰਕੇ ਇਸ ਵਕਤ ਪੰਜਾਬ ਵਿੱਚ 190 ਬੀਐੱਡ ਕਾਲਜ ਹਨ। ਕਈ ਕਾਲਜ ਪਿੰਡਾਂ ਵਿੱਚ ਵੀ ਸਥਾਪਤ ਹਨ। ਬਹੁਤ ਜ਼ਿਆਦਾ ਖੁੱਲ੍ਹੇ ਕਾਲਜਾਂ ਵਿੱਚ ਹੁਣ ਜਦਕਿ ਬੀਐੱਡ ਦਾ ਕੋਰਸ ਇਕ ਸਾਲ ਦੀ ਬਜਾਏ ਦੋ ਸਾਲ ਦਾ ਕਰ ਦਿੱਤਾ ਗਿਆ ਹੈ ਫਿਰ ਵੀ ਇਨ੍ਹਾਂ ਵਿੱਚ ਵਿਦਿਆਰਥੀਆਂ ਦੀ ਕਮੀ ਹੈ। ਕਿਸੇ ਵਕਤ ਪੰਜਾਬ ਦੇ ਵਿਦਿਆਰਥੀ ਬੀਐੱਡ ਕਰਨ ਲਈ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਜਾਂ ਹੋਰ ਪ੍ਰਦੇਸ਼ਾਂ ਵਿੱਚ ਜਾਂਦੇ ਸਨ। ਪੰਜਾਬ ਵਿੱਚ ਖੁੱਲ੍ਹੇ ਹੋਏ ਇੰਜੀਨੀਅਰਿੰਗ ਕਾਲਜਾਂ ਨੂੰ ਬੀਐੱਸਸੀ ਐਗਰੀਕਲਚਰਲ ਖੋਲ੍ਹਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ ਜਦਕਿ ਕਿਸੇ ਵਕਤ ਪੰਜਾਬ ਵਿੱਚ ਖੇਤੀਬਾੜੀ ਦੇ ਸਿਰਫ਼ ਤਿੰਨ ਹੀ ਕਾਲਜ ਹੁੰਦੇ ਸਨ।

ਹੁਣ ਇਨ੍ਹਾਂ ਇੰਜੀਨੀਅਰਿੰਗ ਕਾਲਜਾਂ ਵਿੱਚ ਦਿੱਤੀ ਜਾ ਰਹੀ ਖੇਤੀਬਾੜੀ ਦੀ ਵਿੱਦਿਆ ਜਿਨ੍ਹਾਂ ਕੋਲ ਲੋੜੀਂਦੇ ਫਾਰਮ ਵੀ ਨਹੀਂ ਹਨ, ਕੀ ਉਨ੍ਹਾਂ ਦੀ ਵਿੱਦਿਆ ਦਾ ਮਿਆਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਰਾਬਰ ਬਣ ਸਕਦਾ ਹੈ। ਇਕ ਉਹ ਸਵਾਲ ਹੈ ਜਿਸ ਦਾ ਕੋਈ ਜਵਾਬ ਨਹੀਂ ਪਰ ਇਸ ਤੋਂ ਵੀ ਗੰਭੀਰ ਇਹ ਗੱਲ ਹੈ ਕਿ ਜੇ ਟੈਕਨੀਕਲ ਯੂਨੀਵਰਸਿਟੀ ਖੇਤੀਬਾੜੀ ਕਾਲਜ ਨੂੰ ਐਫੀਲੀਏਟ ਕਰ ਸਕਦੀ ਹੈ ਤਾਂ ਤੇ ਫਿਰ ਹੈਲਥ ਯੂਨੀਵਰਸਿਟੀ ਨੂੰ ਉਸ ਹੀ ਤਰਕ ਦੇ ਆਧਾਰ ’ਤੇ ਲਾਅ ਕਾਲਜ ਵੀ ਐਫੀਲੀਏਟ ਕਰ ਲੈਣੇ ਚਾਹੀਦੇ ਹਨ।

ਪੰਜਾਬ ਵਿੱਚ ਪਬਲਿਕ ਯੂਨੀਵਰਸਿਟੀਆਂ ਤੋਂ ਇਲਾਵਾ 12 ਨਿੱਜੀ ਯੂਨੀਵਰਸਿਟੀਆਂ ਹਨ। ਪਬਲਿਕ ਯੂਨੀਵਰਸਟੀਆਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਹੈਲਥ ਯੂਨੀਵਰਸਿਟੀ ਫਰੀਦਕੋਟ, ਆਯੁਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ, ਲਾਅ ਯੂਨੀਵਰਸਿਟੀ, ਪਟਿਆਲਾ ਆਦਿ ਇਸ ਉਦੇਸ਼ ਨਾਲ ਸਥਾਪਤ ਕੀਤੀਆਂ ਗਈਆਂ ਸਨ ਕਿ ਉਨ੍ਹਾਂ ਵਿਸ਼ਿਆਂ ਵਿੱਚ ਡੂੰਘੀ ਖੋਜ ਕਰਵਾ ਕੇ ਖੋਜ ਨੂੰ ਸੰਸਾਰ ਪੱਧਰ ਤਕ ਕੀਤਾ ਜਾਵੇਗਾ ਤਾਂ ਕਿ ਉਸ ਖੋਜ ਦਾ ਸਮਾਜ ਨੂੰ ਲਾਭ ਹੋ ਸਕੇ ਪਰ ਨਿੱਜੀ ਯੂਨੀਵਰਸਿਟੀਆਂ ਦੇ ਉਦੇਸ਼ ਕੁਝ ਹੋਰ ਹਨ। ਇੱਥੇ ਕੁਝ ਗੱਲਾਂ ਦਾ ਵਰਣਨ ਕਰਨਾ ਜ਼ਰੂਰੀ ਹੈ।

ਤਿੰਨ ਤਰ੍ਹਾਂ ਦੀਆਂ ਯੂਨੀਵਰਸਿਟੀਆਂ ਹਨ। ਇਕ ਹਨ ਕੇਂਦਰੀ ਯੂਨੀਵਰਸਿਟੀਆਂ ਜਿਨ੍ਹਾਂ ਦਾ ਸਾਰਾ ਖ਼ਰਚ ਕੇਂਦਰ ਸਰਕਾਰ ਕਰਦੀ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਬਹੁਤ ਥੋੜ੍ਹੀ ਫੀਸ ਦੇ ਕੇ ਪੜ੍ਹ ਸਕਦੇ ਹਨ ਜਾਂ ਇਹ ਵਿੱਦਿਆ ਸਭ ਤੋਂ ਸਸਤੀ ਵਿੱਦਿਆ ਹੈ। ਦੂਸਰੀਆਂ ਹਨ ਪਬਲਿਕ ਯੂਨੀਵਰਸਿਟੀਆਂ ਜਿਵੇਂ ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਟੀ ਆਦਿ। ਇਨ੍ਹਾਂ ਦਾ ਖ਼ਰਚ ਸੂਬਾ ਸਰਕਾਰ ਉਠਾਉਂਦੀ ਹੈ। ਇੱਥੇ ਫੀਸ ਵੀ ਵਾਜਿਬ ਹੁੰਦੀ ਹੈ।

ਤੀਸਰੀਆਂ ਹਨ ਨਿੱਜੀ ਯੂਨੀਵਰਸਿਟੀਆਂ ਜਿਨ੍ਹਾਂ ਨੂੰ ਨਿੱਜੀ ਸੰਸਥਾਵਾਂ ਚਲਾਉਂਦੀਆਂ ਹਨ ਪਰ ਉਨ੍ਹਾਂ ਦੀਆਂ ਫੀਸਾਂ ਬਹੁਤ ਉੱਚੀਆਂ ਹੁੰਦੀਆਂ ਹਨ। ਵਿਦਿਆਰਥੀਆਂ ਨੂੰ ਮਜਬੂਰਨ ਵੱਧ ਫੀਸਾਂ ਦੇਣੀਆਂ ਪੈਂਦੀਆਂ ਹਨ। ਇਨ੍ਹਾਂ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ ਦਾ ਵਰਣਨ ਕਰਨਾ ਵੀ ਜ਼ਰੂਰੀ ਬਣਦਾ ਹੈ। ਯੂਨੀਵਰਸਿਟੀ ਦੇ ਤਿੰਨ ਕੰਮ ਹਨ-(1) ਵਿੱਦਿਆ ਦੇਣਾ (2) ਖੋਜ ਅਤੇ (3) ਪਸਾਰ। ਉਸ ਖੋਜ ਨੂੰ ਲੋਕ ਭਲਾਈ ਲਈ ਲੋਕਾਂ ਤਕ ਪਹੁੰਚਾਉਣਾ। ਕੇਂਦਰੀ ਅਤੇ ਪ੍ਰਾਂਤਾਂ ਦੀਆਂ ਪਬਲਿਕ ਯੂਨੀਵਰਸਿਟੀਆਂ ਖੋਜ ਅਤੇ ਪਸਾਰ ਦੇ ਕੰਮ ਕਰਦੀਆਂ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਖੋਜ ਨੇ ਹੈਰਾਨਕੁੰਨ ਸਿੱਟੇ ਦਿੱਤੇ ਹਨ ਪਰ ਨਿੱਜੀ ਯੂਨੀਵਰਸਿਟੀਆਂ ਸਿਰਫ਼ ਵਿੱਦਿਆ ਦੇਣ ਤਕ ਸੀਮਤ ਹਨ ਅਤੇ ਉਨ੍ਹਾਂ ਵੱਲੋਂ ਖੋਜ ਅਤੇ ਪਸਾਰ ਵਿੱਦਿਆ ਨੂੰ ਬਿਲਕੁਲ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ।

ਨਿੱਜੀ ਯੂਨੀਵਰਸਿਟੀਆਂ ਨੂੰ ਇਹ ਵੀ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਹਰ ਕਿਸਮ ਦੇ ਕੋਰਸ ਖੋਲ੍ਹ ਸਕਦੀਆਂ ਹਨ ਜਿਸ ਤਰ੍ਹਾਂ ਬੀਐੱਡ, ਲਾਅ, ਇੰਜੀਨੀਅਰਿੰਗ, ਖੇਤੀਬਾੜੀ, ਆਰਟਸ, ਸਾਇੰਸ, ਨਰਸਿੰਗ ਆਦਿ। ਇੱਥੇ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਜੇ ਇਨ੍ਹਾਂ ਯੂਨੀਵਰਸਿਟੀਆਂ ਨੂੰ ਹਰ ਤਰ੍ਹਾਂ ਦੇ ਕੋਰਸ ਚਲਾਉਣ ਦੀ ਖੁੱਲ੍ਹ ਦੇ ਦੇਣੀ ਸੀ ਤਾਂ ਉਹ ਵਿਸ਼ੇਸ਼ ਯੂਨੀਵਰਸਿਟੀਆਂ ਜਿਵੇਂ ਖੇਤੀ ਜਾਂ ਹੈਲਥ ਕਿਉਂ ਖੋਲ੍ਹੀਆਂ ਸਨ ਜਾਂ ਉਹ ਫ਼ੈਸਲਾ ਗ਼ਲਤ ਸੀ ਜਾਂ ਇਹ ਫ਼ੈਸਲਾ ਗ਼ਲਤ ਹੈ। ਵੱਖ-ਵੱਖ ਕੋਰਸਾਂ ਨੂੰ ਚਲਾਉਣ ਦੇ ਪਿੱਛੇ ਸਿਵਾਏ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਤੋਂ ਜ਼ਿਆਦਾ ਹੋਰ ਕੀ ਉਦੇਸ਼ ਹੋ ਸਕਦਾ ਹੈ।

ਹੁਣ ਸਵਾਲ ਉੱਠਦਾ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਭਰਮਾਰ ਨੂੰ ਪੰਜਾਬ ਸਰਕਾਰ ਕਿਸ ਤਰ੍ਹਾਂ ਕੰਟਰੋਲ ਕਰ ਸਕਦੀ ਹੈ। ਇਹ ਕੰਮ ਬਹੁਤ ਹੀ ਆਸਾਨ ਹੈ। ਪੰਜਾਬ ਸਰਕਾਰ ਨੇ ਕਿਸੇ ਵੀ ਨਵੀਂ ਸੰਸਥਾ ਦੇ ਖੋਲ੍ਹਣ ਲਈ ‘ਇਤਰਾਜ਼ ਨਹੀਂ’ ਸਰਟੀਫਿਕੇਟ ਦੇਣਾ ਹੈ ਜਿਸ ਤੋਂ ਬਗੈਰ ਉਹ ਸੰਸਥਾ ਭਾਵੇਂ ਕਾਲਜ ਹੋਵੇ, ਭਾਵੇਂ ਯੂਨੀਵਰਸਿਟੀ, ਨਹੀਂ ਖੁੱਲ੍ਹ ਸਕਦੇ। ਇੱਥੇ ਇਹ ਦੱਸਣਾ ਵੀ ਬਣਦਾ ਹੈ ਕਿ ਹਰ ਸੰਸਥਾ ਲਈ ਕੇਂਦਰੀ ਬਾਡੀ ਤੋਂ ਵੀ ਸਰਟੀਫਿਕੇਟ ਲੈਣਾ ਪੈਂਦਾ ਹੈ। ਜਿਸ ਤਰ੍ਹਾਂ ਨਰਸਿੰਗ ਕੌਂਸਲ ਨੇ ਇਹ ਫ਼ੈਸਲਾ ਕੀਤਾ ਹੈ ਕਿ ਕਿਸੇ ਵੀ ਨਵੇਂ ਕਾਲਜ ਨੂੰ ਖੋਲ੍ਹਣ ਤੋਂ ਪਹਿਲਾਂ ਉਨ੍ਹਾਂ ਕੋਲ 100 ਬਿਸਤਰਿਆਂ ਤੋਂ ਵੱਡਾ ਹਸਪਤਾਲ ਹੋਣਾ ਚਾਹੀਦਾ ਹੈ। ਜੇ ਉਹ ਪਾਬੰਦੀ ਨਾ ਹੁੰਦੀ ਤਾਂ ਪੰਜਾਬ ਵਿੱਚ ਹੋਰ ਨਰਸਿੰਗ ਕਾਲਜ ਖੁੱਲ੍ਹ ਜਾਣੇ ਸਨ ਪਰ ਪ੍ਰਾਂਤ ਦੀ ਸਰਕਾਰ ਨੂੰ ਵਿਦਿਆਰਥੀਆਂ ਦੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪ੍ਰਾਂਤ ਵਿੱਚ ਵਿੱਦਿਆ ਦੀਆਂ ਸੰਸਥਾਵਾਂ ਨੂੰ ਉਸ ਹੱਦ ਤਕ ਸੀਮਤ ਰੱਖਣਾ ਚਾਹੀਦਾ ਹੈ ਜਿਸ ਨਾਲ ਪੰਜਾਬ ਦੇ ਲੜਕੇ ਅਤੇ ਲੜਕੀਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਨਾ ਕਰਨਾ ਪਵੇ।

# ਲੈਸਟਰ ਵਿਖੇ ਹਿੰਦੂ ਮੁਸਲਮਾਨ ਤਣਾਅ ਦਾ ਜ਼ਿੰਮੇਵਾਰ ਕੌਣ, ਸਰਕਾਰ ਜ਼ਿੰਮੇਵਾਰੀ ਨਿਭਾਵੇ

ਰਜਿੰਦਰ ਸਿੰਘ ਪੁਰੇਵਾਲ

ਬੀਤੇ ਦਿਨੀਂ ਬ੍ਰਿਟਿਸ਼ ਅਖ਼ਬਾਰ ਡੇਲੀ ਮੇਲ ਨੇ ਦਾਅਵਾ ਕੀਤਾ ਸੀ ਕਿ ਸਤੰਬਰ 2022 ਵਿੱਚ ਲੈਸਟਰ ਸ਼ਹਿਰ ਵਿੱਚ ਭੜਕੀ ਹਿੰਸਾ ਦਾ ਸਬੰਧ ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਨਾਲ ਹੋ ਸਕਦਾ ਹੈ। ਹਾਲਾਂ ਕਿ, ਇਸ ਨੂੰ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਗਿਆ ਹੈ। ਹਿੰਸਾ ਦੀ ਜਾਂਚ ਅਜੇ ਪੂਰੀ ਹੋਣੀ ਬਾਕੀ ਹੈ ਪਰ ਸੁਰੱਖਿਆ ਏਜੰਸੀ ਦੇ ਇਕ ਅਣਦੱਸੇ ਸੂਤਰ ਦੇ ਹਵਾਲੇ ਨਾਲ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਖ਼ਬਾਰ ਨੂੰ ਮਿਲੀ ਜਾਣਕਾਰੀ ਅਨੁਸਾਰ ਭਾਜਪਾ ਨਾਲ ਜੁੜੇ ਲੋਕਾਂ ਨੇ ਲੈਸਟਰ ਵਿੱਚ ਬ੍ਰਿਟਿਸ਼ ਹਿੰਦੂਆਂ ਨੂੰ ਮੁਸਲਮਾਨ ਖਿਲਾਫ ਕਾਰਵਾਈ ਲਈ ਉਕਸਾਇਆ ਸੀ। ਪਰ ਪੁਲਿਸ ਦੇ ਮੀਡੀਆ ਅਧਿਕਾਰੀ ਨਰਿੰਦਰ ਪੂਨੀਆ ਨੇ ਅਜਿਹੇ ਕਿਸੇ ਵੀ ਦਾਅਵਿਆਂ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਮੁੱਦੇ ’ਤੇ ਬਰਤਾਨੀਆ ਵਿੱਚ ਵੀ ਬਹਿਸ ਚੱਲ ਰਹੀ ਹੈ। ਕਈ ਸੰਸਦ ਮੈਂਬਰਾਂ ਅਤੇ ਹੋਰਨਾਂ ਨੇ ਅਖ਼ਬਾਰ ਦੀ ਰਿਪੋਰਟ ਦੀ ਆਲੋਚਨਾ ਕੀਤੀ ਹੈ। ਭਾਰਤੀ ਮੂਲ ਦੇ ਬ੍ਰਿਟਿਸ਼ ਸੰਸਦ ਮੈਂਬਰ ਲਾਰਡ ਰਾਮੀ ਰੇਂਜਰ ਨੇ ਟਵੀਟ ਕੀਤਾ ਹੈ ਕਿ ਹਰ ਕੀਮਤ ’ਤੇ ਧਿਆਨ ਖਿੱਚਣ ਲਈ ਕੁਝ ਪੱਤਰਕਾਰਾਂ ਦੁਆਰਾ ਉਕਸਾਊ ਖ਼ਬਰਾਂ ਛਾਪਕੇ ਬ੍ਰਿਟਿਸ਼ ਲੋਕਤੰਤਰ ਨੂੰ ਹੌਲੀ-ਹੌਲੀ ਮਾਰਿਆ ਜਾ ਰਿਹਾ ਹੈ। ਹੁਣ ਕੋਈ ਵੀ ਸੱਜਣ ਡਰ ਦੇ ਮਾਰੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਹਿੰਮਤ ਨਹੀਂ ਕਰਦਾ।

ਅਖ਼ਬਾਰ ਦੀ ਰਿਪੋਰਟ ਮੁਤਾਬਕ ਇਸ ਤਰ੍ਹਾਂ ਦੀ ਦਖਲ ਅੰਦਾਜ਼ੀ ਦੇ ਸਬੂਤ ਹਨ, ਸੀਮਤ ਮੈਂਬਰਾਂ ਵਾਲੇ ਵਟਸਐਪ ਗਰੁੱਪ, ਜਿਨ੍ਹਾਂ ਦੀ ਮਦਦ ਨਾਲ ਭਾਜਪਾ ਨਾਲ ਜੁੜੇ ਲੋਕਾਂ ਨੇ ਹਿੰਦੂਆਂ ਨੂੰ ਸੜਕਾਂ ’ਤੇ ਉੱਤਰਨ ਲਈ ਉਕਸਾਇਆ ਸੀ। ਡੇਲੀ ਮੇਲ ਦੀ ਤਾਜ਼ਾ ਰਿਪੋਰਟ ’ਤੇ ਚਰਚਾ ਹੋ ਰਹੀ ਹੈ ਪਰ ਇਹ ਪਹਿਲੀ ਵਾਰ ਨਹੀਂ ਹੈ ਕਿ ਲੈਸਟਰ ਵਿਚ ਹਿੰਸਾ ਨਾਲ ਹਿੰਦੂ ਰਾਸ਼ਟਰਵਾਦੀ ਭਾਵਨਾਵਾਂ ਨੂੰ ਜੋੜਿਆ ਗਿਆ ਹੋਵੇ। ਵਿਸ਼ਲੇਸ਼ਣਕਾਰ ਪਹਿਲਾਂ ਹੀ ਕਹਿੰਦੇ ਰਹੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਤੋਂ ਲੈਸਟਰ ਆਕੇ ਵਸੇ ਹਿੰਦੂਆਂ ਅਤੇ ਪਹਿਲਾਂ ਤੋਂ ਹੀ ਵਸੇ ਮੁਸਲਿਮ ਭਾਈਚਾਰੇ ਦਰਮਿਆਨ ਵਧ ਰਿਹਾ ਤਣਾਅ ਇਸ ਹਿੰਸਾ ਦਾ ਇੱਕ ਕਾਰਨ ਹੈ।

ਇਸੇ ਤਰ੍ਹਾਂ ਹਿੰਦੂ-ਮੁਸਲਿਮ ਹਿੰਸਾ ਨੂੰ ਭੜਕਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਦੀ ਗੱਲ ਕਈ ਖੋਜ ਰਿਪੋਰਟਾਂ ਵਿੱਚ ਕੀਤੀ ਗਈ ਹੈ, ਹਾਲਾਂ ਕਿ ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਦੇ ਨਾਂ ਪਹਿਲੀ ਵਾਰ ਸ਼ਾਮਲ ਕੀਤੇ ਗਏ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਸੱਤ ਮਹੀਨੇ ਅਤੇ 100 ਤੋਂ ਵੱਧ ਗ੍ਰਿਫਤਾਰੀਆਂ ਦੇ ਬਾਅਦ ਵੀ, ਲੈਸਟਰ ਪੁਲਿਸ ਦੁਆਰਾ ਹਿੰਸਾ ਦੀ ਜਾਂਚ ਅਜੇ ਪੂਰੀ ਨਹੀਂ ਕੀਤੀ ਅਤੇ ਨਾ ਹੀ ਕੋਈ ਅਧਿਕਾਰਤ ਰਿਪੋਰਟ ਹੈ ਜੋ ਅਜਿਹੇ ਕਿਸੇ ਦਾਅਵੇ ਦੀ ਪੁਸ਼ਟੀ ਕਰਦੀ ਹੋਵੇ। ਲੈਸਟਰ ਵਿੱਚ ਹਿੰਸਾ ਅਤੇ ਤਣਾਅ ਦੇ ਮਾਮਲੇ ਵਿੱਚ ਪੁਲਿਸ ਦੀ ਅਧਿਕਾਰਤ ਵੈੱਬਸਾਈਟ ’ਤੇ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਵੀ ਸਿਰਫ਼ ਸਤੰਬਰ ਮਹੀਨੇ ਤੋਂ ਗ੍ਰਿਫਤਾਰੀਆਂ ਦੀ ਸੂਚਨਾ ਹੈ ਜਾਂ ਹਿੰਸਾ ਨਾਲ ਜੁੜੇ ਮਾਮਲਿਆਂ ਵਿੱਚ ਦੋਸ਼ੀਆਂ ਦੀ ਪਛਾਣ ਲਈ ਜਾਰੀ ਕੀਤੀਆਂ ਗਈਆਂ ਤਸਵੀਰਾਂ ਜਾਣਕਾਰੀ ਹੈ।



ਲੈਸਟਰ ਯੂਕੇ ਦੇ ਸ਼ਹਿਰਾਂ ਵਿੱਚੋਂ ਇੱਕ ਹੈ ਜਿੱਥੇ ਗੈਰ-ਬ੍ਰਿਟਿਸ਼ ਆਬਾਦੀ ਦੀ ਸਭ ਤੋਂ ਵੱਧ ਗਿਣਤੀ ਰਹਿੰਦੀ ਹੈ। 28 ਅਗਸਤ ਨੂੰ ਭਾਰਤ-ਪਾਕਿ ਟੀ-20 ਮੈਚ ਤੋਂ ਬਾਅਦ ਈਸਟ ਲੈਸਟਰ ਵਿੱਚ ਤਣਾਅ ਸ਼ੁਰੂ ਹੋ ਗਿਆ ਸੀ। ਏਸ਼ੀਆ ਕੱਪ ਦੌਰਾਨ ਇਸ ਮੈਚ ਵਿੱਚ ਭਾਰਤ ਦੀ ਜਿੱਤ ਤੋਂ ਬਾਅਦ ਸਮਰਥਕ ਜਸ਼ਨ ਮਨਾਉਣ ਲਈ ਸ਼ਹਿਰ ਦੇ ਬੇਲਗ੍ਰੇਵ ਇਲਾਕੇ ਵਿੱਚ ਸੜਕਾਂ ’ਤੇ ਉਤਰ ਆਏ, ਨਾਅਰੇਬਾਜ਼ੀ ਕੀਤੀ ਗਈ ਅਤੇ ਜਸ਼ਨ ਹਿੰਸਕ ਝੜਪਾਂ ਵਿੱਚ ਬਦਲ ਗਿਆ।

ਹਿੰਸਾ ਦੌਰਾਨ ਵਾਹਨਾਂ ਦੀ ਭੰਨਤੋੜ ਕੀਤੀ ਗਈ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ। ਨੌਜਵਾਨ ਸਿਆਸੀ ਵਿਸ਼ਲੇਸ਼ਕ ਕ੍ਰਿਸ ਬਲੈਕਬਰਨ ਨੇ ਮੰਨਿਆ ਕਿ ਕ੍ਰਿਕਟ ਨਾਲ ਸਬੰਧਿਤ ਹਿੰਸਾ ਸ਼ਹਿਰ ਲਈ ਨਵੀਂ ਨਹੀਂ ਹੈ। ਹਾਲਾਂ ਕਿ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸੋਸ਼ਲ ਮੀਡੀਆ ’ਤੇ ਜਿਸ ਤਰ੍ਹਾਂ ਧਰਮਾਂ ਅਤੇ ਸੰਪਰਦਾਵਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਜ਼ਹਿਰੀਲੇ ਸੰਦੇਸ਼ ਫੈਲਾਏ ਗਏ ਸਨ, ਉਹ ਇਸ ਸ਼ਹਿਰ ਅਤੇ ਇਸ ਦੇ ਸੱਭਿਆਚਾਰਕ ਤਾਣੇ-ਬਾਣੇ ਦੇ ਲਿਹਾਜ਼ ਨਾਲ ਜ਼ਰੂਰ ਨਵੇਂ ਹੋਣਗੇ। ਲੈਸਟਰ ਸਭ ਤੋਂ ਵਿਭਿੰਨ ਸ਼ਹਿਰਾਂ ਵਿੱਚੋਂ ਇੱਕ ਹੈ ਜਿੱਥੇ ਹਿੰਦੂ ਅਤੇ ਮੁਸਲਮਾਨ ਦਹਾਕਿਆਂ ਤੋਂ ਇਕੱਠੇ ਰਹਿੰਦੇ ਹਨ, ਪਰ ਹਿੰਸਾ ਦੇ ਇਸ ਦੌਰ ਨੇ ਉਸ ਇਤਿਹਾਸਕ ਪਰੰਪਰਾ ਦੇ ਭਵਿੱਖ ’ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ।

ਬਰਤਾਨੀਆ ਵਿੱਚ ਇਸਾਈ ਭਾਈਚਾਰੇ ਤੋਂ ਬਾਅਦ ਮੁਸਲਿਮ ਅਤੇ ਹਿੰਦੂ ਧਾਰਮਿਕ ਭਾਈਚਾਰੇ ਦੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ। 2017 ਦੇ ਸਰਕਾਰੀ ਅੰਕੜਿਆਂ ਅਨੁਸਾਰ ਹਿੰਦੂਆਂ ਦੀ ਗਿਣਤੀ 10,21,449 ਹੈ ਜਦੋਂ ਕਿ ਮੁਸਲਮਾਨਾਂ ਦੀ ਆਬਾਦੀ 33,72,966 ਹੈ। ਦੋਵਾਂ ਭਾਈਚਾਰਿਆਂ ਵਿੱਚ ਰੁਜ਼ਗਾਰ ਦਾ ਪੱਧਰ ਬਿਹਤਰ ਹੈ। ਹਿੰਦੂਆਂ ਦੀ ਕੁੱਲ ਆਬਾਦੀ ਦਾ 97 ਪ੍ਰਤੀਸ਼ਤ ਸ਼ਹਿਰਾਂ ਵਿੱਚ ਰਹਿੰਦੀ ਹੈ, ਜਿਨ੍ਹਾਂ ਵਿੱਚੋਂ 50 ਪ੍ਰਤੀਸ਼ਤ ਇਕੱਲੇ ਰਾਜਧਾਨੀ ਲੰਡਨ ਵਿੱਚ ਰਹਿੰਦੇ ਹਨ।

ਲੰਡਨ ਵਿੱਚ ਮੁਸਲਮਾਨ ਵੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ, ਪਰ ਉਨ੍ਹਾਂ ਦੀ ਰਿਹਾਇਸ਼ ਅੰਦਰੂਨੀ ਇਲਾਕਿਆਂ ਵਿੱਚ ਜ਼ਿਆਦਾ ਹੈ। ਲੰਡਨ ਤੋਂ ਬਾਹਰ ਹਿੰਦੂਆਂ ਦੀ ਸਭ ਤੋਂ ਵੱਡੀ ਗਿਣਤੀ ਲੈਸਟਰ ਸ਼ਹਿਰ ਵਿੱਚ ਕੇਂਦਰਿਤ ਹੈ। 2011 ਦੀ ਮਰਦਮਸ਼ੁਮਾਰੀ ਵਿੱਚ, ਲੈਸਟਰ ਦੀ ਕੁੱਲ ਆਬਾਦੀ ਦੇ ਲਗਭਗ 16 ਪ੍ਰਤੀਸ਼ਤ ਹਿਸੇ ਨੇ ਆਪਣੀ ਧਾਰਮਿਕ ਪਛਾਣ ਹਿੰਦੂ ਵਜੋਂ ਐਲਾਨੀ ਸੀ। ਮੁਸਲਮਾਨਾਂ ਦੀ ਸਭ ਤੋਂ ਵੱਧ ਗਿਣਤੀ ਵਾਲਾ ਸ਼ਹਿਰ ਬਰਮਿੰਘਮ ਹੈ, ਇਸਦੇ ਬਾਅਦ ਲੰਡਨ ਹੈ, ਜਦੋਂ ਕਿ ਲੈਸਟਰ ਵਿੱਚ 69,000 ਮੁਸਲਮਾਨਾਂ ਦੀ ਆਬਾਦੀ ਹੈ ਅਤੇ ਸਥਾਨਕ ਕਾਰੋਬਾਰਾਂ ਵਿੱਚ ਮੁਸਲਮਾਨ ਭਾਈਚਾਰੇ ਦੀ ਚੰਗੀ ਹਿੱਸੇਦਾਰੀ ਹੈ।

ਲੈਸਟਰ ਸ਼ਹਿਰ ਵਿੱਚ ਹਿੰਸਾ ਦੇ ਮਾਮਲੇ ਵਿੱਚ ਲੈਸਟਰ ਯੂਨੀਵਰਸਿਟੀ ਦੇ ਅਪਰਾਧ ਵਿਗਿਆਨ ਵਿਭਾਗ ਵਿੱਚ ਐਸੋਸੀਏਟ ਪ੍ਰੋਫੈਸਰ ਕ੍ਰਿਸ ਐਲਨ ਦੀ ਅਗਵਾਈ ਵਿੱਚ ਇੱਕ ਸੁਤੰਤਰ ਜਾਂਚ ਦਾ ਐਲਾਨ ਕੀਤਾ ਗਿਆ ਸੀ, ਪਰ ਹਿੰਦੂ ਸਮੂਹਾਂ ਵੱਲੋਂ ਐਲਨ ਦਾ ਵਿਰੋਧ ਕਰਨ ਤੋਂ ਬਾਅਦ ਜਾਂਚ ਖਟਾਈ ਵਿੱਚ ਪੈ ਗਈ। ਇਸ ਮਾਮਲੇ ਵਿੱਚ ਨਿਸ਼ਚਿਤ ਤੌਰ ’ਤੇ ਕੁਝ ਰਿਪੋਰਟਾਂ ਆਈਆਂ ਹਨ, ਜਿਨ੍ਹਾਂ ਵਿੱਚ ਹਿੰਸਾ ਨਾਲ ਜੁੜੇ ਵੱਖ-ਵੱਖ ਪਹਿਲੂਆਂ ’ਤੇ ਚਰਚਾ ਕੀਤੀ ਗਈ ਹੈ।

(ਬਾਕੀ ਸਫ਼ਾ 30 ’ਤੇ)

# ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ

**ਭਾਈ ਇਕਬਾਲ ਸਿੰਘ**



ਸਿੱਖ ਕੌਮ ਦੀ ਤਵਾਰੀਖ ਦਾ ਹਰ ਪੰਨਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ। ਸਿੰਘਾਂ ਸ਼ਹੀਦਾਂ ਦੀ ਯਾਦ ਨੂੰ ਆਮ ਲੋਕਾਈ ਦੇ ਚੇਤਿਆਂ ਦਾ ਭਾਗ ਬਣਾਉਂਦੀ ਦਰਬਾਰ ਸਾਹਿਬ ਇੱਕ ਅਜਿਹੀ ਥਾਂ ਹੈ ਜਿਸ ਦੀ ਹਰ ਸਿੱਲ ਆਪਣੇ ਪਿੱਛੇ ਇੱਕ ਵੱਖਰਾ ਇਤਿਹਾਸ ਸਮੋਈ ਬੈਠੀ ਹੈ। ਅਸੀਂ ਕਾਹਲੀ ਕਾਹਲੀ ਵਿੱਚ ਬਹੁਤ ਕੁਝ ਅਣਡਿੱਠ ਕਰ ਅੱਗੇ ਲੰਘ ਜਾਂਦੇ ਹਾਂ। ਮੂੰਹੋਂ ਬੋਲ ਕੇ ਇਤਿਹਾਸ ਦੱਸ ਰਹੀ ਇੱਕ ਅਜਿਹੀ ਹੀ ਸਿੱਲ ਦੇ ਅੱਜ ਦੀਦਾਰ ਕਰਾਂਗੇ, ਨਾਲ ਹੀ ਉਸ ਪਿੱਛੇ ਲਹੂ ਭਿੱਜੇ ਇਤਿਹਾਸ ਨੂੰ ਜਾਣ ਖ਼ੂਨ ਦੇ ਅੱਥਰੂ ਵੀ ਰੋਵਾਂਗੇ।

ਦਰਬਾਰ ਸਾਹਿਬ ਦੇ ਮੌਜੂਦਾ ਮੁੱਖ ਦੁਆਰ (ਅੰਗਰੇਜ਼ਾਂ ਦੇ ਦੌਰ ਤੋਂ ਪਹਿਲਾਂ ਮੁੱਖ ਦੁਆਰ ਅਕਾਲ ਤਖ਼ਤ ਸਾਹਿਬ ਨੇੜਲਾ ਦਰਵਾਜ਼ਾ ਹੁੰਦਾ ਸੀ) ਤੋਂ ਜਦੋਂ ਅਸੀਂ ਪਉੜੀਆਂ ਉੱਤਰ ਪ੍ਰਕਰਮਾ ਵਿੱਚ ਦਾਖਲ ਹੁੰਦੇ ਹਾਂ ਤਾਂ ਬਾਕੀ ਸੰਗਤ ਵਾਂਗ ਖੱਬੇ ਪਾਸੇ ਵੱਲ ਮੁੜ ਜਾਂਦੇ ਹਾਂ। ਜੇ ਅਸੀਂ ਉਹਨਾਂ ਪੌੜੀਆਂ ਦੇ ਹੇਠਾਂ ਦੀ ਹੁੰਦੇ ਹੋਏ ਬੇਰ ਬਾਬਾ ਬੁੱਢਾ ਵੱਲ ਨੂੰ ਜਾਈਏ ਤਾਂ ਪੌੜੀਆਂ ਦੇ ਥੱਲੇ ਸਾਨੂੰ ਹੇਠਾਂ ਤਸਵੀਰ ਵਿੱਚ ਦਿੱਤੀ ਸੰਗਮਰਮਰ ਦੀ ਸਿੱਲ ਦੇ ਦਰਸ਼ਨ ਹੋਣਗੇ।

ਇਹ ਸਿੱਲ ਪਿੰਡ ਭੁਲੇਰ (ਚੱਕ 119 ਆਰ ਬੀ), ਜ਼ਿਲ੍ਹਾ ਸ਼ੇਖ਼ੂਪੁਰਾ (ਹੁਣ ਜ਼ਿਲ੍ਹਾ ਨਨਕਾਣਾ ਸਾਹਿਬ) ਵਿੱਚ 1 ਸਤੰਬਰ, 1947 ਨੂੰ ਹੋਏ ਸਾਕੇ ਨੂੰ ਦਰਸਾਉਂਦੀ ਹੈ। ਇਹ ਕਸਬਾ ਨੁਮਾ ਪਿੰਡ ਇੰਨਾ ਖੁਸ਼ਹਾਲ ਸੀ ਕਿ ਮੌਜੂਦਾ ਪੰਜਾਬ ਵਿੱਚ ਅਜੇ ਵੀ ਕਈ ਪਿੰਡਾਂ ਵਿੱਚ ਉਸ ਵਰਗੀਆਂ ਸਹੂਲਤਾਂ ਨਹੀਂ ਪਹੁੰਚੀਆਂ ਹੋਣਗੀਆਂ।

ਵੰਡ ਦੇ ਐਲਾਨ ਦੌਰਾਨ ਹੀ, ਨਨਕਾਣਾ ਸਾਹਿਬ ਤੋਂ 65 ਕਿ ਮੀ ਦੀ ਦੂਰੀ ਤੇ ਸਥਿਤ ਇਸ ਨਗਰ ਵਿੱਚ ਵੀ, ਉਸ ਇਲਾਕੇ ਦੇ ਹੋਰ ਪਿੰਡਾਂ ਵਾਂਗ, ਚੋਟੀ ਦੇ ਅਕਾਲੀ ਲੀਡਰ ਪਹੁੰਚੇ। ਉਹ ਪਿੰਡ ਵਾਸੀਆਂ ਨੂੰ ਕੁਝ ਅਸਲਾ ਤੇ ਨਕਦੀ ਦੇ ਕੇ ਪਿੰਡ ਵਿੱਚ ਡਟੇ ਰਹਿਣ ਲਈ ਦ੍ਰਿੜ ਕਰਾ ਆਏ ਕਿ ਜੇ ਤੁਸੀਂ ਚਲੇ ਗਏ ਤਾਂ ਨਨਕਾਣਾ ਸਾਹਿਬ ਖਤਮ ਹੋ ਜਾਵੇਗਾ। ਜਿਉਂ ਜਿਉਂ ਕਤਲੋ-ਗਾਰਤ ਵੱਧਦੀ ਗਈ ਤਾਂ ਇਲਾਕੇ ਦਾ ਵੱਡਾ ਪਿੰਡ ਹੋਣ ਕਰਕੇ ਪੰਜ ਹੋਰ ਪਿੰਡਾਂ ਦੇ ਸਿੱਖ ਵੀ ਇਸ ਪਿੰਡ ਵਿੱਚ ਇਕੱਤਰ ਹੋ ਗਏ। ਇੱਥੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਸ ਪਿੰਡ ਵਿੱਚ ਬਹੁਤ ਵੱਡਾ ਖ਼ੂਹ ਸੀ, ਆਮ ਖ਼ੂਹਾਂ ਵਿੱਚ ਇੱਕੋ ਚਰਖੜੀ ਲੱਗੀ ਹੁੰਦੀ ਹੈ ਤੇ ਇੱਕੋ ਸਮੇਂ ਇੱਕੋ ਡੋਲ ਪਾਣੀ ਦਾ ਕੱਢਿਆ ਜਾ ਸਕਦਾ ਹੈ ਪਰ ਭੁਲੇਰ ਪਿੰਡ ਦਾ ਖ਼ੂਹ ਇੰਨਾ ਵੱਡਾ ਸੀ ਇੱਕੋ ਟਾਈਮ 'ਤੇ ਛੇ ਡੋਲ ਪਾਣੀ ਦੇ ਕੱਢੇ ਜਾ ਸਕਦੇ ਸਨ।

ਬਹੁਤ ਦਿਨਾਂ ਤੱਕ ਸਿੱਖ ਪਹਿਰੇ ਲਾ ਲਾ ਹਮਲਾਵਰਾਂ ਨੂੰ ਰੋਕਦੇ ਰਹੇ, ਫੜ-ਫੜ ਫਾਹੇ ਵੀ ਲਾਉਂਦੇ ਰਹੇ। ਹਮਲਾਵਰ ਅਗਲੇ ਹਮਲੇ ਵਿੱਚ ਪਹਿਲਾਂ ਨਾਲੋਂ ਵਧੇਰੇ ਗਿਣਤੀ ਵਿੱਚ ਆਉਂਦੇ ਪਰ ਹਰ ਵਾਰੀ ਉਹਨਾਂ ਨੂੰ ਜਾਨੀ ਨੁਕਸਾਨ ਕਰਵਾ ਭੱਜਣਾ ਪੈਂਦਾ। ਉਹਨਾਂ ਵਿੱਚ ਗੁੱਸਾ ਵੱਧਦਾ ਜਾਂਦਾ, ਅਖੀਰ ਇੱਕ ਥਾਣੇਦਾਰ ਨੇ ਚਾਰ ਥਾਣਿਆਂ ਰਾਹੀਂ ਹਮਲਾਵਰ ਇਕੱਠੇ ਕਰ ਲਿਆਂਦੇ ਅਤੇ 1 ਸਤੰਬਰ, 1947 ਨੂੰ ਅਜਿਹਾ ਕਹਿਰ ਵਾਪਰਿਆ ਕਿ ਇਨਸਾਨੀਅਤ ਖ਼ੁਦਕਸ਼ੀ ਕਰ ਗਈ।

ਸਾਹਮਣੇ ਹਾਰ ਪ੍ਰਤੱਖ ਵੇਖਦੇ ਹੋਏ ਹਮਲਾਵਰਾਂ ਦੀ ਹਵਸ ਤੋਂ ਬਚਾਉਣ ਲਈ, ਪਿਉਆਂ ਨੇ ਆਪਣੀਆਂ ਧੀਆਂ ਹੱਥੀਂ ਕਤਲ ਕਰ ਦਿੱਤੀਆਂ, ਵੀਰਾਂ ਨੇ ਭੈਣਾਂ ਦੇ ਗੋਲੀਆਂ ਮਾਰ ਦਿੱਤੀਆਂ, ਪੁੱਤਰਾਂ ਨੇ ਜਨਮ ਦੇਣ ਵਾਲੀਆਂ ਮਾਵਾਂ ਮਾਰ ਸੁੱਟੀਆਂ। ਪੰਜ ਪਿੰਡਾਂ ਦੀਆਂ ਧੀਆਂ, ਭੈਣਾਂ, ਮਾਵਾਂ ਦੀਆਂ ਲਾਸ਼ਾਂ ਨਾਲ ਛੇ ਚਰਖੜੀਆਂ ਵਾਲਾ ਖ਼ੂਹ ਵੀ ਭਰ ਗਿਆ।

ਹਮਲੇ ਵਿੱਚੋਂ ਬਚੇ ਉਸ ਪਿੰਡ ਦੇ ਕੁਝ ਕੁ ਬੰਦੇ ਚੜ੍ਹਦੇ ਪੰਜਾਬ ਵਿੱਚ ਪਹੁੰਚੇ, ਲੰਬੇ ਸਮੇਂ ਮਗਰੋਂ ਉਹਨਾਂ ਆਪਣੇ ਹੱਥੋਂ ਕਤਲ ਹੋਈਆਂ ਆਪਣੀਆਂ ਹੀ ਮਾਵਾਂ, ਭੈਣਾਂ, ਧੀਆਂ ਦੇ ਨਾਮ ਪ੍ਰਕਰਮਾ

(ਬਾਕੀ ਸਫ਼ਾ 30 'ਤੇ)

## ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ



(ਤਸਵੀਰ ਵਿਚਲੀ ਸਿੱਲ ਦਾ ਵੇਰਵਾ) : ਉੱਪਰ ਖੱਬੇ ਪਾਸੇ ਕੁਝ ਕੁ ਔਰਤਾਂ ਅਤੇ ਉਹਨਾਂ ਦਾ ਕਾਤਲਾਂ ਦੇ ਨਾਮ ਅਤੇ ਕਤਲ ਹੋਣ ਵਾਲੀਆਂ ਨਾਲ ਉਹਨਾਂ ਦਾ ਰਿਸ਼ਤਾ ਅੰਕਿਤ ਹੈ, ਉਸ ਦੇ ਥੱਲੇ ਕੁਝ ਕੁ ਉਹਨਾਂ ਬੀਬੀਆਂ ਦੇ ਨਾਮ ਦਰਜ ਹਨ ਜਿਨ੍ਹਾਂ ਨੇ ਖ਼ੁਦ ਹੀ (ਕੁਝ ਨੇ ਬੱਚਿਆਂ ਸਮੇਤ) ਖ਼ੂਹ ਵਿੱਚ ਛਾਲ ਮਾਰ ਜਾਨ ਦੀ ਆਹੂਤੀ ਦੇ ਦਿੱਤੀ। ਉਸ ਤੋਂ ਹੇਠਾਂ ਅਤੇ ਸਿੱਲ ਦੇ ਸੱਜੇ ਪਾਸੇ ਕੁਝ ਕੁ ਉਹਨਾਂ ਪਿੰਡ ਵਾਸੀਆਂ ਦੇ ਨਾਮ ਦਰਜ ਹਨ ਜੋ ਜਨੂੰਨੀਆਂ ਹੱਥੋਂ ਸ਼ਹੀਦ ਹੋ ਗਏ। ਸਾਕੇ ਵਿੱਚ ਮਰਨ ਵਾਲਿਆਂ ਵਿੱਚੋਂ ਇਹ ਨਿਗੂਣੀ ਜਿਹੀ ਗਿਣਤੀ ਅਗਰ ਇਸ ਸਿੱਲ ਤਾਂ ਨਾ ਉੱਕਰੀ ਜਾਂਦੀ ਤਾਂ ਸ਼ਾਇਦ ਇਹ ਸਾਕਾ ਸਾਡੀ ਸੁਰਤੀ ਵਿੱਚੋਂ ਪੂਰੀ ਤਰ੍ਹਾਂ ਗਾਇਬ ਹੋ ਜਾਣਾ ਸੀ, ਭਾਵੇਂ ਬਹੁਤੇ ਅਜੇ ਵੀ ਨਾਵਾਕ਼ਫ ਹਨ।

# ਸਿੱਖ ਪੰਥ ਵਿਰੁੱਧ ਬਿਰਤਾਂਤਕ ਹਿੰਸਾ ਵਿਰੁੱਧ ਪੰਥਕ ਬਿਰਤਾਂਤ ਘੜਨ ਦੀ ਲੋੜ

**ਪ੍ਰਭਸ਼ਰਨਬੀਰ ਸਿੰਘ**

1903 ਵਿੱਚ ਰੂਸੀ ਬੋਲੀ ਵਿੱਚ ਇੱਕ ਕਿਤਾਬ ਪ੍ਰਕਾਸ਼ਿਤ ਹੋਈ। ਇਸ ਕਿਤਾਬ ਦਾ ਨਾਂ ਸੀ The Protocols of the Elders of Zion.ਇਹ ਕਿਤਾਬ ਯਹੂਦੀਆਂ ਨੂੰ ਨਿਸ਼ਾਨਾ ਬਣਾ ਕੇ ਲਿਖੀ ਗਈ ਸੀ। ਇਸ ਦਾ ਮਕਸਦ ਇਹ ਸਾਬਤ ਕਰਨਾ ਸੀ ਕਿ ਪੱਛਮੀ ਮੁਲਕਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਯਹੂਦੀ ਹਨ ਅਤੇ ਯਹੂਦੀ ਸਾਰੀ ਦੁਨੀਆਂ ਉੱਤੇ ਕਬਜ਼ਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ। ਫੇਰ ਇਸ ਕਿਤਾਬ ਦੇ ਅੰਗਰੇਜ਼ੀ ਸਮੇਤ ਹੋਰਨਾਂ ਬੋਲੀਆਂ ਵਿੱਚ ਉਲਥੇ ਕਰਵਾਏ ਗਏ। ਫੋਰਡ ਮੋਟਰ ਕੰਪਨੀ ਦੇ ਬਾਨੀ ਹੈਨਰੀ ਫੋਰਡ ਨੇ ਇਸ ਕਿਤਾਬ ਦੀਆਂ ਪੰਜ ਲੱਖ ਕਾਪੀਆਂ ਆਪਣੇ ਖਰਚੇ ਉੱਤੇ ਛਪਵਾ ਕੇ ਮੁਫ਼ਤ ਵੰਡੀਆਂ। ਸਿੱਟਾ ਇਹ ਨਿਕਲਿਆ ਕਿ ਯੂਰਪ ਵਿੱਚ ਯਹੂਦੀਆਂ ਪ੍ਰਤੀ ਨਫ਼ਰਤ ਹੋਰ ਵੀ ਵਧ ਗਈ। ਇਸੇ ਨਫ਼ਰਤ ਦੀ ਲਹਿਰ 'ਤੇ ਸਵਾਰ ਹੋ ਕੇ ਹਿਟਲਰ ਨੇ ਜਰਮਨੀ ਦੀ ਸੱਤਾ ਉੱਤੇ ਕਬਜ਼ਾ ਕੀਤਾ। ਉਸ ਤੋਂ ਬਾਅਦ ਜੋ ਯਹੂਦੀਆਂ ਨਾਲ ਹੋਇਆ ਉਹ ਸਾਨੂੰ ਸਭ ਨੂੰ ਪਤਾ ਹੀ ਹੈ।

ਨਸਲਕੁਸ਼ੀਆਂ ਖ਼ਲਾਅ ਵਿਚੋਂ ਪੈਦਾ ਨਹੀਂ ਹੁੰਦੀਆਂ। ਹਰ ਨਸਲਕੁਸ਼ੀ ਦੀ ਜੜ੍ਹ ਬਿਰਤਾਂਤਕ ਹਿੰਸਾ ਵਿੱਚ ਹੁੰਦੀ ਹੈ। ਪਹਿਲਾਂ ਬਿਰਤਾਂਤ ਸਿਰਜਿਆ ਜਾਂਦਾ ਹੈ ਫੇਰ ਨਸਲਕੁਸ਼ੀ ਹੁੰਦੀ ਹੈ। ਬਿਨਾਂ ਬਿਰਤਾਂਤ ਤੋਂ ਕਦੇ ਨਸਲਕੁਸ਼ੀ ਹੋ ਹੀ ਨਹੀਂ ਸਕਦੀ। 1984 ਤੋਂ ਪਹਿਲਾਂ ਵੀ ਸਿੱਖਾਂ ਦੇ ਬਰਖ਼ਿਲਾਫ਼ ਇੱਕ ਬਿਰਤਾਂਤ ਸਿਰਜਿਆ ਗਿਆ। ਇਸ ਬਿਰਤਾਂਤ ਦੀ ਉਸਾਰੀ ਭਾਰਤੀ ਸਰਕਾਰ ਅਤੇ ਖੱਬੇ ਪੱਖੀਆਂ ਨੇ ਮਿਲ ਕੇ ਕੀਤੀ। ਖੱਬੇ ਪੱਖੀਆਂ ਤੋਂ ਬਿਨਾਂ ਭਾਰਤ ਸਰਕਾਰ ਇਹ ਬਿਰਤਾਂਤ ਸਿਰਜ ਨਹੀਂ ਸੀ ਸਕਦੀ। ਇਸ ਬਿਰਤਾਂਤ ਦਾ ਮੁੱਖ ਆਧਾਰ ਇਸ ਗੱਲ ਨੂੰ ਬਣਾਇਆ ਗਿਆ ਕਿ ਭਾਰਤ ਅੰਦਰ ਸਿੱਖਾਂ ਖ਼ਿਲਾਫ਼ ਕੋਈ ਸਾਜ਼ਿਸ਼ ਨਹੀਂ ਹੋ ਰਹੀ ਸਿੱਖ ਐਂਵੇ ਹੀ ਰੌਲਾ ਪਾ ਰਹੇ ਹਨ ਕਿਉਂਕਿ ਖੱਬੇ ਪੱਖੀਆਂ ਦਾ ਪੰਜਾਬ ਦੇ ਬੌਧਿਕ ਅਤੇ ਸਾਹਿਤਿਕ ਹਲਕਿਆਂ ਉੱਤੇ ਦਬਦਬਾ ਸੀ, ਇਸ ਲਈ ਸਿੱਖਾਂ ਤੋਂ ਇਸ ਦਾ ਝੂਠੇ ਬਿਰਤਾਂਤ ਦਾ ਢੁਕਵਾਂ ਜੁਆਬ ਨਹੀਂ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਸਿੱਖਾਂ ਦੇ ਪਾਵਨ ਅਸਥਾਨਾਂ ਉੱਤੇ ਹਮਲੇ ਕੀਤੇ, ਦਿੱਲੀ ਦੀਆਂ ਸੜਕਾਂ ਉੱਤੇ ਸਿੱਖਾਂ ਦੇ ਗਲ਼ਾਂ ਵਿੱਚ ਟਾਇਰ ਪਾ ਕੇ ਸਾੜੇ ਗਏ, ਸਰੂਆਂ ਵਰਗੇ ਜੁਆਨ ਪੁੱਤ ਘਰਾਂ ਵਿਚੋਂ ਚੱਕ ਚੱਕ ਕੇ ਖਪਾ ਦਿੱਤੇ। ਇਹ ਸਭ ਕੁੱਝ ਕਰਕੇ ਵੀ ਸਰਕਾਰ ਨੇ ਆਪਣੇ ਆਪ ਨੂੰ ਸ਼ਾਂਤੀ ਦਾ ਮਸੀਹਾ ਗਰਦਾਨ ਲਿਆ। ਕੋਈ ਵੀ ਸਰਕਾਰ ਅੱਜ ਤੱਕ ਅਜਿਹਾ ਮਾਅਰਕਾ ਨਹੀਂ ਮਾਰ ਸਕੀ। ਇਹ ਪੰਜਾਬ ਦੇ ਖੱਬੇ ਪੱਖੀਆਂ ਦੀ ਹੀ ਦੇਣ ਸੀ ਕਿ ਉਹਨਾਂ ਦੇ ਬਿਰਤਾਂਤ ਨੇ ਸਰਕਾਰ ਨੂੰ ਇਸ ਕਾਬਲ ਬਣਾਇਆ। ਸਿਰਫ਼ ਏਨਾ ਹੀ ਨਹੀਂ, ਸਰਕਾਰ ਨੇ ਸਿੱਖਾਂ ਦੀ ਨਸਲਕੁਸ਼ੀ ਉੱਤੇ ਹੀ ਬੱਸ ਨਹੀਂ ਕੀਤੀ, ਇਸ ਤੋਂ ਵੀ ਅੱਗੇ ਜਾਂਦਿਆਂ ਸਿੱਖਾਂ ਨੂੰ ਇਸ ਸਭ ਲਈ ਜ਼ਿੰਮੇਵਾਰ ਵੀ ਠਹਿਰਾ ਦਿੱਤਾ ਤੇ ਬੱਸ ਅਜੇ ਵੀ ਨਹੀਂ ਕੀਤੀ। ਹੁਣ ਅਗਲੀ ਨਸਲਕੁਸ਼ੀ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਨਸਲਕੁਸ਼ੀ ਤੋਂ ਪਹਿਲਾਂ ਇਹ ਜਰੂਰੀ ਹੈ ਕਿ ਸਿੱਖਾਂ ਨੂੰ ਜਾਤੀਵਾਦੀ, ਫਿਰਕਾਪ੍ਰਸਤ ਸਿੱਧ ਕੀਤਾ ਜਾਵੇ। ਸਰਕਾਰ ਦੇ ਇਸ ਕੰਮ ਵਿੱਚ ਖੱਬੇਪੱਖੀ ਤੇ ਸੈਕੁਲਰ ਲਾਣਾ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ। ਗੱਲ ਇਹ ਨਹੀਂ ਕਿ ਸਿੱਖਾਂ ਵਿੱਚ ਜਾਤ ਪਾਤ ਹੈ ਜਾਂ ਨਹੀਂ। ਜਾਤ ਪਾਤ ਤਾਂ ਦੱਖਣੀ ਏਸ਼ੀਆ ਦੇ ਸਾਰੇ ਖਿੱਤਿਆਂ ਅਤੇ ਕੌਮਾਂ ਵਿੱਚ ਹੈ। ਪਰ ਇਹਨਾਂ ਨੂੰ ਸਿਰਫ਼ ਸਿੱਖਾਂ ਵਿੱਚ ਹੀ ਦਿਸਦਾ ਹੈ। ਤੁਸੀਂ ਕਦੇ ਸੁਣਿਆ ਹੈ ਕਿ ਪੰਜਾਬ ਦੀ ਕਿਸੇ ਖੱਬੇਪੱਖੀ ਧਿਰ ਨੇ ਪੰਜਾਬ ਦੇ ਬ੍ਰਾਹਮਣਾਂ ਵਿਚਲੇ ਜਾਤੀਵਾਦ ਵਿਰੁੱਧ ਕੋਈ ਜਨਤਕ ਲਹਿਰ ਚਲਾਈ ਹੋਵੇ? ਨਹੀਂ ਚਲਾਈ, ਕਿਉਂਕਿ ਇਸ ਕੰਮ ਵਿੱਚ ਸਿੱਖਾਂ ਨੂੰ ਭੰਡਣ ਲਈ ਦੋਵੇਂ ਇਕੱਠੇ ਹਨ।



ਸਿੱਖਾਂ ਦੀ ਤ੍ਰਾਸਦੀ ਇਹ ਹੈ ਕਿ ਸਿੱਖਾਂ ਨੂੰ ਮਾਰਨ ਲਈ ਕੱਟੜ ਹਿੰਦੂਵਾਦੀ ਅਤੇ ਖੱਬੇਪੱਖੀ ਦੋਵੇਂ ਇਕੱਠੇ ਹੋ ਜਾਂਦੇ ਹਨ। ਬੀ ਜੇ ਪੀ ਹਿੰਦੂਤਵ ਦਾ ਸਿੱਧਾ ਰੂਪ ਹੈ ਅਤੇ ਕਾਂਗਰਸ ਤੇ ਹੋਰ ਸੈਕੁਲਰ ਧਿਰਾਂ ਲੁਕਵਾਂ ਰੂਪ ਹਨ। ਕਾਂਗਰਸ ਤੇ ਖੱਬੇਪੱਖੀ ਗੁਪਤ ਰੂਪ ਵਿੱਚ ਹਿੰਦੂਤਵ ਦੇ ਏਜੰਡੇ ਨੂੰ ਹੀ ਅੱਗੇ ਵਧਾਉਂਦੇ ਹਨ। ਇਹਨਾਂ ਦਾ ਹਿੰਦੂਤਵ ਮੋਹਨ ਦਾਸ ਗਾਂਧੀ, ਜਵਾਹਰਲਾਲ ਨਹਿਰੂ ਅਤੇ ਇੰਦਰਾ ਗਾਂਧੀ ਵਾਲਾ ਹੈ। ਪੰਜਾਬ ਦੇ ਬੌਧਿਕ ਅਤੇ ਸਾਹਿਤਿਕ ਹਲਕਿਆਂ ਉੱਤੇ ਇਹਨਾਂ ਦੀ ਵੱਡੀ ਅਜਾਰੇਦਾਰੀ ਅਤੇ ਸਿੱਖਾਂ ਦੀ ਲਗਭਗ ਗੈਰ ਹਾਜ਼ਰੀ ਕਾਰਨ ਇਹਨਾਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ। ਵੱਡਾ ਸੁਆਲ ਇਹ ਹੈ ਕਿ ਇਹਨਾਂ ਹਾਲਾਤਾਂ ਵਿੱਚ ਕੀਤਾ ਕੀ ਜਾ ਸਕਦਾ ਹੈ?

ਇਹ ਸਮਝਣ ਦੀ ਲੋੜ ਹੈ ਕਿ ਬਿਰਤਾਂਤ ਵੀ ਇੱਕ ਹਥਿਆਰ ਹੈ। ਅੱਜ ਇਸ ਹਥਿਆਰ ਦੀ ਵਰਤੋਂ ਬਿਨਾਂ ਕੋਈ ਵੀ ਲੜਾਈ ਨਹੀਂ ਜਿੱਤੀ ਜਾ ਸਕਦੀ। ਫੌਜੀ ਤਾਕਤ ਵਿੱਚ ਭਾਵੇਂ ਫ਼ਲਸਤੀਨੀ ਇਸਰਾਈਲ ਦਾ ਮੁਕਾਬਲਾ ਨਹੀਂ ਕਰ ਸਕਦੇ, ਪਰ ਬਿਰਤਾਂਤ ਦੀ ਲੜਾਈ ਉਹਨਾਂ ਨੇ ਤਸੱਲੀ ਨਾਲ ਜਿੱਤੀ ਹੈ। ਇਸੇ ਲਈ ਜਦੋਂ ਸੰਯੁਕਤ ਰਾਸ਼ਟਰ ਵਿੱਚ ਫ਼ਲਸਤੀਨ ਦੇ ਮਸਲੇ ਉੱਤੇ ਵੋਟ ਪੈਂਦੀ ਹੈ ਤਾਂ 137 ਮੁਲਕ ਉਸ ਦੇ ਹੱਕ ਵਿੱਚ ਭੁਗਤਦੇ ਹਨ। ਇਸ ਬਿਰਤਾਂਤਕ ਜਿੱਤ ਦਾ ਅਸਲ ਕਾਰਨ ਮੁਸਲਮਾਨ ਵਿਦਵਾਨਾਂ ਦੀ ਬੌਧਿਕ ਕਾਬਲੀਅਤ ਹੈ। ਇਸ ਕਾਬਲੀਅਤ ਬਿਨਾਂ ਫ਼ਲਸਤੀਨ ਦਾ ਸੱਚ ਦੁਨੀਆਂ ਦੇ ਸਾਹਮਣੇ ਨਹੀਂ ਸੀ ਆਉਣਾ ਅਤੇ ਇਸਰਾਈਲ ਨੇ ਉਹਨਾਂ ਨੂੰ ਮਾਰਨਾ ਵੀ ਸੀ ਤੇ ਦੋਸ਼ੀ ਵੀ ਸਾਬਤ ਕਰਨਾ ਸੀ। ਪੰਜਾਬ ਵਿੱਚ ਇਹੀ ਹੋਇਆ ਹੈ। ਦੂਜੀ ਮਿਸਾਲ ਕਸ਼ਮੀਰ ਦੀ ਲਈ ਜਾ ਸਕਦੀ ਹੈ। ਭਾਵੇਂ ਅੱਜ ਕਸ਼ਮੀਰ ਫੌਜੀ ਤੌਰ 'ਤੇ ਲਿਤਾੜਿਆ ਜਾ ਰਿਹੈ ਪਰ ਬਿਰਤਾਂਤ ਦੀ ਲੜਾਈ ਅਜੇ ਤੱਕ ਕਸ਼ਮੀਰੀਆਂ ਨੇ ਹੀ ਜਿੱਤੀ ਹੈ, ਕੱਲ ਦਾ ਪਤਾ ਨਹੀਂ। ਕਾਰਨ ਉਹੋ ਹੀ ਹੈ। ਕਸ਼ਮੀਰੀਆਂ ਦਾ ਪੱਛਮੀ ਤਰੀਕੇ ਦੀਆਂ ਸਿੱਖਿਆ ਸੰਸਥਾਵਾਂ ਵਿਚੋਂ ਸਿਖਿਅਤ ਵਰਗ ਕਸ਼ਮੀਰ ਦੀ ਆਜ਼ਾਦੀ ਦੀ ਹਮਾਇਤ ਕਰਦਾ ਹੈ। ਪਰ ਪੰਜਾਬ ਦਾ ਸਿਖਿਅਤ ਵਰਗ ਪੰਜਾਬ ਦੇ ਹਮੇਸ਼ਾ ਉਲਟ ਹੀ ਚਲਦਾ ਹੈ। ਇਹ ਸੋਚਣ ਵਾਲੀ ਗੱਲ ਹੈ ਕਿ ਜੇ ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਵੀ ਮੁਸਲਮਾਨ ਵਿਦਿਆਰਥੀ ਪੱਛਮੀ ਸਾਮਰਾਜਵਾਦ ਦਾ ਵਿਰੋਧ ਕਰਦੇ ਹਨ, ਇਸਰਾਈਲ ਦੇ ਵਿਰੋਧ ਵਿੱਚ ਖੜ੍ਹਦੇ ਹਨ ਤਾਂ ਸਿੱਖ ਅਜਿਹਾ ਕਿਉਂ ਨਹੀਂ ਕਰ ਸਕਦੇ। ਇਸ ਘੁੰਡੀ ਨੂੰ ਸਮਝਣ ਨਾਲ ਸਾਡੇ ਭਵਿੱਖ ਦੀ ਤੰਦ ਜੁੜੀ ਹੋਈ ਹੈ।

ਗੱਲ ਇਹ ਹੈ ਕਿ ਮਸਲਾ ਪੱਛਮੀ ਵਿੱਦਿਆ ਦਾ ਨਹੀਂ, ਮਸਲਾ ਉਸ ਵਿੱਦਿਆ ਨੂੰ ਪ੍ਰਾਪਤ ਕਰਨ ਵਾਲਿਆਂ ਦੀ ਪਰਪੱਕਤਾ ਦਾ ਹੈ। ਜੇ ਤਲਵਾਰ ਨੂੰ ਤਲਵਾਰ ਨਾਲ ਹੀ ਕੱਟਿਆ ਜਾ ਸਕਦੈ ਤਾਂ ਬਿਰਤਾਂਤ ਨੂੰ ਵੀ ਬਿਰਤਾਂਤ ਨਾਲ ਹੀ ਕੱਟਿਆ ਜਾ ਸਕਦੈ। ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਇਥੇ ਕਿਰਪਾਨ ਚਲਾਉਣ ਵਾਲਿਆਂ ਨੇ ਕਦੇ ਢਿੱਲ ਨਹੀਂ ਦਿਖਾਈ ਪਰ ਬਿਰਤਾਂਤ ਸਿਰਜਣਾ ਦਾ ਅਮਲ ਅਜੇ ਬਹੁਤ ਪਿਛੇ ਹੈ। ਕਿਰਪਾਨ ਤੇ ਬਿਰਤਾਂਤ ਨਾ ਇੱਕ ਦੂਜੇ ਦੇ ਵਿਰੋਧੀ ਹਨ ਅਤੇ ਨਾ ਹੀ ਉਹ ਇੱਕ ਦੂਜੇ ਦੀ ਥਾਂ ਲੈ ਸਕਦੇ ਹਨ। ਉਹ ਇੱਕ ਦੂਜੇ ਦੇ ਪੂਰਕ ਹਨ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ਫ਼ਰਨਾਮੇ ਦੀ ਸਿਰਜਣਾ ਕੀਤੇ ਜਾਣਾ ਵੀ ਇਸੇ ਰਮਜ਼ ਦੀ ਦੱਸ ਪਾਉਂਦਾ ਹੈ। ਇਹ ਵੇਲਾ ਬਿਰਤਾਂਤਕ ਸ਼ਕਤੀ ਦੀ ਸਿਰਜਣਾ ਦਾ ਵੇਲਾ ਹੈ। ਇਸ ਸ਼ਕਤੀ ਤੋਂ ਬਿਨਾਂ ਸਾਡੇ ਸੰਘਰਸ਼ ਹਮੇਸ਼ਾ ਹਾਰਦੇ ਰਹਿਣਗੇ।

ਇਹ ਸ਼ਕਤੀ ਪੈਦਾ ਕਰਨ ਲਈ ਕੀ ਕੀਤਾ ਜਾਵੇ?

ਪ੍ਰੋ ਪੂਰਨ ਸਿੰਘ ਅਨੁਸਾਰ ਇਹ ਸ਼ਕਤੀ ਕਲਾਧਾਰੀ ਹੋਇਆਂ ਹੀ ਪੈਦਾ ਹੋ ਸਕਦੀ ਹੈ। ਹਰ ਕਿਸੇ ਅੰਦਰ ਵਾਹਿਗੁਰੂ ਨੇ ਕੋਈ ਨਾ ਕੋਈ ਕਲਾ ਬਖਸ਼ਿਸ਼ ਕੀਤੀ ਹੈ। ਲੋੜ ਉਸ ਕਲਾ ਨੂੰ ਪਛਾਣ ਕੇ ਤਰਾਸ਼ਣ ਦੀ ਹੀ ਹੁੰਦੀ ਹੈ। ਕਿਸੇ ਅੰਦਰ ਗਾਉਣ ਦੀ ਕਲਾ ਹੈ, ਕਿਸੇ ਅੰਦਰ ਗੀਤ ਲਿਖਣ ਦੀ, ਕੋਈ ਚੰਗਾ ਬੁਲਾਰਾ ਹੋ ਸਕਦੈ ਤੇ ਕੋਈ ਹੋਰ ਚੰਗਾ ਪ੍ਰਬੰਧਕ। ਕਿਸੇ ਨੂੰ ਫਿਲਮ ਬਣਾਉਣੀ ਆਉਂਦੀ ਹੈ ਤੇ ਕਿਸੇ ਹੋਰ ਕੋਲ ਉਸ ਫਿਲਮ ਦੇ ਵਿਸ਼ੇ ਅਨੁਸਾਰ ਸੰਗੀਤ ਪੈਦਾ ਕਰਨ ਦੀ ਕਲਾ ਹੁੰਦੀ ਹੈ। ਆਪਣੀ ਆਪਣੀ ਕਲਾ ਦੇ ਖੇਤਰ ਵਿੱਚ ਉੱਤਮਤਾ ਹਾਸਲ ਕਰਕੇ ਹੀ ਕੋਈ ਯੋਗਦਾਨ ਪਾਇਆ ਜਾ ਸਕਦੈ। ਜਿੰਨੀ ਸਾਡੀ ਕਲਾ ਵਿੱਚ ਨਿਪੁੰਨਤਾ ਹੋਵੇਗੀ, ਓਨਾ ਹੀ ਵੱਡਾ ਅਸੀਂ ਕੁਝ ਪੇਸ਼ ਕਰ ਸਕਾਂਗੇ। ਪਰ ਅਜਿਹੀ ਕਲਾ ਪ੍ਰਾਪਤ ਕਰਨ ਲਈ ਜਿੰਦਗੀ ਗਾਲਨੀ ਪੈਂਦੀ ਹੈ। ਇਹ ਦਿਨਾਂ ਵਿੱਚ ਨਹੀਂ ਆਉਂਦੀ। ਵਰ੍ਹਿਆਂ ਦੇ ਵਰ੍ਹੇ ਲੱਗ ਜਾਂਦੇ ਹਨ। ਸੀਰੀਅਨ ਫਿਲਮ ਨਿਰਦੇਸ਼ਕ ਮੁਸਤਫ਼ਾ ਅਕੜ ਨੇ ਲੀਬੀਆ ਦੀ ਜੰਗ-ਏ-ਆਜ਼ਾਦੀ ਬਾਰੇ 1981 ਵਿੱਚ ਇੱਕ ਫਿਲਮ ਬਣਾਈ ਲਿਈਨ ਆਫ਼ ਡੀਜਰਟ. ਅੱਜ ਤੱਕ

(ਬਾਕੀ ਸਫ਼ਾ 30 'ਤੇ)

## 23 ਮਈ ਇਤਿਹਾਸਕ ਦਿਨ 'ਤੇ ਵਿਸ਼ੇਸ਼

# ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ


ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550





ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਕਾਮਾਗਾਟਾ ਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ। ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫ਼ਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। ਦਰਅਸਲ 109 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਰਾਂ ਵਾਲੇ ਸਮੁੰਦਰੀ ਬੇੜੇ 'ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ), ਜਿਸ ਨੂੰ ਉਸ ਦੇ ਜਾਪਾਨੀ ਨਾਂਅ ਕਾਮਾਗਾਟਾ ਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਜਬਰੀ ਭਾਰਤ ਵਾਪਸ ਮੋੜ ਦਿੱਤਾ ਸੀ। ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਦੇ ਮੁਸਾਫ਼ਰਾਂ ਨੇ ਨਸਲਵਾਦ ਹੰਢਾਇਆ, ਉਹ ਬਸਤੀਵਾਦ ਦੇ ਖ਼ਿਲਾਫ਼ ਲੜੇ।

ਦਰਅਸਲ ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ। ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫ਼ਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। ਦਰਅਸਲ 108 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਨੂੰ ਜਬਰੀ ਵਾਪਸ ਮੋੜ ਦਿੱਤਾ ਸੀ।

ਇਹ ਸਮੁੰਦਰੀ ਬੇੜਾ ਜਾਪਾਨ ਤੋਂ ਖ਼ਰੀਦਣ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਇਸ ਦਾ ਨਾਂ 'ਸ੍ਰੀ ਗੁਰੂ ਨਾਨਕ ਜਹਾਜ਼' ਰੱਖਿਆ ਸੀ, ਜਿਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਉਨ੍ਹਾਂ ਆਤਮ-ਕਥਾ (ਜ਼ੁਲਮੀ ਕਥਾ) 'ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ' ਵਿੱਚ ਬਿਆਨ ਕੀਤੀ ਹੈ। ਚਾਹੇ ਬਹੁਤ ਸਾਰੇ ਇਤਿਹਾਸਕਾਰਾਂ ਵੱਲੋਂ ਅੱਜ ਵੀ ਜਾਣ-ਬੁੱਝ ਕੇ ਜਾਂ ਅਨਜਾਣੇ ਵਿੱਚ ਇਸ ਨੂੰ ਜਾਪਾਨੀ ਨਾਂਅ ਕਾਮਾਗਾਟਾਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਪਰ ਜਹਾਜ਼ ਖ਼ਰੀਦਣ ਮਗਰੋਂ ਇਸ ਦਾ ਨਾਮ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ ਸੀ। ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਇਥੇ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। ਜ਼ੁਲਮ ਸਿਤਮ ਦੀ ਇਹ ਹੱਦ ਸੀ ਕਿ ਮੁਸਾਫ਼ਰਾਂ ਨਾਲ ਅਣਮਨੁੱਖੀ ਵਰਤਾਉ ਕੀਤਾ ਗਿਆ ਤੇ ਇਕ ਹੋਰ ਜਹਾਜ਼ ਰਾਹੀਂ ਹਮਲਾ ਕਰਕੇ, ਕਾਮਾਗਾਟਾਮਾਰੂ ਬੇੜੇ ਨੂੰ ਡੋਬਣ ਦੀ ਵੀ ਸਾਜ਼ਿਸ਼ ਰਚੀ ਗਈ।

ਨਸਲੀ ਵਰਤਾਓ ਤੇ ਧੱਕੇਸ਼ਾਹੀ ਕਰਦਿਆਂ ਜਹਾਜ਼ ਨੂੰ ਭਾਰਤ ਵਾਪਸ ਮੋੜ ਦਿੱਤਾ ਗਿਆ, ਜਿਥੇ 28 ਸਤੰਬਰ 1914 ਨੂੰ ਕਲਕੱਤੇ ਦੇ ਬਜਬਜ ਘਾਟ 'ਤੇ ਬ੍ਰਿਟਿਸ਼ ਸਰਕਾਰ ਵੱਲੋਂ ਮੁਸਾਫ਼ਰਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਨਤੀਜੇ ਵਜੋਂ 19 ਵਿਅਕਤੀ ਸ਼ਹੀਦ ਹੋ ਗਏ ਤੇ ਅਨੇਕਾਂ ਨੂੰ ਸਖ਼ਤ ਸਜ਼ਾਵਾਂ ਹੋਈਆਂ। ਕੈਨੇਡਾ ਦੀ ਧਰਤੀ 'ਤੇ ਕਾਮਾਗਾਟਾਮਾਰੂ ਦੁਖਾਂਤ ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਗ਼ਦਰੀ ਬਾਬਿਆਂ ਦੀ ਸੋਚ ਵਿਰੋਧੀ ਨਕਲੀ ਵਾਰਸਾਂ ਨੇ ਚਾਹੇ ਮੁਆਵਜ਼ੇ ਤੱਕ ਸਵੀਕਾਰ ਕਰ ਲਏ, ਪਰ ਅਸਲੀ ਵਾਰਸਾਂ ਵੱਲੋਂ ਮੁਆਵਜ਼ੇ ਦੀ ਪੇਸ਼ਕਸ਼ ਠੁਕਰਾ ਕੇ, ਮੁਆਫ਼ੀ ਲਈ ਹੀ ਆਵਾਜ਼ ਉਠਾਈ ਗਈ। ਗ਼ਦਰੀ ਬਾਬਿਆਂ ਦੇ ਮੇਲੇ 'ਚ ਆ ਕੇ ਚਾਹੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਮੁਆਫ਼ੀ ਮੰਗੀ, ਪਰ ਕੈਨੇਡਾ ਦੀ ਪਾਰਲੀਮੈਂਟ 'ਚ ਅਜਿਹਾ ਸੰਭਵ ਨਾ ਹੋਇਆ,ਹਾਲਾਂ ਕਿ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਵਿਧਾਨ ਸਭਾ 'ਚ ਪਹਿਲਾਂ ਹੀ ਅਜਿਹਾ ਕੀਤਾ ਗਿਆ। ਆਖ਼ਰਕਾਰ ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਦੇ ਜਸ਼ਨਾਂ ਮੌਕੇ ਮੁਆਫ਼ੀ ਮੰਗਣ ਲਈ 18 ਮਈ, 2016 ਦੇ ਦਿਨ ਦਾ ਐਲਾਨ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ, ਜਿਸ ਦਾ ਸਭ ਪਾਸਿਓਂ ਸਵਾਗਤ ਹੋਇਆ। ਕੈਨੇਡਾ ਦੀ ਪਾਰਲੀਮੈਂਟ 'ਚ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ ਇਥੇ ਵਸੇ ਪਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਸੰਸਾਰ ਭਰ 'ਚ ਆਮ ਕਰਕੇ ਅਤੇ ਭਾਰਤ 'ਚ ਖ਼ਾਸ ਕਰਕੇ ਕੈਨੇਡਾ ਦੀ ਪਾਰਲੀਮੈਂਟ 'ਚ ਮੁਆਫ਼ੀ ਮੰਗੇ ਜਾਣ ਦੀ ਚਰਚਾ ਕੀਤੀ ਗਈ ਅਤੇ ਇਸ ਸਬੰਧੀ ਵੱਖ -ਵੱਖ ਸਰਕਾਰਾਂ ਨੇ ਬਿਆਨ ਵੀ ਦਰਜ ਕੀਤੇ । ਜਿਥੇ ਇਹ ਚੰਗੀ ਗੱਲ ਸੀ, ਉਥੇ ਇਸ ਤੋਂ ਸਬਕ ਸਿੱਖਣ ਦੀ ਵੀ ਲੋੜ ਹੈ। ਜੇਕਰ ਕੈਨੇਡਾ 'ਚੋਂ ਕਾਮਾਗਾਟਾਮਾਰੂ ਜਹਾਜ਼ ਵਾਪਸ ਮੋੜਿਆ ਗਿਆ, ਤਾਂ ਕੈਨੇਡਾ ਨੇ ਉਸ ਗ਼ਲਤੀ ਦਾ ਸੰਸਦ 'ਚ ਪਛਤਾਵਾ ਕੀਤਾ ਹੈ।

ਕੈਨੇਡਾ ਤੋਂ ਭਾਰਤ ਪੁੱਜਣ 'ਤੇ ਇਸ ਜਹਾਜ਼ ਦੇ 19 ਮੁਸਾਫ਼ਰਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਇਹ ਉਸ ਤੋਂ ਵੀ ਵੱਡਾ ਦੁਖਾਂਤ ਸੀ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਕਾਮਾਗਾਟਾਮਾਰੂ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫ਼ਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਪਰ ਦੁੱਖ ਅਤੇ ਸ਼ਰਮ ਦੀ ਗੱਲ ਇਹ ਹੈ ਕਿ ਭਾਰਤ ਦੀ ਨਾ ਕੇਂਦਰੀ ਸਰਕਾਰ ਤੇ ਨਾ ਹੀ ਪੰਜਾਬ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਯਾਦ ਤੱਕ ਕੀਤਾ। ਸ਼ੇਰਾਂ ਦੀਆਂ ਮਾਰਾਂ ਅਤੇ ਗਿੱਦੜਾਂ ਦੀਆਂ ਕਲੋਲਾਂ ਦੇ ਕਥਨ ਵਾਂਗ ਜਿਨ੍ਹਾਂ ਯੋਧਿਆਂ ਦੀਆਂ ਸ਼ਹੀਦੀਆਂ ਕਰਕੇ ਇਹ ਕੁਰਸੀਆਂ ਮਿਲੀਆਂ, ਉਨ੍ਹਾਂ ਦੇ ਦਿਨ ਵਿਸਾਰ ਕੇ 'ਆਪਣੇ ਸਿਆਸੀ ਆਕਾਵਾਂ' ਦੇ ਸੋਹਲੇ ਗਾਏ ਜਾ ਰਹੇ ਹਨ। ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ। ਕੇਂਦਰ ਵਿੱਚ ਭਾਜਪਾ ਸਰਕਾਰ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ, ਵਿਰੋਧੀ ਧਿਰਾਂ ਵਿੱਚ ਕਾਂਗਰਸ ਤੇ ਇੱਥੋਂ ਤੱਕ ਕਿ ਅਕਾਲੀ ਦਲ ਦੇ ਵੱਲੋਂ ਵੀ, ਇਨ੍ਹਾਂ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਦੀ ਲੋੜ ਨਹੀਂ ਸਮਝੀ ਗਈ। ਕਈ ਵਾਰ ਤਾਂ ਇਉਂ ਜਾਪਦਾ ਹੈ ਕਿ ਗੁਰੂ ਨਾਨਕ ਜਹਾਜ਼ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਗੱਲ ਕਰਕੇ ਸਰਕਾਰ ਦਾ ਸਿਆਸੀ ਮੁਫ਼ਾਦ ਪੂਰਾ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਵਿਸਾਰਿਆ ਗਿਆ ਹੈ, ਜੋ ਕਿ ਇਤਿਹਾਸਕ ਭੁੱਲ ਹੈ। ਇਸ ਗ਼ਲਤ ਦਾ ਦੁੱਖ ਜ਼ਰੂਰ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਦੇ ਨਾਲ-ਨਾਲ ਬਹੁਤਾਤ ਮੀਡੀਏ ਨੇ, ਭਾਰਤੀਆਂ ਨੇ ਅਤੇ



ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਵੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਇਉਂ ਹੀ ਵਿਸਾਰ ਦਿੱਤਾ ਹੈ।

ਭਾਰਤ ਦੀ ਪਾਰਲੀਮੈਂਟ ਜਾਂ ਪੰਜਾਬ ਅਸੈਂਬਲੀ ਵਿੱਚ ਸ਼ੋਕਮਈ ਮਤੇ ਪਾਸ ਕੀਤੇ ਜਾਣਾ ਤਾਂ ਦੂਰ ਦੀ ਗੱਲ ਹੈ। ਇਉਂ ਇਹ ਸਾਰੇ ਸਿਆਸਤਦਾਨ ਇਤਿਹਾਸ ਦੇ ਦੋਸ਼ੀ ਹਨ। ਗੁਰੂ ਨਾਨਕ ਜਹਾਜ਼ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਗੁਨਾਹਗਾਰ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਕਾਮਾਗਾਟਾਮਾਰੂ ਦੇ ਲਗਭਗ ਸਾਰੇ ਮੁਸਾਫ਼ਰ ਅਣਵੰਡੇ ਪੰਜਾਬ ਨਾਲ ਸਬੰਧਿਤ ਸਨ। ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਕਾਮਾਗਾਟਾਮਾਰੂ ਦੀ ਕੈਨੇਡਾ 'ਚ ਮੰਗੀ ਮੁਆਫ਼ੀ ਦਾ ਸਾਡੇ ਲੀਡਰਾਂ ਵੱਲੋਂ ਸਵਾਗਤ ਅਰਥ ਰੱਖਦਾ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ।

ਸ਼ਹੀਦਾਂ ਨੂੰ ਯਾਦ ਕਰਨ ਅਤੇ ਇਤਿਹਾਸਕ ਗੁਨਾਹਾਂ ਦੀਆਂ ਮੁਆਫ਼ੀਆਂ ਮੰਗਣ ਦੇ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪਰਵਾਸੀਆਂ ਨਾਲ ਰੰਗ ਨਸਲ ਜਾਤ ਧਰਮ ਅਤੇ ਬੋਲੀ ਦੇ ਆਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਗੁਰੂ ਨਾਨਕ ਜਹਾਜ਼ ਬਨਾਮ ਕਾਮਾਗਾਟਾ ਮਾਰੂ ਦੇ 376 ਮੁਸਾਫ਼ਰਾਂ ਵਿੱਚ 337 ਸਿੱਖਾਂ ਤੋਂ ਇਲਾਵਾ 12 ਹਿੰਦੂ ਅਤੇ 27 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ -ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖ਼ਿਲਾਫ਼ ਲੜੇ।

ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਦੇ ਮੁਸਾਫ਼ਰਾਂ ਦਾ ਸਾਂਝਾ ਸੰਘਰਸ਼ ਇਸ ਗੱਲ ਦਾ ਵੀ ਸੂਚਕ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਜਿਸ ਤਰੀਕੇ ਨਾਲ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ। ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖ਼ਿਲਾਫ਼ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਹੋਏ ਅਨਿਆਂ ਸਬੰਧੀ ਆਵਾਜ਼ ਉਠਾਉਣਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਆਪਣੇ- ਆਪ ਵਿੱਚ ਇਹ ਦੋਗਲੀ ਨੀਤੀ ਤੋਂ ਵੱਧ ਕੁਝ ਨਹੀਂ ਹੈ। ਬੀਤੇ ਸਮੇਂ ਦਾ ਕੈਨੇਡਾ ਅੱਜ ਮਨੁੱਖੀ ਹੱਕਾਂ ਦਾ ਚੈਂਪੀਅਨ ਅਖਵਾਉਂਦਾ ਹੈ, ਪਰ ਬੀਤੇ ਸਮੇਂ ਦੀ ਬਸਤੀ ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਕਾਮਾਗਾਟਾਮਾਰੂ ਦੁਖਾਂਤ ਨੂੰ ਜਨਮ ਦੇ ਸਕਦੇ ਹਨ।

ਨਵ ਬਸਤੀਵਾਦ ਦੀ ਧਾਰਨੀ ਭਾਰਤ ਦੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫ਼ੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ, ਜੋ ਕਿਸੇ ਹੋਰ ਕਾਮਾਗਾਟਾਮਾਰੂ ਦੇ ਦੁਖਾਂਤ ਤੋਂ ਘੱਟ ਨਹੀਂ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ ਸਵਰਕਰ ਦੇ ਪੈਰੋਕਾਰ ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ। ਸਮੁੱਚੇ ਰੂਪ ਵਿੱਚ ਗੁਰੂ ਨਾਨਕ ਜਹਾਜ਼ ਦੇ ਜਿਨ੍ਹਾਂ ਮੁਸਾਫ਼ਰਾਂ ਨੇ ਸ਼ਹੀਦੀਆਂ ਪਾਈਆਂ, ਉਨ੍ਹਾਂ ਦਾ ਸੁਨਹਿਰੀ ਇਤਿਹਾਸ ਸਦਾ ਮਾਰਗ ਦਰਸ਼ਨ ਕਰਦਾ ਰਹੇਗਾ।



# ਗਦਰ ਲਹਿਰ ਦਾ ਬਾਗੀ ਨਾਇਕ ਕਰਤਾਰ ਸਿੰਘ ਸਰਾਭਾ

(24 ਮਈ 1896 ਜਨਮ ਦਿਵਸ 'ਤੇ ਵਿਸ਼ੇਸ਼ )



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗਦਰ ਲਹਿਰ ਅਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਆਰੰਭ 25 ਜੂਨ 1913 ਵਿੱਚ ਅਮਰੀਕਾ 'ਚ ਹੋਇਆ। ਜਿਸ ਵਿੱਚ ਹਿੰਦੀ ਮਿਹਨਤਕਸ਼, ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅਜ਼ਾਦੀ ਦੀ ਲੜਾਈ ਵਿੱਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸ ਨੇ ਹਿੰਦੀਆਂ ਦੇ ਖ਼ੂਨ ਵਿੱਚ ਅਜ਼ਾਦੀ ਲਈ ਮਰ ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਉਂ ਇਤਿਹਾਸ ਵਿੱਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਉਂ ਸਿਰਹਾਬ ਮਤਲਬ ਹਰੀ ਭਰੀ ਜਗ੍ਹਾ, ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਉਸ ਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸ ਦਾ ਪਾਲਣ ਪੋਸ਼ਣ ਉਸ ਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿੱਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ 8 ਇੰਚ ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿੱਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ ਉੜੀਸਾ ਤੋਂ 1912 ਵਿੱਚ ਕੀਤੀ। ਉਸ ਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਂਕ ਸੀ। ਬੰਗਾਲ/ਉੜੀਸਾ ਦੀ ਅਜ਼ਾਦੀ ਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸ ਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨੇ ਦੇਖਿਆ ਕਿ ਅਮਰੀਕਾ ਵਿੱਚ ਨਸਲਵਾਦ ਜ਼ੋਰਾਂ 'ਤੇ ਹੈ। ਉਸ ਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਿਆ। ਉਹ ਘੱਟ ਉਜਰਤ 'ਤੇ ਕੰਮ ਕਰਦੇ ਸਨ, ਕਈ ਥਾਂਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ, ਇਥੋਂ ਤਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਅਜ਼ਾਦ ਦੇਸ਼ ਵਿੱਚ ਵਿਚਰਦਿਆਂ ਉਸ ਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿੱਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿੱਚ ਦਾਖਲਾ ਲਿਆ। ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿੱਚ ਕਿਹਾ ਕਿ ਮੇਰੀ ਜਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸ ਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿੱਚ ਇਥੇ ਰਹਿੰਦੇ ਵੀ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿੱਚ ਰਾਜਨੀਤਿਕ ਜਾਗ੍ਰਿਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿੱਚ ਹੋਈ ਇਕੱਤਰਤਾ ਵਿੱਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿੱਚ ਇਕ ਅਖ਼ਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲ ਹਰਿਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ 'ਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ 'ਗਦਰ' ਨਾਂਅ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜਿੰਮੇਵਾਰੀ ਸੰਭਾਲੀ। ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜਿੰਮੇਵਾਰੀ ਸੰਭਾਲੀ। ਅਖ਼ਬਾਰ ਵਿੱਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ । ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿਥੇ ਕਿਤੇ ਵੀ ਭਾਰਤੀ ਵਸਦੇ ਸਨ, ਸੰਸਾਰ ਪੱਧਰ 'ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਿਆ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ



ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।

ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਲੱਗਣ ਲੱਗੇ। ਲੋਕਾਂ ਵਿੱਚ ਬੜਾ ਜੋਸ਼ ਅਤੇ ਉਤਸ਼ਾਹ ਆਇਆ। ਲੋਕਾਂ ਵਿੱਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਤੇ ਧਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਨਾਉਣਾ ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰਤਮ ਕਰਨਾ ਅਤੇ ਉਡਾਣਾਂ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿਖਿਆ। ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ। 'ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫ਼ਰਮਾਨ ਹੋ ਗਏ।' ਸਰਾਭਾ ਦੀਆਂ ਅਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕਤਰਤਾ ਵਿੱਚ ਉਸ ਨੂੰ ਪ੍ਰਬੰਧਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੁੱਲਾ ਲਾਹੁਣ ਲਈ ਅਮਰੀਕਾ , ਕੈਨੇਡਾ ਵਿੱਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿੱਚ ਪਹਿਲੀ ਸੰਸਾਰ ਜੰਗ ਵਿੱਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿੱਚ ਅੰਗ੍ਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫ਼ੌਜੀ ਛਾਉਣੀਆਂ ਵਿੱਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ , ਸਤਿਅਮ ਸੇਨ ਤੇ ਵਿਸ਼ਣੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲੱਕਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20 ਹਜ਼ਾਰ ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ ਪਰ ਅਮਰੀਕਨ ਖੁਫ਼ੀਆ ਵਿਭਾਗ ਵੱਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੋਂ ਗ੍ਰਿਫ਼ਤਾਰ ਕਰ ਲਿਆ।

ਸਰਾਭਾਂ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿੱਚ ਵੰਡੇ ਜਦੋਂ ਦਸੰਬਰ 1914 ਵਿੱਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤਕ ਸਰਾਭਾ ਲੁਧਿਆਣਾ ਵਿੱਚ ਸਥਾਪਤ ਹੋ ਚੁੱਕੇ ਸੀ। ਉਸ ਦਾ ਇਲਾਕੇ ਵਿੱਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ,ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਵਿੱਚ ਵਿੱਚ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿੱਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿੱਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿੱਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੌਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿੱਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿੱਚ ਫ਼ਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿੱਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਤੇ ਸ਼ੱਕ ਹੋ ਗਿਆ ਕਿ ਉਹ ਮੁਖ਼ਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ। ਪਰ ਫੇਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਪਰ 19 ਫਰਵਰੀ 1915 ਤੋਂ ਪਹਿਲਾਂ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫ਼ੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ। ਇਸ ਲਈ ਫ਼ੌਜ ਬਗਾਵਤ ਨਹੀਂ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀ ਲਾਟ ਅਫ਼ਗਾਨਿਸਤਾਨ ਵੱਲ ਚਲ ਪਏ ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿੱਚ ਵਿਲਸਨਪੁਰ ਵਿਖੇ ਘੌੜ ਸਵਾਰ ਫ਼ੌਜ 22 ਵਰਗਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕਦਮਾ ਚਲਿਆ, ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸ ਦੀ ਦ੍ਰਿੜ੍ਹ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿੱਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ 'ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿੱਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾਂ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾਂ ਸੀ। ਸਰਾਭਾਂ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵੱਲੋਂ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ ਏ ਕਾਲੇਪਾਣੀ ਕਰ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤਕ ਕੋਈ ਵੀ ਅਜਿਹੀ ਘਟਨਾ ਨਹੀਂ, ਜਿਸ ਵਿੱਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਿਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉੱਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ

(**ਬਾਕੀ ਸਫ਼ਾ** 30 'ਤੇ)

# ਜਥੇਦਾਰ ਸਾਹਿਬਾਨ ਦੀ ਨਿਯੁਕਤੀ ਲਈ ਸਰਬ-ਪ੍ਰਵਾਨਿਤ ਨਿਯਮ ਬਣਾਉਣ ਦੀ ਲੋੜ



ਭਾਈ ਹਰਿਸਿਮਰਨ ਸਿੰਘ
ਮੁਖੀ, ਸੈਂਟਰ ਫ਼ਾਰ ਪੰਥਕ ਕ੍ਰਿਏਟੀਵਿਟੀ, ਸ੍ਰੀ ਅਨੰਦਪੁਰ ਸਾਹਿਬ। ਮੋ. 9872591713

ਸੰਨ 2005 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਰਹੂਮ ਜਥੇਦਾਰ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਅਧਿਕਾਰ ਖੇਤਰ, ਸੇਵਾਵਾਂ ਅਤੇ ਸੇਵਾ ਮੁਕਤੀ ਆਦਿ ਨੀਯਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਥਕ ਵਿਦਵਾਨਾਂ ਦੇ ਸਹਿਯੋਗ ਨਾਲ ਇਕ ਸਰਬ-ਪ੍ਰਵਾਨਿਤ ਨਿਯਮਾਵਲੀ ਬਣਾਉਣ ਦੀ ਹਿਦਾਇਤ ਕੀਤੀ ਸੀ ਪਰ ਦੁੱਖ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਕੋਈ ਦਿਲਚਸਪੀ ਨਹੀਂ ਲਈ। ਪਰ ਅਸੀਂ ਆਪਣੀ ਪੰਥਕ ਜ਼ਿੰਮੇਵਾਰੀ ਸਮਝਦਿਆਂ ਸ਼੍ਰੋਮਣੀ ਕਮੇਟੀ ਅਤੇ ਵੇਦਾਂਤੀ ਜੀ ਨੂੰ ਵਿਚਾਰਨ ਲਈ ਇਕ ਖਰੜਾ ਦਿੱਤਾ ਸੀ। ਬਾਅਦ ਵਿੱਚ ਸਿੱਖ ਸੰਗਤਾਂ ਅਤੇ ਵਿਦਵਾਨਾਂ ਦੇ ਦਬਾਉ ਨੂੰ ਮੰਨਦਿਆਂ ਸ. ਅਵਤਾਰ ਸਿੰਘ ਮੱਕੜ ਨੇ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਇਕ ਕਮੇਟੀ ਬਣਾਈ ਸੀ ਜਿਸ ਨੂੰ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਆਦਿ ਸਬੰਧੀ ਨਿਯਮ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਪਰ ਹੈਰਾਨੀ ਹੈ ਕਿ ਇਹ ਕਮੇਟੀ ਵੀ ਕੋਈ ਕੰਮ ਨ ਕਰ ਸਕੀ। ਇਸ ਅਵੇਸਲ਼ੇਪਣ ਦਾ ਨਤੀਜਾ ਹੈ ਕਿ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ 2022 ਵਿੱਚ ਸ਼੍ਰੋਮਣੀ ਕਮੇਟੀ ਤੇ ਵਿਦਵਾਨਾਂ ਨੂੰ ਨਿਯਮ ਬਣਾਉਣ ਦੀ ਅਪੀਲ ਕੀਤੀ ਸੀ। ਅਸੀਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਕ ਵਾਰ ਫਿਰ ਸ. ਹਰਜਿੰਦਰ ਸਿੰਘ ਧਾਮੀ ਤੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਆਪਣਾ ਖਰੜਾ ਸਪੁਰਦ ਕੀਤਾ ਸੀ। ਪਰ ਫਿਰ ਵੀ ਕੁਝ ਠੋਸ ਕਦਮ ਨਹੀਂ ਚੁੱਕੇ ਗਏ। ਸ. ਧਾਮੀ ਸਾਹਿਬ ਨੇ ਖੁਦ ਮੰਨਿਆ ਸੀ ਕਿ ਉਨ੍ਹਾਂ ਨੇ ਵੀ ਇਕ ਖਰੜਾ ਤਿਆਰ ਕੀਤਾ ਹੋਇਆ ਹੈ।



ਅਸੀਂ ਮਹਿਸੂਸ ਕਰਦੇ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਇਕ ਗੈਰ-ਰਾਜੀ ਸਰਕਾਰ-ਏ-ਖਾਲਸਾ ਦੇ ਤਖ਼ਤ ਹੋਣ ਕਾਰਨ ਸਿੱਖ ਪੰਥ ਅਤੇ ਵਿਸ਼ਵ ਨੂੰ ਵੱਡੀ ਦਿਸ਼ਾ ਦੇਣ ਵਾਲੀ ਸਰਵਉੱਚ ਸੰਸਥਾ ਹੈ ਜਿਸ ਦੀ ਮਜ਼ਬੂਤ ਗੁਣਵਾਨ ਅਗਵਾਈ ਹੋਣੀ ਜਰੂਰੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸਾਹਿਬ ਦੀ ਆਪਣੀ ਇਕਤਰਫ਼ਾ ਸੋਚ ਅਨੁਸਾਰ ਕੀਤੀ ਜਾਂਦੀ ਨਿਯੁਕਤੀ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਅੱਜ ਜਦੋਂ ਸਿੱਖ ਪੰਥ, ਪੰਜਾਬ ਅਤੇ ਵਿਸ਼ਵ ਵਿੱਚ ਕਈ ਤਰ੍ਹਾਂ ਦੀਆਂ ਚੁਨੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਤਾਂ ਸਿੱਖ ਸੰਸਥਾਵਾਂ ਅਤੇ ਸਿੱਖ ਰਾਜਨੀਤੀ ਕਈ ਤਰ੍ਹਾਂ ਦੇ ਸੰਕਟਾਂ ਦਾ ਸ਼ਿਕਾਰ ਹਨ। ਇਨ੍ਹਾਂ ਦੇ ਇਕ ਹੱਲ ਵਜੋਂ ਸਮੂਹ ਪੰਥਕ ਸੰਸਥਾਵਾਂ, ਵਿਦਵਾਨਾਂ ਤੇ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਬਣਾਏ ਗਏ ਨਿਯਮਾਂ ਅਨੁਸਾਰ ਨਿਯੁਕਤ ਕੀਤੇ ਗਏ ਜਥੇਦਾਰ ਸਾਹਿਬ ਨੂੰ ਤਖ਼ਤਾਂ ਦੀ ਸੇਵਾ ਸੰਭਾਲ ਦੇਣ ਨਾਲ ਵੱਡੇ ਮਸਲੇ ਹੱਲ ਹੋ ਜਾਣਗੇ ਅਤੇ ਸਿੱਖ ਪੰਥ ਹੋਰ ਅੱਗੇ ਵਧੇਗਾ।

ਇਨ੍ਹਾਂ ਹਾਲਾਤ ਵਿੱਚ ਸਾਡੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਅੰਤ੍ਰਿੰਗ ਕਮੇਟੀ ਮੈਂਬਰਾਂ 'ਤੇ ਹੋਰ ਸਾਰੀਆਂ ਸਬੰਧਿਤ ਧਿਰਾਂ ਨੂੰ ਬੇਨਤੀ ਹੈ ਕਿ ਸਾਡੀ ਸੰਸਥਾ ਵੱਲੋਂ ਤੇ ਹੋਰ ਵਿਦਵਾਨਾਂ ਵੱਲੋਂ ਤਿਆਰ ਕੀਤੇ ਗਏ ਖਰੜਿਆਂ ਨੂੰ ਵਿਚਾਰਨ ਲਈ ਨਵੇਂ ਸਿਰੋਂ ਪੰਥਕ ਵਿਦਵਾਨਾਂ ਦਾ ਇਕ ਪੈਨਲ ਗਠਨ ਕੀਤਾ ਜਾਏ ਜਿਸ ਨੂੰ ਸਮੇਂ ਸੀਮਾ ਵਿੱਚ ਸਿਫਾਰਿਸ਼ਾਂ ਕਰਨ ਦੀ ਹਿਦਾਇਤ ਕੀਤੀ ਜਾਏ। ਜਥੇਦਾਰ ਸਾਹਿਬ ਦੀ ਨਿਯੁਕਤੀ ਲਈ ਪਹਿਲਾਂ ਵਰਗੀ ਪ੍ਰਕਿਰਿਆ ਨਾ ਅਪਣਾਈ ਜਾਏ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਅਤੇ ਜਥੇਦਾਰ ਸਾਹਿਬਾਨ ਦੀ ਪਦਵੀ ਤੇ ਅਗਵਾਈ ਦਾ ਸਤਿਕਾਰ ਕਾਇਮ ਰੱਖਿਆ ਜਾਣਾ ਜਰੂਰੀ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਪਹਿਲਾਂ ਵਾਂਗ ਹੁਣ ਵੀ ਸਿੱਖ ਪੰਥ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਬਜਾਇ ਇਨ੍ਹਾਂ ਵਿਚ ਹੋਰ ਵਾਧਾ ਹੋਵੇਗਾ। ਕੌਮ ਦੇ ਕੀਮਤੀ ਸਮੇਂ ਦਾ ਹੋਰ ਨੁਕਸਾਨ ਨਹੀਂ ਕੀਤਾ ਜਾਣਾ ਚਾਹੀਦਾ।

# ਪੱਛਮੀ ਸੱਭਿਅਤਾ ਦੀ ਭੇਟ ਚੜ੍ਹ ਰਿਹਾ ਹੈ ਪੰਜਾਬ ਦਾ ਵਿਰਸਾ

**ਭੁਪਿੰਦਰ ਵੀਰ ਸਿੰਘ**





ਜੇ ਅੱਜ ਤੋਂ 5-6 ਦਹਾਕੇ ਪੁਰਾਣੇ ਸਮੇਂ ਅਤੇ ਅੱਜ ਦੇ ਸਮੇਂ ਦੀ ਤੁਲਨਾ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਜੱਗ ਜ਼ਾਹਿਰ ਹੋਵੇਗਾ ਕਿ ਅੱਜ ਦਾ ਸਮਾਂ ਪੱਛਮੀ ਸੱਭਿਅਤਾ ਦੀ ਭੇਟ ਚੜ੍ਹ ਗਿਆ ਹੈ ਜਿਸ ਦਾ ਅਸਰ ਪ੍ਰਤੀ ਦਿਨ ਵਧ ਹੀ ਰਿਹਾ ਹੈ। ਅੱਜ ਦੀ ਪੀੜ੍ਹੀ ਜਦੋਂ ਅਜਾਇਬ ਘਰਾਂ ਵਿੱਚ ਜਾਂਦੀ ਹੈ ਤਾਂ ਉਨ੍ਹਾਂ ਵੱਲੋਂ ਬਹੁਤ ਹੀ ਹੈਰਾਨੀਜਨਕ ਲਹਿਜ਼ੇ ਨਾਲ ਅਜਾਇਬ ਘਰਾਂ ਵਿੱਚ ਪ੍ਰਦਰਸ਼ਨੀ ਲਈ ਰੱਖੇ ਗਏ ਪੰਜਾਬੀ ਸੱਭਿਆਚਾਰ, ਪੰਜਾਬੀ ਪਕਵਾਨ, ਪੰਜਾਬੀ ਹਾਰ-ਸ਼ਿੰਗਾਰ, ਪੰਜਾਬੀ ਪਹਿਰਾਵਾ, ਲੋਕ-ਨਾਚ, ਮੇਲੇ-ਤਿਉਹਾਰ ਅਤੇ ਹਸਤ ਕਲਾਵਾਂ ਦੇ ਮਾਡਲ ਦੇਖਣ ਤੋਂ ਬਾਅਦ ਇਹੀ ਪ੍ਰਸ਼ਨ ਪੁੱਛਿਆ ਜਾਂਦਾ ਹੈ ਕਿ ਇਹ ਅਸਲ ਜਿੰਦਗੀ ਦੇ ਮਾਡਲ ਹਨ ਜਾਂ ਸਿਰਫ਼ ਕਲਪਨਾਵਾਂ ਦੇ ਨਮੂਨੇ। ਪੰਜਾਬ ਦੇ ਲੋਕਾਂ ਦਾ ਵਿਰਸਾ ਬਹੁਤ ਹੀ ਅਮੀਰ ਮੰਨਿਆ ਜਾਂਦਾ ਹੈ ਕਿਉਂਕਿ ਸਾਡੇ ਸਮਾਜ ਨੂੰ ਸੱਭਿਆਚਾਰ ਇਕ ਭੇਟਾ ਵਜੋਂ ਮਿਲਿਆ ਤੋਹਫ਼ਾ ਹੈ। ਹੁਣ ਤੱਕ ਤਕਰੀਬਨ ਪੀੜ੍ਹੀ-ਦਰ-ਪੀੜ੍ਹੀ ਸਾਡਾ ਸੱਭਿਆਚਾਰ ਅਗਲੀਆਂ ਨਸਲਾਂ ਤੱਕ ਪਹੁੰਚਦਾ ਗਿਆ ਪਰ ਅੱਜ ਸਮੇਂ ਨੇ ਕਰਵਟ ਲਈ ਹੈ ਸਦੀ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀ ਹੋ ਗਈ ਹੈ ਜਿਸ ਕਾਰਨ ਪੰਜਾਬ ਦਾ ਵਿਰਸਾ ਤੇ ਸੱਭਿਆਚਾਰ ਆਪਣੀ ਉਮਰ ਹੱਦ ਦੀ ਚਰਮ ਸੀਮਾ ’ਤੇ ਖੜ੍ਹਾ ਦਿਖਾਈ ਦੇ ਰਿਹਾ ਹੈ। ਬਾਕੀ ਗੱਲਾਂ ਛੱਡ ਕੇ ਅੱਜ ਆਪਾਂ ਗੱਲ ਕਰਾਂਗੇ ਸਾਡੇ ਰੰਗਲੇ ਪੰਜਾਬ ਦੀਆਂ ਅਲੋਪ ਹੋ ਰਹੀਆਂ ਕਲਾਵਾਂ ਬਾਰੇ ਜਿਨ੍ਹਾਂ ਨੂੰ ਲੋਕ ਕਲਾਵਾਂ ਵੀ ਕਿਹਾ ਜਾਂਦਾ ਹੈ। ਜੋ ਕਿ ਅੱਜ ਟਾਂਵੀਂ-ਟਾਂਵੀਂ ਥਾਂ ਸ਼ੀਸ਼ੇ ਜੜੇ ਫ਼ਰਮਿਆਂ ਵਿੱਚ ਹੀ ਨਜ਼ਰ ਆਉਂਦੀਆਂ ਹਨ। ਕਈ ਵਿਦਵਾਨਾਂ ਵੱਲੋਂ ਤਾਂ ਹਸਤ ਕਲਾਵਾਂ ਪੁਰਾਤਨ ਹੜੱਪਾ ਤੇ ਮਹਿੰਜੋਦੜੋ ਸੱਭਿਅਤਾ ਤੋਂ ਵੀ ਪੁਰਾਣੀਆਂ ਮੰਨੀਆਂ ਜਾਂਦੀਆਂ ਹਨ ਕਿਉਂਕਿ ਬਹੁਤ ਥਾਂਵਾਂ ’ਤੇ ਖ਼ੁਦਾਈ ਦੌਰਾਨ ਕਾਫ਼ੀ ਪੁਰਾਣੀਆਂ ਹਸਤ ਕਲਾਵਾਂ ਦੇ ਨਮੂਨੇ ਵੀ ਮਿਲੇ ਹਨ। ਪਰ ਇਹ ਕਿੰਨੇ ਪੁਰਾਣੇ ਹਨ ਇਨ੍ਹਾਂ ਦਾ ਕੋਈ ਪੁਖਤਾ ਪ੍ਰਮਾਣ ਨਹੀਂ ਮਿਲਿਆ। ਅੱਜ ਸਭ ਕਲਾਵਾਂ ਮਸ਼ੀਨੀਕਰਨ ਦੀ ਭੇਂਟ ਚੜ੍ਹ ਗਈਆਂ ਹਨ। ਹਰ ਖੇਤਰ ਵਿੱਚ ਹੱਥ ਨਾਲ ਕੀਤਾ ਜਾਣ ਵਾਲਾ ਕੰਮ ਮਸ਼ੀਨਾਂ ਜਾਂ ਕੰਪਿਊਟਰ ਦੁਆਰਾ ਕੀਤਾ ਜਾ ਰਿਹਾ ਹੈ ਜਿਸ ਕਾਰਨ ਹੀ ਨਵੀਂ ਪੀੜ੍ਹੀ ਲਈ ਹਸਤ ਕਲਾਵਾਂ ਬੀਤੇ ਸਮੇਂ ਦੀ ਗੱਲ ਹੋ ਗਈਆਂ ਹਨ। ਪਹਿਲਾਂ ਲੋਕਾਂ ਦੁਆਰਾ ਹੱਥੀਂ ਕੰਮ ਕਰਨ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਸੀ। ਇਸੇ ਕਾਰਨ ਹੀ ਹਸਤ ਕਲਾਵਾਂ ਵੱਖਰੇ-ਵੱਖਰੇ ਖੇਤਰ ਵਿੱਚ ਆਪਣਾ ਅਹਿਮ ਸਥਾਨ ਰੱਖਦੀਆਂ ਸਨ ਜਿਸ ਤਰ੍ਹਾਂ ਔਰਤਾਂ ਦੁਆਰਾਂ ਕੀਤੀਆਂ ਜਾਂਦੀਆਂ ਹਸਤ ਕਲਾਵਾਂ ਵਿੱਚ ਸ਼ਾਮਿਲ ਸਨ ਕੱਪੜੇ ਨਾਲ ਸੰਬੰਧਿਤ ਹਸਤ ਕਲਾਵਾਂ ਜਿਵੇਂ ਕਿ ਔਰਤਾਂ ਵਿੱਚ ਫੁਲਕਾਰੀ ਕੱਢਣਾ ਇਕ ਮਹੱਤਵਪੂਰਨ ਕਲਾ ਮੰਨੀ ਜਾਂਦੀ ਹੈ। ਇਸ ਵਿੱਚ ਔਰਤਾਂ ਜਾਂ ਕੁੜੀਆਂ ਵੱਲੋਂ ਫੁਲਕਾਰੀ ਦੀ ਵੱਖੋ ਵੱਖਰੀਆਂ ਕਿਸਮਾਂ ਬਣਾਈਆਂ ਜਾਂਦੀਆਂ ਸਨ। ਫੁਲਕਾਰੀ ਲਈ ਜ਼ਿਆਦਾਤਰ ਖੱਦਰ ਦੇ ਕੱਪੜੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਵੱਖੋ-ਵੱਖਰੇ ਤਰ੍ਹਾਂ ਦੀ ਕਢਾਈ ਕੀਤੀ ਜਾਂਦੀ ਸੀ ਜਿਸ ਤਰ੍ਹਾਂ ਫੁੱਲ ਬੂਟੇ, ਇਤਿਹਾਸਕ ਵਿਅਕਤੀਆਂ ਦੇ ਚਿੱਤਰ, ਪਸ਼ੂ ਪੰਛੀਆਂ ਦੀਆਂ ਤਸਵੀਰਾਂ ਤੋਂ ਇਲਾਵਾ ਇਮਾਰਤਾਂ ਦੇ ਚਿੱਤਰ ਵੀ ਕੱਢੇ ਜਾਂਦੇ ਸਨ। ਫੁਲਕਾਰੀ ਦੀ ਇਕ ਹੋਰ ਰੋਚਕ ਗੱਲ ਇਹ ਹੁੰਦੀ ਹੈ ਕਿ ਇਹ ਪੁੱਠੇ ਤੋਪਿਆਂ ਨਾਲ ਕੱਢੀ ਜਾਂਦੀ ਹੈ। ਫੁਲਕਾਰੀ ਨੂੰ ਕੱਢਣ ਲਈ ਸੁਆਣੀਆਂ ਜਾਂ ਮੁਟਿਆਰਾਂ ਵੱਲੋਂ ਰਲ ਕੇ ਵੀ ਕੰਮ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਮੁਟਿਆਰਾਂ ਵੱਲੋਂ ਦਾਜ ਲਈ ਨਿੱਜੀ ਤੌਰ ’ਤੇ ਵੀ ਫੁਲਕਾਰੀਆਂ ਕੱਢੀਆਂ ਜਾਂਦੀਆਂ ਸਨ। ਫੁਲਕਾਰੀ ਦੇ ਪੂਰਾ ਹੋਣ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਕੋਈ ਫੁਲਕਾਰੀ ਦਿਨਾਂ ਵਿੱਚ ਹੀ ਪੂਰੀ ਹੋ ਜਾਂਦੀ ਸੀ ਤੇ ਕਈਆਂ ਨੂੰ ਸਾਲ ਵੀ ਲੱਗ ਜਾਂਦਾ ਸੀ। ਫੁਲਕਾਰੀ ਦੀਆਂ ਬਹੁਤ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਮੁੱਖ ਤੌਰ ’ਤੇ ਨੀਲਕ, ਚੋਪ, ਛਮਾਸ, ਘੁੰਗਟ ਬਾਗ, ਸੁੱਭਰ ਆਦਿਕ ਤੋਂ ਇਲਾਵਾ ਹੋਰ ਵੀ ਮਸ਼ਹੂਰ ਕਿਸਮਾਂ ਮੌਜੂਦ ਹਨ। ਪਰ ਅੱਜ ਦੇ ਸਮੇਂ ਵਿੱਚ ਫੁਲਕਾਰੀ ਬਸ ਸੰਦੂਕਾਂ ਓਹਲੇ ਜਾਂ ਲੋਕ ਗੀਤਾਂ, ਕਵਿਤਾਵਾਂ ਵਿੱਚ ਹੀ ਦਿਖਾਈ ਦਿੰਦੀ ਹੈ।

ਚੋਪ ਛਇਲਾ ਦੇ ਨਾਲ ਚਾਰ ਸੂਤੀ,
ਚੰਦਾਂ ਮੋਰਾਂ ਦੇ ਬਹਿਣ ਨੂੰ ਝਾੜੀਆਂ ਨੇ।
ਸਾਲੂ ਪੱਟ ਦੇ ਚਾਦਰਾਂ ਬਾਫਤੇ ਦੀਆਂ,
ਨਾਲ ਭੋਸ਼ਨਾ ਦੇ ਫੁਲਕਾਰੀਆਂ ਨੇ।
ਵਾਰਿਸ਼ ਸ਼ਾਹ ਚੰਗੇ ਸਰੋਪੇ ਖਾਸੇ,
ਤੇ ਫੁਲਕਾਰੀਆਂ ਮੁੱਲ ਦੀਆਂ ਭਾਰੀਆਂ ਨੇ।
(ਵਾਰਿਸ ਸ਼ਾਹ)

ਅੱਜ ਦੀ ਮੁਟਿਆਰ ਦੇ ਪਹਿਰਾਵੇ ਵਿਚੋਂ ਸਿਰਾਂ ਦੀਆਂ ਚੁੰਨੀਆਂ ਦਾ ਖੰਭ ਲਾ ਕੇ ਉੱਡ ਜਾਣਾ ਅਤੇ ਸੁੱਥਣਾਂ ਦਾ ਸੁੰਗੜ ਕੇ ਨਿੱਕਰਾਂ ਦਾ ਰੂਪ ਧਾਰਨਾ ਪੱਛਮੀ ਕੁੜੀਆਂ ਦੇ ਰੋਲ ਮਾਡਲ ਦੀ ਉੱਭਰਦੀ ਤਸਵੀਰ ਪੇਸ਼ ਕਰਦੀਆਂ ਹਨ। ਫੁਲਕਾਰੀ ਜਿਹੀ ਅਨਮੋਲ ਹਸਤ ਕਲਾ ਦਾ ਅਲੋਪ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਮੌਜੂਦਾ ਜਿੰਦਗੀ ਆਪਣੀ ਮਿੱਥੀ ਲੀਹ ਤੋਂ ਵੱਖਰੇ ਕਦਮਾਂ ’ਤੇ ਕਦਮ ਧਰ ਕੇ ਚੱਲ ਰਹੀ ਹੈ। ਫੁਲਕਾਰੀ ਤੋਂ ਇਲਾਵਾ ਹੋਰ ਵੀ ਬਹੁਤ ਅਲੋਪ ਹੋ ਰਹੀਆਂ ਹਸਤ ਕਲਾਵਾਂ ਹਨ ਜੋ ਅੱਜ ਅਤੀਤ ਦੀ ਅਮੀਰੀ ਦੀ ਮੱਧਮ ਝਲਕ ਪੇਸ਼ ਕਰਦੀਆਂ ਹਨ। ਜਿਵੇਂ ਕਿ ਦਰੀਆਂ, ਖੇਸ, ਚਾਦਰਾਂ ਬੁਣਨਾ, ਮਿੱਟੀ ਦੇ ਬਰਤਨ ਬਣਾਉਣੇ, ਕੰਧ ਚਿੱਤਰ, ਮੂਰਤੀਕਾਰੀ, ਲੱਕੜ ਦੀ ਮੀਨਾਕਾਰੀ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਲੋਕ ਕਲਾਵਾਂ ਹਨ ਜੋ ਕਿ ਅੱਜ ਪੂਰੀ ਤਰ੍ਹਾਂ ਨਾਲ ਖਤਮ ਹੋ ਚੁੱਕੀਆਂ ਹਨ। ਫੁਲਕਾਰੀ ਵਾਂਗ ਹੀ ਚਾਦਰਾਂ, ਖੇਸ ਤੇ ਦਰੀਆਂ ਪਹਿਲਾਂ ਹੱਥਾਂ ਨਾਲ ਅੱਡੇ ਉੱਪਰ ਪੰਜੇ ਦੀ ਸਹਾਇਤਾ ਨਾਲ ਬੁਣੀਆਂ ਜਾਂਦੀਆਂ ਸਨ। ਕੁਝ ਪਿੰਡਾਂ ਨੂੰ ਛੱਡ ਕੇ ਤਕਬਰੀਨ ਬਾਕੀ ਪੰਜਾਬ ਵਿੱਚ ਦਰੀਆਂ ਤੇ ਖੇਸ ਬੁਣਨ ਦਾ ਰਿਵਾਜ ਬੰਦ ਹੀ ਹੋ ਗਿਆ ਹੈ। ਮੁਟਿਆਰਾਂ ਦੇ ਦਾਜ ਦਾ ਮਹੱਤਵਪੂਰਨ ਹਿੱਸਾ ਮੰਨੀਆਂ ਜਾਣ ਵਾਲੀਆਂ ਦਰੀਆਂ ਵਿੱਚ ਫੁੱਲ ਬੂਟੀਆਂ, ਤੋਤੇ ਪੰਛੀ, ਡੱਬੀਆਂ ਤੇ ਹੋਰ ਕਈ ਪ੍ਰਕਾਰ ਦੇ ਕਲਾ ਦੇ ਨਮੂਨੇ ਬੁਣੇ ਜਾਂਦੇ ਸਨ। ਪਰ ਅੱਜ ਦੇ ਗੱਦਿਆਂ ਨੇ ਦਰੀਆਂ ਨੂੰ ਪੂਰੀ ਤਰ੍ਹਾਂ ਖੂੰਜੇ ਲਾ ਦਿੱਤਾ ਹੈ। ਇਸੇ ਤਰ੍ਹਾਂ ਖੇਸ ਤੇ ਚਾਦਰਾਂ ਵੀ ਆਪਣੀ ਜੂਨ ਹੰਢਾ ਚੁੱਕੀਆਂ ਜਾਪਦੀਆਂ ਹਨ। ਖੇਸ ਵੀ ਸੂਤ ਨਾਲ ਅੱਡੇ ਜਾਂ ਖੱਡੀ ਉੱਪਰ ਬੁਣਕੇ ਤਿਆਰ ਕੀਤਾ ਜਾਂਦਾ ਸੀ। ਜਦੋਂ ਕਿਤੇ ਕਿਸੇ ਮੁਟਿਆਰ ਦਾ ਵਿਆਹ ਨੇੜੇ ਆ ਜਾਂਦਾ ਸੀ ਤਾਂ ਸਾਰੀਆਂ ਔਰਤਾਂ ਮਿਲ ਕੇ ਖੇਸ ਦੇ ਬਚੇ ਧਾਗਿਆਂ ਦੇ ਬੰਬਲ਼ ਵੱਟਦੀਆਂ ਸਨ। ਇਸੇ ਤਰ੍ਹਾਂ ਮਿੱਟੀ ਦੇ ਬਰਤਨ ਬਣਾਉਣ ਦੀ ਕਲਾ ਵੀ ਬਹੁਤ ਜ਼ਿਆਦਾ ਪੁਰਾਤਨ ਮੰਨੀ ਜਾਂਦੀ ਹੈ। ਇਹ ਕਲਾ ਐਨੀ ਪ੍ਰਫੁੱਲਿਤ ਸੀ ਕਿ ਇਸ ਦੀ ਮਿਸਾਲ ਮੈਸੋਪੋਟਾਮੀਆ ਤੱਕ ਵੀ ਮਿਲਦੀ ਹੈ। ਮਿੱਟੀ ਦੇ ਬਰਤਨ ਆਵੇ ਤਿਆਰ ਕਰਕੇ ਉਨ੍ਹਾਂ ਵਿੱਚ ਅੱਗ ਨਾਲ ਪਕਾਏ ਜਾਂਦੇ ਸਨ। ਦਰੀਆਂ, ਖੇਸਾਂ ਤੇ ਫੁਲਕਾਰੀਆਂ ਵਾਂਗ ਬਰਤਨਾਂ ਉਪਰ ਵੀ ਕਾਰੀਗਰ ਆਪਣੀ ਕਲਾ ਦੇ ਨਮੂਨੇ ਪੇਸ਼ ਕਰਦੇ ਸਨ। ਇਨ੍ਹਾਂ ਉਪਰ ਵੀ ਫੁੱਲ ਬੂਟੀਆਂ, ਚਿੱਤਰਕਾਰੀ ਅਤੇ ਹੋਰ ਤਸਵੀਰਾਂ ਪੇਸ਼ ਕੀਤੀਆਂ ਜਾਂਦੀਆਂ ਸਨ। ਕਲਾਵਾਂ ਵਿੱਚ ਕੰਧ ਚਿੱਤਰ ਵੀ ਹੁਣ ਪੁਰਾਤਨ ਹਵੇਲੀਆਂ, ਧਾਰਮਿਕ ਥਾਂਵਾਂ, ਦਰਵਾਜ਼ਿਆਂ ਜਾਂ ਡੇਰਿਆਂ ਵਿੱਚ ਹੀ ਦੇਖਣ ਨੂੰ ਰਹਿ ਗਏ ਹਨ। ਕੰਧ ਚਿੱਤਰ ਵੀ ਬਹੁਤ ਹੀ ਪੁਰਾਣੀ ਕਲਾ ਮੰਨੀ ਜਾਂਦੀ ਹੈ ਕਿਉਂਕਿ ਬਹੁਤ ਗੁਫਾਵਾਂ ਜਾਂ ਪਹਾੜਾਂ ਦੀਆਂ ਕੰਧਾਂ ਉੱਪਰ ਜਾਂ ਪੱਥਰਾਂ ਉੱਪਰ ਹਜ਼ਾਰਾਂ ਹੀ ਸਾਲ ਪੁਰਾਣੇ ਚਿੱਤਰ ਬਣੇ ਮਿਲੇ ਹਨ ਜਿਨ੍ਹਾਂ ਨੂੰ ਪੁਰਾਤਨ ਸਮੇਂ ਵਿੱਚ ਕਾਰੀਗਰਾਂ ਨੇ ਆਪਣੀ ਕਲਾ ਦੀ ਅਮਰ ਤਸਵੀਰ ਵਜੋਂ ਪੇਸ਼ ਕੀਤਾ ਹੋਇਆ ਹੈ ਅੱਜ ਵੀ ਵਿਗਿਆਨੀ ਹੈਰਾਨ ਹਨ ਕਿ ਪੁਰਾਣੇ ਲੋਕਾਂ ਵਲੋਂ ਚਟਾਨਾਂ ਜਾਂ ਗੁਫਾਵਾਂ ਵਿਚ ਅਜਿਹੇ ਕਿਹੜੇ ਔਜ਼ਾਰਾਂ ਨਾਲ ਇਹ ਕੰਧ ਚਿੱਤਰ ਬਣਾਏ ਹਨ ਜਿਨ੍ਹਾਂ ਦਾ ਵਜੂਦ ਅੱਜ ਹਜ਼ਾਰਾਂ ਸਾਲ ਬਾਅਦ ਵੀ ਹੂਬਹੂ ਹੈ। ਇਨ੍ਹਾਂ ਦੇ ਨਾਲ ਮੂਰਤੀਕਾਰੀ ਦੀ ਕਲਾ ਵੀ ਅੱਜ ਖ਼ਤਮ ਹੋਣ ਦੇ ਕਿਨਾਰੇ ’ਤੇ ਹੈ। ਕੁਝ ਦਹਾਕੇ ਪਹਿਲਾਂ ਲੋਕਾਂ ਵੱਲੋਂ ਤਿਉਹਾਰਾਂ ਅਤੇ ਮੇਲਿਆਂ ਸਮੇਂ ਵੱਖੋ-ਵੱਖਰੀਆਂ ਮੂਰਤੀਆਂ ਬਣਾ ਕੇ ਵੇਚੀਆਂ ਜਾਂਦੀਆਂ ਸਨ। ਪਰ ਅੱਜ ਅੱਜ ਮੂਰਤੀਕਾਰੀ ਦਾ ਕਿੱਤਾ ਪੂਰੀ ਤਰਾਂ ਨਾਲ ਬੰਦ ਹੋਣ ਕਿਨਾਰੇ ਹੈ ਮੂਰਤੀਆਂ ਦੀ ਜਗ੍ਹਾ ਕੈਲੰਡਰਾਂ ਨੇ ਲੈ ਲਈ ਹੈ। ਕਈ ਥਾਂ ਖ਼ੁਦਾਈ ਸਮੇਂ ਹੜੱਪਾ ਸੱਭਿਅਤਾ ਸਮੇਂ ਦੀਆਂ ਮੂਰਤੀਆਂ ਦੇ ਅਵਸ਼ੇਸ਼ ਵੀ ਮਿਲੇ ਹਨ। ਹੋਰ ਵਸਤਾਂ ਦੇ ਨਾਲ ਨਾਲ ਖ਼ੁਦਾਈ ਸਮੇਂ ਇਨ੍ਹਾਂ ਸੱਭਿਅਤਾਵਾਂ ਦੇ ਬਣੇ ਹੋਏ ਖਿਡੌਣੇ ਵੀ ਮਿਲੇ ਹਨ ਜਿਨ੍ਹਾਂ ਵਿੱਚ ਕੁੱਤਾ, ਹਾਥੀ, ਚੀਤਾ ਅਤੇ ਹੋਰ ਬਹੁਤ ਸਾਰੇ




TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਬਿਮਾਰੀਆਂ ਤੋਂ ਬਚਾਓ ਲਈ ਮਾਨਸਿਕ ਸਿਹਤ ਦਾ ਰੱਖੋ ਖਿਆਲ : ਡਾ. ਅਨਮੋਲ ਸਿੰਘ ਰਾਏ

## ਕੋਰੋਨਾ ਯੁੱਗ ਦੌਰਾਨ ਮਨੁੱਖਾਂ ਦੀ ਯਾਦਸ਼ਾਹਤ ਘਟੀ ਤੇ ਤਣਾਓ ਵਧਿਆ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

ਡਾਕਟਰ ਅਨਮੋਲ ਸਿੰਘ ਰਾਏ ਐਮ.ਬੀ ਬੀ.ਐਸ, ਐਮ. ਡੀ. ਮੈਡੀਸਨ, ਡੀ .ਐਮ ਨਿਊਰੋਲੌਜੀ ਲਖਨਊ ਦਿਮਾਗ ,ਰੀੜ ਦੀ ਹੱਡੀ ਤੇ ਨਸਾਂ ਦੇ ਮਾਹਿਰ ਹਨ।ਸ੍ਰੀਮਾਨ ਹਸਪਤਾਲ ਜਲੰਧਰ ਵਿੱਚ ਪ੍ਰੈਕਟਿਸ ਕਰ ਰਹੇ ਹਨ। ਉਹਨਾਂ ਦਾ ਸੰਪਰਕ ਨੰਬਰ 81451-81451 ਹੈ।ਬੀਤੇ ਦਿਨੀਂ ਉਹਨਾਂ ਨਾਲ ਮੁਲਾਕਾਤ ਕੀਤੀ ਗਈ ,ਜਿਸ ਦੇ ਪ੍ਰਮੁੱਖ ਅੰਸ਼ ਪਾਠਕਾਂ ਲਈ ਪੇਸ਼ ਕੀਤੇ ਜਾ ਰਹੇ ਹਨ।

**ਸੁਆਲ: ਡਾਕਟਰ ਸਾਹਿਬ ਮਾਨਸਿਕ ਸਿਹਤ ਦੇ ਸਾਡੀ ਜ਼ਿੰਦਗੀ ਵਿੱਚ ਕੀ ਮਹੱਤਵ ਹੈ ?**

**ਜੁਆਬ:** ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦੀ ਹੈ ਅਸੀਂ ਕਿਵੇਂ ਸੋਚਦੇ ਹਾਂ, ਅਸੀਂ ਕਿਵੇਂ ਮਹਿਸੂਸ ਕਰਦੇ ਹਾਂ, ਜੀਵਨ ਕਿਵੇਂ ਜਿਉਣਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ ਜਾਂ ਕਿਵੇਂ ਉਨ੍ਹਾਂ ਦਾ ਸਾਹਮਣਾ ਕਰਨਾ ਹੈ, ਇਹ ਸਭ ਸਾਡੀ ਮਾਨਸਿਕ ਸਿਹਤ ਦੇ ਪੱਧਰ ਨੂੰ ਨਿਰਧਾਰਤ ਕਰਦੀਆਂ ਹਨ। ਸਾਡਾ ਭਾਵਨਾਤਮਕ ਸੰਤੁਲਨ, ਮਨੋਵਿਗਿਆਨਕ ਪੱਧਰ ਦੇ ਨਾਲ-ਨਾਲ ਸਮਾਜਿਕ ਤੰਦਰੁਸਤੀ ਵੀ ਸ਼ਾਮਲ ਹੁੰਦੀ ਹੈ ਸਾਡੀ ਮਾਨਸਿਕ ਸਿਹਤ ਇਹ ਨਿਰਧਾਰਿਤ ਕਰਨ ਵਿੱਚ ਵੀ ਸਹਾਇਤਾ ਕਰਦੀ ਹੈ ਕਿ ਅਸੀਂ ਦਿਮਾਗੀ ਦਬਾਅ-ਤਣਾਅ ਨਾਲ ਕਿਵੇਂ ਨਜਿੱਠਦੇ ਹਾਂ ਅਤੇ ਜੀਵਨ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਦੇ ਹਾਂ ।ਗੁਰੂ ਗਰੰਥ ਸਾਹਿਬ ਵਿਚ ਮਨੁੱਖ ਨੂੰ ਇਸੇ ਲਈ ਮਨ ਨੂੰ ਨਿਰੋਗ ਰੱਖਣ ਤੇ ਕੰਟਰੋਲ ਕਰਨ ਲਈ ਕਿਹਾ ਹੈ ਤਾਂ ਜੋ ਮਨੁੱਖ ਅਨੰਦ ਅਵਸਥਾ ਵਿਚ ਜੀਅ ਸਕੇ।

ਕੋਵਿਡ-19 ਮਹਾਮਾਰੀ ਨੇ ਪੁਸ਼ਟੀ ਕੀਤੀ ਹੈ ਕਿ ਸਾਡੀ ਸਰੀਰਕ ਸਿਹਤ ਅਤੇ ਸਾਡੀ ਮਾਨਸਿਕ ਸਿਹਤ ਵਿਚਕਾਰ ਨਜ਼ਦੀਕੀ ਸਬੰਧ ਹੈ। ਪਰ ਫਿਰ ਵੀ ਬਹੁਤੇ ਲੋਕ ਇਸ ਵੱਲ ਧਿਆਨ ਨਹੀਂ ਦਿੰਦੇ।ਕੋਵਿਡ-19 ਮਹਾਂਮਾਰੀ ਨੇ ਮਾਨਸਿਕ ਸਿਹਤ ਲਈ ਇੱਕ ਵਿਸ਼ਵਵਿਆਪੀ ਸੰਕਟ ਪੈਦਾ ਕਰ ਦਿੱਤਾ ਹੈ, ਥੋੜ੍ਹੇ ਅਤੇ ਲੰਬੇ ਸਮੇਂ ਦੇ ਤਣਾਅ ਨੂੰ ਵਧਾਇਆ ਹੈ ਅਤੇ ਲੱਖਾਂ ਲੋਕਾਂ ਦੀ ਮਾਨਸਿਕ ਸਿਹਤ ਨੂੰ ਕਮਜ਼ੋਰ ਕੀਤਾ ਹੈ।ਅਨੁਮਾਨ ਮੁਤਾਬਿਕ ਮਹਾਂਮਾਰੀ ਦੇ ਪਹਿਲੇ ਸਾਲ ਦੌਰਾਨ 25% ਤੋਂ ਵੱਧ ਚਿੰਤਾ ਅਤੇ ਉਦਾਸੀ ਸੰਬੰਧੀ ਮਰੀਜ਼ਾਂ ਵਿੱਚ ਵਾਧਾ ਪਾਇਆ ਗਿਆ ਸੀ। ਇਸ ਦੇ ਨਾਲ ਹੀ, ਮਾਨਸਿਕ ਸਿਹਤ ਸੇਵਾਵਾਂ ਤੇ ਬੁਰੀ ਤਰ੍ਹਾਂ ਵਿਘਨ ਪਿਆ ਹੈ । ਸਰੀਰਕ ਅਤੇ ਮਾਨਸਿਕ ਸਿਹਤ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਕਿਸੇ ਇੱਕ ਪਹਿਲੂ ਨੂੰ ਨਜ਼ਰਅੰਦਾਜ਼ ਕਰਨਾ ਦੂਜੇ ਪਹਿਲੂ ਨੂੰ ਨਕਾਰਾਤਮਕ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ।ਬਜ਼ੁਰਗਾਂ ਤੋਂ ਲੈ ਕੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਸ ਸਮੱਸਿਆ ਨੂੰ ਛੁਪਾਉਣ ਦੀ ਬਜਾਏ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸਥਿਤੀ ਹੋਰ ਵਿਗੜ ਸਕਦੀ ਹੈ। ਇਸ ਲਈ ਮਾਨਸਿਕ ਰੋਗਾਂ ਨੂੰ ਆਮ ਬਿਮਾਰੀ ਵਾਂਗ ਵੇਖਣ ਦੀ ਲੋੜ ਹੈ ਅਤੇ ਡਾਕਟਰ ਨਾਲ ਕੌਂਸਲਿੰਗ ਕਰਨ ਤੇ ਜੋਰ ਦੇਣਾ ਚਾਹੀਦਾ ਹੈ।

**ਸੁਆਲ :ਕੀ ਮਾਨਸਿਕ ਰੋਗ ਦੀਆਂ ਕਿਸਮਾਂ ਵੀ ਹਨ ?**

**ਜੁਆਬ -** ਸੋਚ, ਮਹਿਸੂਸ ਕਰਨ ਅਤੇ ਵਿਵਹਾਰ ਵਿੱਚ ਬਦਲਾਅ ਕਰਨ ਵਾਲੇ ਵਿਕਾਰ ਨੂੰ ਮਾਨਸਿਕ ਰੋਗ ਕਹਿੰਦੇ ਹਨ।

**ਮਾਨਸਿਕ ਰੋਗ ਦੀਆਂ ਕਿਸਮਾਂ:-**

ਰੋਗੀ ਅਸਲੀਅਤ ਅਤੇ ਕਲਪਨਾ ਵਿੱਚ ਫਰਕ ਨਹੀਂ ਕਰ ਪਾਉਂਦਾ ਅਤੇ ਜਿਸ ਤਰੀਕੇ ਨਾਲ ਵਿਹਾਰ ਕਰਦਾ ਹੈ ਜਿਵੇਂ ਇਕੱਲੇ ਗੱਲਾਂ ਕਰਨਾ, ਸ਼ੱਕ ਕਰਨਾ, ਆਪਣਾ ਖਿਆਲ ਨਾ ਰੱਖਣਾ ਅਤੇ ਯਭਲੀਆਂ ਮਾਰਨਾ।

ਰੋਗੀ ਇੱਕ ਜਾਂ ਇੱਕ ਤੋਂ ਵੱਧ ਪ੍ਰਕਾਰ ਦੇ ਸ਼ੱਕ ਦੇ ਰੋਗ ਵਿੱਚ ਘਿਰ ਜਾਂਦਾ ਹੈ, ਇਸ ਦੌਰਾਨ ਉਹ ਕਈ ਵਾਰ ਲੋਕਾਂ ਤੋਂ ਡਰਦਾ ਹੈ ਤੇ ਕਦੇ ਆਪਣੇ-ਆਪ ਨੂੰ ਬਹੁਤ ਵੱਡਾ ਸਮਝਦਾ ਹੈ ।

ਰੋਗੀ ਨੂੰ ਕਦੇ ਉਦਾਸੀ ਅਤੇ ਕਦੇ ਤੇਜ਼ੀ ਜਾਂ ਵਾਰ-ਵਾਰ ਤੇਜ਼ੀ ਦਾ ਮਨੋਰੋਗ ਹੋ ਸਕਦਾ ਹੈ।

ਮਨ ਦੀ ਉਦਾਸੀ, ਇੱਛਾ ਦਾ ਘਟਣਾ, ਮਨੋਵਿਸ਼ਵਾਸ ਦਾ ਘਟਣਾ, ਜਲਦੀ ਥਕਾਵਟ ਹੋਣਾ ਅਤੇ ਭੁੱਖ ਵਿੱਚ ਬਦਲਾਵ, ਪਛਤਾਵੇ ਦੇ ਵਿਚਾਰ ਅਤੇ ਆਤਮ-ਹੱਤਿਆ ਕਰਨ ਬਾਰੇ ਵਿਚਾਰ ਜਾਂ ਕੋਸ਼ਿਸ਼ ਕਰਨਾ ਆਦਿ। ਅਜਿਹੇ ਲੱਛਣ ਦੋ ਹਫਤੇ ਤੋਂ ਜ਼ਿਆਦਾ ਰਹਿਣ ਤਾਂ ਉਸ ਨੂੰ ਉਦਾਸੀ ਦਾ ਵਿਕਾਰ ਕਿਹਾ ਜਾਂਦਾ ਹੈ।




**ਸੁਆਲ: ਡਿਪ੍ਰੈਸ਼ਨ ਕਿਉਂ ਹੁੰਦਾ ਹੈ ?**

**ਜੁਆਬ** -ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਦੁਨਿਆਂ ਭਰ ਵਿਚ 30 ਕਰੋੜ ਤੋਂ ਜ਼ਿਆਦਾ ਲੋਕ ਅਵਸਾਦ ਯਾਨੀ ਡਿਪ੍ਰੈਸ਼ਨ ਨਾਲ ਗ੍ਰਸਿਤ ਹਨ। ਤਣਾਅ ਆਤਮਹੱਤਿਆ ਲਈ ਮਜਬੂਰ ਕਰ ਦੇਣ ਦਾ ਇਕ ਮਹੱਤਵਪੂਰਣ ਕਾਰਕ ਹੈ ਜਿਸ ਨਾਲ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੁੰਦੀ ਹੈ। ਦੁਨਿਆਂਭਰ ਵਿੱਚ ਹੋਣ ਵਾਲੀਆਂ ਆਤਮ ਹਤਿਆਵਾਂ ਵਿਚੋਂ 21% ਭਾਰਤ ਵਿੱਚ ਹੁੰਦੀ ਹੈ।

ਡਿਪ੍ਰੈਸ਼ਨ ਦਾ ਬੁਰਾ ਪ੍ਰਭਾਵ ਕੇਵਲ ਦਿਮਾਗ ’ਤੇ ਹੀ ਨਹੀਂ ਬਲਕਿ ਪੂਰੇ ਸਰੀਰ ’ਤੇ ਹੁੰਦਾ ਹੈ। ਇਕ ਨਵੇਂ ਸ਼ੋਧ ਵਿਚ ਵਿਗਿਆਨੀਆਂ ਨੇ ਸਾਬਿਤ ਕੀਤਾ ਹੈ ਕਿ ਡਿਪ੍ਰੈਸ਼ਨ ਨਾਲ ਹੋਣ ਵਾਲੇ ਬਦਲਾਅ ਪੂਰੇ ਸਰੀਰ ਨੂੰ ਪ੍ਰਭਾਵਿਤ ਕਰਦੇ ਹਨ। ਸਪੇਨ ਦੀ ਯੂਨੀਵਰਸਿਟੀ ਆਫ ਗ੍ਰੇਨੇਡਾ (ਯੂ.ਜੀ.ਆਰ) ਦੇ ਵਿਗਿਆਨੀਆਂ ਨੇ ਇਕ ਖੋਜ ਦੇ ਜ਼ਰੀਏ ਦੱਸਿਆ ਕਿ ਡਿਪ੍ਰੈਸ਼ਨ ਨੂੰ ਇਕ ਪ੍ਰਣਾਲੀਗਤ ਰੋਗ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸਰੀਰ ਦੇ ਕਈ ਅੰਗਾਂ ਅਤੇ ਮਾਸਪੇਸ਼ੀਆਂ ਨੂੰ ਪ੍ਰਭਾਵਿਤ ਕਰਦਾ ਹੈ।ਖੋਜ ਵਿਚ ਪਤਾ ਚੱਲਿਆ ਹੈ ਕਿ ਡਿਪ੍ਰੈਸ਼ਨ ਨਾਲ ਦਿਲ ਦੇ ਰੋਗ ਅਤੇ ਕੈਂਸਰ ਵਰਗੀਆਂ ਖ਼ਤਰਨਾਕ ਬਿਮਾਰੀਆਂ ਵੀ ਹੋ ਜਾਂਦੀਆਂ ਹਨ, ਨਾਲ ਹੀ ਡਿਪ੍ਰੈਸ਼ਨ ਪੀੜਿਤ ਲੋਕਾਂ ਦੀ ਮੌਤ ਵੀ ਜਲਦੀ ਹੋ ਜਾਂਦੀ ਹੈ।

**ਸੁਆਲ -ਕੀ ਪੰਜਾਬੀਆਂ ਵਿੱਚ ਪ੍ਰਵਾਸ ਕਾਰਣ ਵੀ ਡਿਪ੍ਰੈਸ਼ਨ ਵਧਿਆ ਹੈ ?**

**ਜੁਆਬ-** ਬਿਲਕੁਲ ਅਜਿਹੇ ਮਰੀਜ਼ ਨੌਜਵਾਨਾਂ ਤੋਂ ਬਜ਼ੁਰਗਾਂ ਤਕ ਸਾਡੇ ਕੋਲ ਆ ਰਹੇ ਹਨ। ਜਿਹਨਾਂ ਵਿਦਿਆਰਥੀਆਂ ਦੇ ਵੀਜ਼ੇ ਲਗ ਜਾਂਦੇ ਹਨ ਉਹ ਵਿਦੇਸ਼ਾਂ ਵਿੱਚ ਕੰਮ ਦੇ ਬੋਝ ਤੇ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਲਈ ,ਕਰਜ਼ਿਆਂ ਦੇ ਬੋਝ ਕਾਰਣ ਸਟਰੈਸ ਵਿੱਚ ਹਨ।ਰਿਸ਼ਤੇਦਾਰੀ ਦੀ ਘਾਟ ਕਾਰਨ ਉਹ ਆਪਣੇ ਮਨ ਦਾ ਬੋਝ ਵੀ ਹਲਕਾ ਨਹੀਂ ਕਰ ਸਕਦੇ।ਕਈ ਨਸ਼ਿਆਂ ਦੇ ਸ਼ਿਕਾਰ ਹੋ ਜਾਂਦੇ ਹਨ।ਡਿਪ੍ਰੈਸ਼ਨ ਕਾਰਣ ਆਤਮ ਹੱਤਿਆ ਵੀ ਕਰ ਲੈਂਦੇ ਹਨ। ਜਿਹਨਾਂ ਦੇ ਬਚੇ ਵਿਦੇਸ਼ ਚਲੇ ਜਾਂਦੇ ਹਨ ਉਹ ਇੱਕਲਤਾ ਕਾਰਨ ਡਿਪ੍ਰੈਸ਼ਨ ਵਿਚ ਰਹਿੰਦੇ ਹਨ।ਜਿਹਨਾਂ ਦੇ ਬੱਚੇ ਵਿਦੇਸ਼ ਜਾਣ ਤੋਂ ਅਸਫਲ ਰਹਿੰਦੇ ਹਨ ਉਹ ਵੀ ਡਿਪ੍ਰੈਸ਼ਨ ਵਿੱਚ ਹਨ।ਇਹੋ ਜਿਹੇ ਕਈ ਮਰੀਜ਼ ਸਾਡੇ ਕੋਲ ਇਲਾਜ਼ ਲਈ ਆਉਂਦੇ ਹਨ।

**ਸੁਆਲ- ਡਿਪ੍ਰੈਸ਼ਨ ਦੇ ਲੱਛਣ ਤੇ ਇਲਾਜ ਕੀ ਹੈ?**

**ਜੁਆਬ -** ਡਿਪ੍ਰੈਸ਼ਨ ਨਾਲ ਗ੍ਰਸਿਤ ਵਿਅਕਤੀ ਦੇ ਕੋਲ ਬੈਠ ਕੇ ਉਸ ਨੂੰ ਆਪਣੇ ਵਿਸ਼ਵਾਸ ਵਿੱਚ ਲਓ, ਸਥਾਨਿਕ ਭਾਸ਼ਾ ਵਿੱਚ ਗੱਲ ਕਰੋ। ਇਸ ਤਰ੍ਹਾਂ ਡਿਪ੍ਰੈਸਡ ਵਿਅਕਤੀ ਹਰ ਗੱਲ ਖੁੱਲ ਕੇ ਕਰਦਾ ਹੈ। ਦੋ - ਚਾਰ ਮੁਲਾਕਾਤਾਂ ਵਿੱਚ ਹੀ ਉਸ ਦੇ ਅੰਦਰ ਸਮਾਇਆ ਡਿਪ੍ਰੈਸ਼ਨ, ਹਤਾਸ਼ਾ ਘੱਟ ਹੋਣ ਲੱਗਦੀ ਹੈ ਅਤੇ ਇਸ ਨਾਲ ਆਤਮ ਹੱਤਿਆ ਦੀ ਪ੍ਰਵਿਰਤੀ ਘਟਣ ਲੱਗਦੀ ਹੈ। ਇਸ ਤਰ੍ਹਾਂ ਦੇ ਵਿਅਕਤੀ ਨੂੰ ਪਰਵਾਰ ਨਾਲ ਜ਼ਿਆਦਾ ਸਮਾਂ ਬਿਤਾਉਂਣਾ ਚਾਹੀਦਾ ਹੈ।

ਬਹੁਤ ਜ਼ਿਆਦਾ ਖੁਸ਼ ਰਹਿਣਾ ਜਾਂ ਚਿੜਚਿੜਾਪਣ ਰਹਿਣਾ, ਲੋੜ ਤੋਂ ਜਿਆਦਾ ਗੱਲਾਂ ਕਰਨੀਆਂ, ਪੈਸਾ ਖਰਚਣਾ, ਨੀਂਦ ਦੀ ਘੱਟ ਲੋੜ ਮਹਿਸੂਸ ਕਰਨਾ, ਕੰਮ ਵਿੱਚ ਕਮੀ ਵਰਗੇ ਅਜਿਹੇ ਲੱਛਣ ਇੱਕ ਹਫਤੇ ਤੋਂ ਰਹਿਣ ਤਾਂ ਉਸ ਨੂੰ ਉਦਾਸੀ ਦਾ ਵਿਕਾਰ ਕਿਹਾ ਜਾਂਦਾ ਹੈ।ਬਿਨਾਂ ਕਿਸੇ ਕਾਰਨ ਵਾਰ-ਵਾਰ ਦਿਲ ਦੀ ਧੜਕਣ ਵਧਣਾ, ਤ੍ਰੇਲੀਆਂ ਆਉਣਾ, ਸਾਹ ਘੁਟਣਾ, ਚੱਕਰ ਆਉਣੇ ਆਦਿ ਘਬਰਾਹਟ ਦੇ ਵਿਕਾਰ ਦੇ ਲੱਛਣ ਹਨ।

ਅਣਚਾਹੇ ਵਿਚਾਰ ਅਤੇ ਮਜ਼ਬੂਰਨ ਹਰਕਤਾਂ ਸਬੰਧੀ ਵਿਕਾਰ, ਕੰਮ ਪੂਰਾ ਨਾ ਹੋਣ ਦੇ ਭੁਲੇਖੇ ਆਦਿ ਸਬੰਧੀ ਮਨ ਵਿੱਚ ਅਣਚਾਹੇ ਵਿਚਾਰ ਆਉਣਾ ਅਤੇ ਉਸ ਨੂੰ ਪੂਰਾ ਕਰਨ ਲਈ ਮਜ਼ਬੂਰੀ, ਵੱਧ ਸਫਾਈ ਲਈ ਵਾਰ-ਵਾਰ ਹੱਥ ਧੋਣਾ ਜਾਂ ਹੋਰ ਚੀਜ਼ਾਂ, ਤਾਲੇ, ਗੈਸ-ਚੁੱਲ੍ਹਾ ਚੈੱਕ ਕਰਨਾ ਆਦਿ ਮਾਨਸਿਕ ਵਿਕਾਰ ਦੀਆਂ ਨਿਸ਼ਾਨੀਆਂ ਹਨ।



ਠੀਕ ਹੋਣ ਦੇ ਬਾਵਜੂਦ ਵੀ ਰੋਗੀ ਵਾਰ-ਵਾਰ ਲੰਮੇ ਸਮੇਂ ਤੋਂ ਸਰੀਰ ਦੇ ਵੱਖਰੇ-ਵੱਖਰੇ ਹਿੱਸੇ ਵਿਚ ਦਰਦਾਂ ਦੀ ਸ਼ਿਕਾਇਤ ਕਰਦਾ ਹੈ।

ਯਾਦਾਸ਼ਤ ਘਟਣਾ, ਸਰੀਰ ਦੇ ਕਿਸੇ ਅੰਗ ਦੇ ਸਹੀ ਤਰ੍ਹਾਂ ਕੰਮ ਨਾ ਕਰਨਾ ਅਤੇ ਘਬਰਾਹਟ ਤੋਂ ਉਤਪੰਨ ਦੌਰੇ ਆਦਿ ਸ਼ਾਮਿਲ ਹਨ।

ਬੁਢਾਪੇ ਦੌਰਾਨ ਲਗਾਤਾਰ ਘੱਟੋ-ਘੱਟ ਛੇ ਮਹੀਨੇ ਤੋਂ ਯਾਦਾਸ਼ਤ ਦਾ ਕਮਜ਼ੋਰ ਹੋਣਾ, ਖਾਣਾ ਖਾਣਾ, ਕੱਪੜੇ ਪਾਉਣਾ, ਨਹਾਉਣਾ, ਰੋਜ਼ਾਨਾ ਦੇ ਕੰਮ ਕਰਨਾ ਆਦਿ ਭੁੱਲਣਾ ਇਸ ਰੋਗ ਦੀਆਂ ਨਿਸ਼ਾਨੀਆਂ ਹਨ

ਅਚਾਨਕ ਦਿਮਾਗ ਵਿੱਚ ਕੁੱਝ ਗੜਬੜ ਹੋਣ ਨਾਲ ਦੌਰੇ ਪੈਣੇ, ਜਿਸ ਦੌਰਾਨ ਮਰੀਜ਼ ਦਾ ਸੰਤੁਲਨ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਅਤੇ ਮਰੀਜ਼ ਨੂੰ ਸੱਟ-ਫੇਟ ਲੱਗਣ ਦਾ ਵੀ ਖਤਰਾ ਰਹਿੰਦਾ ਹੈ, ਪੂਰਨ ਬੇਹੋਸ਼ੀ, ਅਚਾਨਕ ਡਿੱਗ ਜਾਣਾ ਅਤੇ ਝਟਕੇ ਲੱਗਣਾ ਆਦਿ ਮੁੱਖ ਲੱਛਣ ਹਨ।

ਡਿਪ੍ਰੈਸ਼ਨ ਦਾ ਇਲਾਜ਼ ਮਰੀਜ਼ ਦੀ ਮਾਨਸਿਕ ਅਵਸਥਾ ’ਤੇ ਨਿਰਭਰ ਕਰਦਾ ਹੈ। ਦਵਾਈਆਂ ਰਾਹੀਂ ਜਾਂ ਸਲਾਹ-ਮਸ਼ਵਰੇ, ਵਿਸਥਾਰ ਵਿੱਚ ਗੱਲਬਾਤ ਨਾਲ ਕੀਤੀ ਜਾ ਸਕਦੀ ਹੈ ਮਾਨਸਿਕ ਰੋਗਾਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਮਨੋਰੋਗ ਮਾਹਿਰ ਅਤੇ ਕੌਂਸਲਰ ਦੀ ਸੁਵਿਧਾ ਉਪਲੱਬਧ ਹੈ ਅਤੇ ਲੋੜ ਪੈਣ ’ਤੇ ਮਰੀਜਾਂ ਨੂੰ ਦਾਖਲ ਕਰਨ ਦਾ ਪ੍ਰਬੰਧ ਵੀ ਹੈ।

ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੂੰ ਮਰੀਜ਼ ਦੀ ਸਹੀ ਸਥਿਤੀ ਦੱਸਦਿਆਂ ਉਸ ਦੀ ਮਾਨਸਿਕਤਾ ਨੂੰ ਸਮਝਣ ਤੇ ਉਸ ਅਨੁਸਾਰ ਸਹੀ ਵਿਹਾਰ ਕਰਨ ਦੇ ਤਰੀਕੇ ਵੀ ਸਿਖਾਏ ਜਾਂਦੇ ਹਨ।

ਸਕਾਰਾਤਮਕ ਰਵੱਈਆ ਅਪਣਾਉਣਾ ਮਹੱਤਵਪੂਰਨ ਹੈ ਕੁਝ ਤਰੀਕੇ, ਜਿਨ੍ਹਾਂ ਦੁਆਰਾ ਤੁਸੀਂ ਅਜਿਹਾ ਕਰਦੇ ਹੋ, ਉਨ੍ਹਾਂ ਵਿੱਚ ਸਕਾਰਾਤਮਕ ਅਤੇ ਨਕਾਰਾਤਮਕ ਭਾਵਨਾਵਾਂ ਦੇ ਵਿੱਚ ਸੰਤੁਲਨ ਬਣਾਉਣਾ ਸ਼ਾਮਲ ਹੈ ਨਕਾਰਾਤਮਕ ਭਾਵਨਾਵਾਂ ਜਿਵੇਂ ਨਿਰਾਸ਼ਾ, ਬੇਇੱਜਤੀ ਜਾਂ ਗੁੱਸੇ ਨੂੰ ਮਹਿਸੂਸ ਕਰਨਾ ਵੀ ਜਰੂਰੀ ਹੈ ਤਾਂ ਜੋ ਸਥਿਤੀ ਮੁਤਾਬਕ ਮੁਸ਼ਕਲ ਦਾ ਹੱਲ ਵੀ ਕੀਤਾ ਜਾ ਸਕੇ ।

ਸ਼ੁੱਭ ਇੱਛਾਵਾਂ, ਅਹਿਸਾਨ ਤੇ ਧੰਨਵਾਦ ਦੀ ਭਾਵਨਾ ਰੱਖੋ:- ਜ਼ਿੰਦਗੀ ਵਿੱਚ ਚੰਗੀਆਂ ਚੀਜ਼ਾਂ ਅਤੇ ਮੱਦਦਗਾਰਾਂ, ਸਹਿਯੋਗੀਆਂ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਸ ਨਾਲ ਚੰਗੇ ਵਿਚਾਰ ਅਤੇ ਦੂਸਰਿਆਂ ਨਾਲ ਰਿਸ਼ਤੇ ਮਜ਼ਬੂਤ ਬਣਦੇ ਹਨ ਦੂਜਿਆਂ ਨਾਲ ਤਾਲਮੇਲ ਅਤੇ ਪਿਆਰ ਬਣਾਓ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਦੂਜਿਆਂ ਨਾਲ ਤਾਲਮੇਲ, ਨਿਰਭਰਤਾ ਅਤੇ ਸਹਿਯੋਗ ਦੀ ਭਾਵਨਾ ਨਾਲ ਭਾਈਚਾਰਕ ਸਾਂਝ, ਦੋਸਤੀ ਅਤੇ ਚੰਗੇ ਸਬੰਧ ਬਣੇ ਰਹਿੰਦੇ ਹਨ ਜਿਸ ਨਾਲ ਜ਼ਿੰਦਗੀ ਖੁਸ਼ਹਾਲ ਰਹਿੰਦੀ ਹੈ ਮਨ ਵਿੱਚ ਗੁੱਸਾ-ਗਿਲਾ ਅਤੇ ਕਿਸੇ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਨਤੀਜੇ ਵੱਜੋਂ ਮਾਨਸਿਕ ਸਿਹਤ ਤੰਦਰੁਸਤ ਰਹਿੰਦੀ ਹੈ।

**ਸੁਆਲ -ਮਾਨਸਿਕ ਸਿਹਤ ਨੂੰ ਤੰਦਰੁਸਤ ਕਿਵੇਂ ਰਖਿਆ ਜਾਵੇ ?**

**ਜੁਆਬ** -ਮਾਨਸਿਕ ਸਿਹਤ ਵੀ ਸਰੀਰਕ ਸਿਹਤ ਵਾਂਗ ਹੀ ਹੁੰਦੀ ਹੈ ਜਿਸ ਦਾ ਧਿਆਨ ਰੱਖਣਾ ਵੀ ਉਨਾ ਹੀ ਜ਼ਰੂਰੀ ਹੈ। ਸਰੀਰਕ ਅਤੇ ਮਾਨਸਿਕ ਸਿਹਤ ਆਪਸ ਵਿੱਚ ਜੁੜੀ ਹੋਈ ਹੈ ਅਤੇ ਦੋਵਾਂ ਦਾ ਧਿਆਨ ਰੱਖਣ ਦੇ ਕੁਝ ਤਰੀਕੇ ਹਨ:-

ਸਰੀਰਕ ਤੌਰ ’ਤੇ ਕਿਰਿਆਸ਼ੀਲ ਹੋਣਾ: ਕਸਰਤ ਮਾਨਸਿਕ ਪ੍ਰੇਸ਼ਾਨੀ, ਚਿੰਤਾ-ਤਣਾਅ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਕਾਫੀ ਹੱਦ ਤੱਕ ਘਟਾ ਸਕਦੀ ਹੈ ਅਤੇ ਤੁਹਾਡੇ ਮੂਡ ਵਿਚ ਸੁਧਾਰ ਹੋ ਸਕਦਾ ਹੈ,ਦਿਲ ਦੀ ਧੜਕਣ ਤੇਜ ਹੋ ਜਾਂਦੀ ਹੈ, ਸਰੀਰ ਨੂੰ ਪਸੀਨਾ ਆਉਂਦਾ ਹੈ, ਲਹੂ ਚੱਕਰ ਸਹੀ ਹੋ ਜਾਂਦਾ ਹੈ। ਵਾਧੂ ਕੈਲੋਰੀਆਂ ਸੜਦੀਆਂ ਹਨ, ਚਰਬੀ ਘਟਦੀ ਹੈ, ਜਿਸ ਨਾਲ ਕੋਲੈਸਟ੍ਰੋਲ ਦੀ ਕੋਈ ਸਮੱਸਿਆ ਨਹੀਂ ਹੁੰਦੀ, ਭਾਰ ਸੰਤੁਲਿਤ ਰਹਿੰਦਾ ਹੈ, ਸਰੀਰ ਅਤੇ ਦਿਮਾਗ ਨੂੰ ਤਰੋ-ਤਾਜ਼ਾ ਰੱਖਣ ਲਈ ਸਰੀਰਕ ਗਤੀਵਿਧੀਆਂ ਜਰੂਰੀ ਹਨ, ਦਿਲ ਅਤੇ ਦਿਮਾਗ ਤੰਦਰੁਸਤ ਰਹਿੰਦੇ ਹਨ, ਪਾਚਣ ਕਿਰਿਆ ਠੀਕ ਰਹਿੰਦੀ ਹੈ ਅਤੇ ਸਰੀਰਕ ਇਮਿਊਨਿਟੀ ਮਜ਼ਬੂਤ ਬਣੀ ਰਹਿੰਦੀ ਹੈ, ਸਰੀਰ ਅਰੋਗ ਰਹਿੰਦਾ ਹੈ। ਬੱਚਿਆਂ ਨੂੰ ਮੋਬਾਇਲ ਤੋਂ ਦੂਰ ਕਰਨਾ ਅੱਜ ਦੀ ਬਹੁਤ ਹੀ ਗੰਭੀਰ ਸਮੱਸਿਆ ਹੈ, ਬੱਚਿਆਂ ਨੂੰ ਵੀ ਸਰੀਰਕ ਸਰਗਰਮੀਆਂ ’ਚ ਸ਼ਾਮਿਲ ਕਰਨਾ ਚਾਹੀਦਾ ਹੈ

ਨੀਂਦ ਤੁਹਾਡੇ ਮੂਡ ਨੂੰ ਪ੍ਰਭਾਵਿਤ ਕਰਦੀ ਹੈ ਜੇ ਚੰਗੀ ਨੀਂਦ ਨਹੀਂ ਆਉਂਦੀ, ਤਾਂ ਤੁਸੀਂ ਚਿੜਚਿੜੇ ਅਤੇ ਗੁੱਸੇ ਵਿੱਚ ਵਧੇਰੇ ਅਸਾਨੀ ਨਾਲ ਆ ਸਕਦੇ ਹੋ ਜੇ ਕਾਫੀ ਲੰਮੇ ਸਮੇਂ ਤੱਕ ਅਨੀਂਦਰਾ ਰਹੇ ਤਾਂ ਮਾਨਸਿਕ ਸਿਹਤ ਖਰਾਬ ਹੋ ਸਕਦੀ ਹੈ। ਡਿਪਰੈਸ਼ਨ ਦਾ ਡਰ ਬਣ ਸਕਦਾ ਹੈ, ਇਸ ਲਈ ਇਹ ਕੋਸ਼ਿਸ਼ ਕਰੋ ਕਿ ਤੁਸੀਂ ਨਿਯਮਿਤ ਤੌਰ ’ਤੇ ਹਰ ਰੋਜ਼ ਰਾਤ ਨੂੰ 6 ਤੋਂ 8 ਘੰਟਿਆਂ ਦੀ ਨੀਂਦ ਲਓ।

ਸੰਤੁਲਿਤ ਭੋਜਨ: ?ਤੁਹਾਨੂੰ ਸਰੀਰਕ ਤੌਰ ’ਤੇ ਤੰਦਰੁਸਤ ਰੱਖਣ ਤੋਂ ਇਲਾਵਾ, ਚੰਗਾ ਪੋਸ਼ਣ ਤੁਹਾਡੀ ਮਾਨਸਿਕ ਸਥਿਤੀ ਨੂੰ ਬਿਹਤਰ ਸਥਿਤੀ ਵਿੱਚ ਰੱਖਣ ਵਿੱਚ ਵੀ ਸਹਾਇਤਾ ਕਰਦਾ ਹੈ ਇੱਕ ਸੰਤੁਲਿਤ ਖੁਰਾਕ ਚਿੰਤਾ ਅਤੇ ਤਣਾਅ ਨੂੰ ਘਟਾ ਸਕਦੀ ਹੈ, ਇਸ ਤੋਂ ਇਲਾਵਾ ਕੁਝ ਖਾਸ ਪੌਸ਼ਟਿਕ ਤੱਤਾਂ ਦਾ ਸੇਵਨ ਕਰਨ ਨਾਲ ਕੁਝ ਮਾਨਸਿਕ ਵਿਗਾੜ ਤੋਂ ਦੂਰੀ ਬਣਾਈ ਜਾ ਸਕਦੀ ਹੈ।ਧਿਆਨ ਲਗਾਉ ,ਸੰਤੁਸ਼ਟ ਰਹੋ, ਖੁਸ਼ ਰਹੋ ਅਤੇ ਦੂਜਿਆਂ ਨੂੰ ਦੇਖ ਈਰਖਾ ਦੀ ਭਾਵਨਾ ਤੋਂ ਬਚੋ।

**ਸੁਆਲ -ਮਾਈਗ੍ਰੇਨ ਦੇ ਕੀ ਲੱਛਣ ਹਨ ?**

**ਜੁਆਬ-** ਮਾਈਗ੍ਰੇਨ ਦੀ ਸਮੱਸਿਆ ਲਗਾਤਾਰ ਵਧਦੀ ਜਾ ਰਹੀ ਹੈ। ਹਰ ਉਮਰ ਦੇ ਲੋਕ ਮਾਈਗ੍ਰੇਨ ਦੀ ਲਪੇਟ ਚ ਆ ਰਹੇ ਹਨ। ਮਾਈਗਰੇਨ ਗੰਭੀਰ ਸਿਰ ਦਰਦ, ਉਲਟੀਆਂ ਅਤੇ ਚੱਕਰ ਆਉਣ ਦਾ ਕਾਰਨ ਬਣ ਸਕਦਾ ਹੈ। (ਬਾਕੀ ਸਫ਼ਾ 31 ’ਤੇ)

ਕਹਾਣੀ

# ਬਾਸਮਤੀ ਦੀ ਮਹਿਕ

ਨਵਤੇਜ ਸਿੰਘ



ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਾਡਾ ਵਤਨ ਨਵਾਂ ਨਵਾਂ ਵੰਡਿਆ ਗਿਆ ਸੀ ਤੇ ਇਹਦੇ ਦੋਵਾਂ ਹਿੱਸਿਆਂ ਵਿੱਚ ਭੂਤਾਂ ਨੇ ਉਧੜ-ਧੁੰਮੀ ਮਚਾਈ ਹੋਈ ਸੀ।

ਰਣਧੀਰ ਅੰਮ੍ਰਿਤਸਰ ਵਿੱਚ ਫਸਿਆ ਹੋਇਆ ਸੀ। ਉਹਨੇ ਦਿੱਲੀ ਆਪਣੇ ਮਾਪਿਆਂ ਕੋਲ ਪੁੱਜਣਾ ਸੀ, ਪਰ ਗੱਡੀਆਂ ਰੁਕੀਆਂ ਹੋਈਆਂ ਸਨ, ਜਾਂ ਕਦੇ ਕਦੇ ਸ਼ਰਨਾਰਥੀਆਂ ਨਾਲ ਤੂੜੀਆਂ ਚੱਲਦੀਆਂ ਸਨ।

ਹਾਰ ਕੇ ਅਖ਼ੀਰ ਉਹ ਆਪਣੇ ਦੋਸਤ ਬਲਬੀਰ ਨਾਲ ਉਹਦੇ ਮੋਟਰਸਾਈਕਲ ਉਤੇ ਹੀ ਜਲੰਧਰ ਵੱਲ ਤੁਰ ਪਿਆ।

ਬਲਬੀਰ ਨੇ ਵੀ ਦਿੱਲੀ ਕਿਸੇ ਬੜੇ ਜ਼ਰੂਰੀ ਕੰਮ ਲਈ ਜਾਣਾ ਸੀ। ਫ਼ੌਜੀ ਟਰੱਕਾਂ ਅੱਜ ਕੱਲ੍ਹ ਜਲੰਧਰੋਂ ਆਮ ਦਿੱਲੀ ਜਾਂਦੀਆਂ ਨੇ , ਬਲਬੀਰ ਨੇ ਉਹਨੂੰ ਦੱਸਿਆ ਸੀ, ਟਰੱਕਾਂ ਦਾ ਇੰਚਾਰਜ ਮੇਜਰ ਮੇਰਾ ਚੰਗਾ ਵਾਕਫ਼ ਏ, ਉਹਦੇ ਰਾਹੀਂ ਦਿੱਲੀ ਜਾਣ ਦਾ ਕੋਈ ਰਾਹ ਨਿਕਲ ਹੀ ਆਏਗਾ।

ਅੱਜ ਕੱਲ੍ਹ ਤਾਂ ਭਾਵੇਂ ਜਲੰਧਰ ਅੰਮ੍ਰਿਤਸਰੋਂ ਇਕ ਦੁਰਾਡੇ ਮੁਹੱਲੇ ਵਾਂਗ ਜਾਪਦਾ ਹੈ, ਪਰ ਉਨ੍ਹੀਂ ਦਿਨੀਂ ਦੋਵਾਂ ਸ਼ਹਿਰਾਂ ਵਿਚਾਲੇ ਲਾਸ਼ਾਂ ਨਾਲ ਹੜ੍ਹੇ ਹੋਏ ਨਾਲੇ ਵਗਦੇ ਸਨ ਤੇ ਸੜਕਾਂ ਕਾਫ਼ਲਿਆਂ ਨਾਲ ਡੱਕੀਆਂ ਹੋਈਆਂ ਸਨ। ਕਾਫ਼ਲਾ-ਸਾਲਾਰ ਊਠਾਂ ਉਤੇ ਨਹੀਂ ਸਨ, ਟੈਂਕਾਂ ਵਿੱਚ ਸਨ, ਤੇ ਕਾਫ਼ਲੇ ਵਾਲੇ ਆਪਣੀ ਮੰਜ਼ਲ ਵੱਲ ਨਹੀਂ ਸਨ ਵਧ ਰਹੇ, ਮੰਜ਼ਲੋਂ ਭਟਕਾਏ ਔਝੜਾਂ ਨੂੰ ਹਿੱਕੇ ਜਾ ਰਹੇ ਸਨ। ਰਾਹ ਵਿੱਚ ਟੈਂਕਾਂ ਦੇ ਹੁੰਦਿਆਂ-ਸੁੰਦਿਆਂ ਆਪਣੇ ਹੀ ਵਤਨੀ, ਆਪਣੇ ਹੀ ਹਮਸਾਇਆਂ ਦੇ ਮੁਹਾਂਦਰੇ ਵਾਲੇ ਲੋਕ, ਧਾੜਵੀ ਬਣ ਕੇ ਟੁੱਟ ਪੈਂਦੇ ਸਨ ਤੇ ਚੀਕਾਂ ਸਨ, ਕੁਰਲਾਹਟਾਂ ਸਨ, ਅੱਖਾਂ ਸਨ। ਰਾਹ ਸਨ ਜਿਵੇਂ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਹੋਵੇ, ਤੇ ਡੰਗਰ ਤੇ ਉਨ੍ਹਾਂ ਦੇ ਮਨੁੱਖ ਮਾਲਕ ਇਕੱਠੇ ਮੋਏ ਪਏ ਸਨ, ਤੇ ਰਜ਼ਾਈਆਂ ਦੇ ਡਕਰੇ ਕੀਤੇ ਪਏ ਸਨ, ਸੜਕ ਕੰਢੇ ਦੇ ਰੁੱਖ ਰੁੰਡ-ਮੁੰਡ ਸਨ-ਕੁਰੁੱਤੀ ਪਤਝੜ ।

ਰਣਧੀਰ ਤੇ ਉਹਦਾ ਦੋਸਤ ਛੇ ਘੰਟਿਆਂ ਵਿੱਚ ਜਲੰਧਰ ਸ਼ਹਿਰ ਪੁੱਜੇ। ਸ਼ਹਿਰੋਂ ਬਲਬੀਰ ਨੇ ਛਾਉਣੀ ਆਪਣੇ ਵਾਕਫ਼ ਮੇਜਰ ਨੂੰ ਫੋਨ ਕੀਤਾ। ਮੇਜਰ ਨੇ ਅੱਗਿਉਂ ਦੱਸਿਆ ਕਿ ਸਬੱਬ ਨਾਲ ਕੱਲ੍ਹ ਸਵੇਰ ਸਾਰ ਚਾਰ ਵਜੇ ਦਿੱਲੀ ਜਾਣ ਵਾਲੀ ਟਰੱਕ ਵਿੱਚ ਦੋ ਜਣਿਆਂ ਦੀ ਥਾਂ ਹੈ ਸੀ। ਉਹਨੇ ਬੜੇ ਖੁੱਲ੍ਹੇ ਦਿਲ ਨਾਲ ਬਲਬੀਰ ਨੂੰ ਦੋਸਤ ਸਣੇ ਰਾਤ ਛਾਉਣੀ ਉਨ੍ਹਾਂ ਦੇ ਘਰ ਰਹਿਣ ਲਈ ਕਿਹਾ, ਏਨੀ ਸਵੇਰੇ ਤੁਸੀਂ ਸ਼ਹਿਰੋਂ ਪੁੱਜ ਨਹੀਂ ਸਕਣ ਲੱਗੇ।

ਦੋਵੇਂ ਕਿਸੇ ਹੋਟਲ ਵਿਚੋਂ ਰੋਟੀ ਖਾ ਕੇ ਛਾਉਣੀ ਵੱਲ ਹੋ ਪਏ। ਮੇਜਰ ਸਾਹਿਬ ਦੀ ਕੋਠੀ ਛੇਤੀ ਹੀ ਲੱਭ ਪਈ। ਸੁਡੌਲ ਤਕੜੇ ਸਰੀਰ ਵਾਲੇ ਮੇਜਰ ਸਾਹਿਬ ਬੜੇ ਖਿੜੇ ਮੱਥੇ ਅੱਗਿਉਂ ਮਿਲੇ, ਅਰਦਲੀ ਨੂੰ ਮੋਟਰਸਾਈਕਲ ਦੀ ਸੌਂਪਣਾ ਕਰ, ਦੋਵਾਂ ਪ੍ਰਾਹੁਣਿਆਂ ਨੂੰ ਆਪਣੇ ਡਰਾਇੰਗ ਰੂਮ ਵਿੱਚ ਲੈ ਗਏ।

ਅੰਦਰ ਉਨ੍ਹਾਂ ਦੇ ਹੋਰ ਦੋਸਤ ਵਰਦੀਆਂ ਪਾਈ ਬੈਠੇ ਸਨ। ਸ਼ਰਾਬ ਦੀਆਂ ਬੋਤਲਾਂ ਸਨ। ਊਣੇ ਤੇ ਭਰੇ ਬਲੌਰੀ ਗਲਾਸ ਸਨ। ਬੜੇ ਬਰੀਕ ਸੁਹਜ ਨਾਲ ਕਮਰਾ ਸਜਾਇਆ ਹੋਇਆ ਸੀ ਤੇ ਇਕ ਇਸਤਰੀ ਸੀ, ਮੇਰੀ ਵਾਈਫ ਸੁਖਵੰਤ, ਤੇ ਡਾਰਲਿੰਗ ਇਹ ਬਲਬੀਰ ਜੀ ਨੇ। ਮੈਂ ਜ਼ਿਕਰ ਕੀਤਾ ਸੀ ਨਾ ਇਨ੍ਹਾਂ ਦਾ, ਜਿਹੜੇ ਮੈਨੂੰ ਗੁਲਮਰਗ ਮਿਲੇ ਸਨ ਤੇ ਬੜੀਆਂ ਸੁਹਣੀਆਂ ਤਸਵੀਰਾਂ ਖਿੱਚਦੇ ਹਨ, ਤੇ ਇਹ ਨੇ ਇਨ੍ਹਾਂ ਦੇ ਦੋਸਤ।

ਰਣਧੀਰ ਜੀ, ਸ਼ੈਦ ਤੁਸੀਂ ਇਨ੍ਹਾਂ ਦੀਆਂ ਕਵਿਤਾਵਾਂ। ਬਲਬੀਰ ਨੇ ਕਿਹਾ।

ਰਣਧੀਰ ਜੀ, ਜੀਅ ਆਇਆਂ ਨੂੰ। ਕਿਹਾ ਚੰਗਾ ਇਤਫਾਕ ਏ। ਡਾਰਲਿੰਗ, ਇਨ੍ਹਾਂ ਤੋਂ ਤਾਂ ਚੰਗੀ ਤਰ੍ਹਾਂ ਜਾਣੂ ਹਾਂ। ਅਸੀਂ ਕਾਲਜ ਵਿੱਚ ਇਕੱਠੇ ਪੜ੍ਹਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਮੇਰੇ ਪਿਤਾ ਜੀ ਦੇ ਬੜੇ ਦੋਸਤ ਨੇ। ਹਾਂ, ਰਣਧੀਰ ਜੀ, ਸੁਣਾਓ ਕੀ ਹਾਲ ਏ ਤੁਹਾਡਾ।

ਕੁਝ ਰਸਮੀ ਗੱਲਾਂ ਪਿੱਛੋਂ ਮੇਜਰ ਸਾਹਿਬ ਤੇ ਬਲਬੀਰ ਪੀਣ ਵਾਲਿਆਂ ਵਿੱਚ ਜਾ ਸ਼ਾਮਲ ਹੋਏ।

ਰਣਧੀਰ ਪੀਂਦਾ ਨਹੀਂ ਸੀ, ਉਹਨੂੰ ਸੁਖਵੰਤ ਨੇ ਮਹਿਫ਼ਲ ਤੋਂ ਦੁਰੇਡੇ ਆਪਣੇ ਕੋਲ ਬਿਠਾ ਲਿਆ।

ਸੁਖਵੰਤ ਤੇ ਰਣਧੀਰ ਜਿਥੇ ਬੈਠੇ ਸਨ, ਉਥੇ ਇਕ ਅਜੀਬ ਜਿਹੀ ਚੁੱਪ ਸੀ।

ਕਦੇ ਕਦੇ ਚੁੱਪ ਟੁੱਟਦੀ: ਤੁਹਾਡੇ ਮਾਤਾ ਜੀ ਰਾਜ਼ੀ ਨੇ ? ਕਿਥੇ ਹੁੰਦੇ ਨੇ ਅੱਜ ਕੱਲ੍ਹ ?

ਹਾਂ, ਬੜੇ ਰਾਜ਼ੀ, ਤੇ ਤੁਹਾਡੀ ਮਾਤਾ ਜੀ ਠੀਕ ਨੇ ?

ਹਾਂ ਤੇ ਤੁਹਾਡੀਆਂ ਕਵਿਤਾਵਾਂ ਦਾ ਕੀ ਹਾਲ ਏ ?

ਕਵਿਤਾਵਾਂ ! ਉਹ ਰਾਜ਼ੀ ਨਹੀਂ, ਤੇ ਤੁਹਾਡੇ ਗੌਣ ਦਾ ਕੀ ਹਾਲ ਏ ?

ਉਹ ਵੀ ਰਾਜ਼ੀ ਨਹੀਂ।

ਰਣਧੀਰ ਤੇ ਸੁਖਵੰਤ ਦੋਵੇਂ ਹੱਸ ਪਏ, ਪਰ ਜਿਵੇਂ ਕਈ ਵਾਰ ਕਿਸੇ ਚਿੱਟੀ ਸ਼ੈਅ ਵਿੱਚ ਚਿਟਿਆਈ ਘੱਟ ਤੇ ਹੋਰ ਕੋਈ ਭਾਅ ਵੱਧ ਹੁੰਦੀ ਹੈ, ਇੰਜ ਹੀ ਦੋਵਾਂ ਦੇ ਹਾਸੇ ਵਿਚ ਹਾਸਾ ਘੱਟ ਤੇ ਹੋਰ ਕਿਸੇ ਜਜ਼ਬੇ ਦੀ ਭਾਅ ਵੱਧ ਸੀ।

ਦੂਜੇ ਪਾਸੇ ਮਹਿਫ਼ਲ ਜੰਮਦੀ ਜਾ ਰਹੀ ਸੀ, ਗਲਾਸ ਖਣਕ ਰਹੇ ਸਨ, ਕੋਈ ਵਲੈਤੀ ਸੁਰ ਟੁਣਟੁਣਾ ਰਿਹਾ ਸੀ।

ਸੁਖਵੰਤ ਤੇ ਰਣਧੀਰ ਵਿਚਾਲੇ ਫੇਰ ਕੁਝ ਚਿਰ ਪਿਛੋਂ ਚੁੱਪ ਟੁੱਟੀ: ਧੀਰ ਤੂੰ ਮੇਰੇ ਨਾਲ ਨਾਰਾਜ਼ ਏ ? ਸੁਖਵੰਤ ਦੇ ਬੁੱਲ੍ਹ ਬੇਮਲੂਮੇ ਕੰਬ ਰਹੇ ਸਨ।

ਜਦੋਂ ਦਾ ਉਹ ਆਇਆ ਸੀ, ਉਦੂੰ ਪਿਛੋਂ ਹੁਣ ਕਿਤੇ ਰਣਧੀਰ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸੁਖਵੰਤ ਨਾਲ ਆਪਣੀਆਂ ਅੱਖਾਂ ਭਰ ਲਈਆਂ ਭਰੇ ਭਾਂਡੇ ਬੇਆਵਾਜ਼ ਹੁੰਦੇ ਹਨ।

ਧੀਰ, ਤੂੰ ਮੈਨੂੰ ਮੁਆਫ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁੱਖ ਦਿੱਤਾ ਏ।

ਤੂੰ ਮੈਨੂੰ ਅਨੰਤ ਬਣਾ ਦਿੱਤਾ, ਅਜਿਹਾ ਹੈ ਤੇਰਾ ਅਨੰਦ। ਟੈਗੋਰ ਦੀਆਂ ਇਹ ਸਤਰਾਂ ਕਦੇ ਰਣਧੀਰ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਉਤੇ ਲਿਖ ਕੇ ਸੁਖਵੰਤ ਨੂੰ ਦਿੱਤੀਆਂ ਸਨ ।

ਧੀਰ ਮੈਨੂੰ ਮੁਆਫ਼।

ਮੇਜਰ ਸਾਹਿਬ ਆ ਗਏ, ਐਕਸਕਯੂਜ਼ ਮੀ, ਡਾਰਲਿੰਗ। ਡਾਕਟਰ ਕਹਿ ਰਿਹਾ ਏ, ਹੋਰ ਲੇਟ ਤੁਹਾਨੂੰ ਨਹੀਂ ਜਾਗਣਾ ਚਾਹੀਦਾ, ਤੇ ਬੇਬੀ ਦੇ ਫੀਡ ਦਾ ਵੀ ਵਕਤ ਹੋ ਗਿਆ ਏ, ਆਯਾ ਬੁਲਾਣ ਆਈ ਸੀ।

ਮੇਜਰ ਸਾਹਿਬ ਦੇ ਬੋਲ ਕੁਝ ਥਥਲਾ ਰਹੇ ਸਨ, ਲੱਤਾਂ ਵਿੱਚ ਬੇਮਲੂਮੀ ਕੰਬਣੀ ਸੀ, ਹੱਥ ਵਿੱਚ ਫੜਿਆ ਗਲਾਸ ਵੀ ਕੰਬ ਰਿਹਾ ਸੀ।

ਚੰਗਾ ਰਣਧੀਰ ਜੀ, ਮੁਆਫ ਕਰਨਾ ਬੇਬੀ ਛੋਟਾ ਏ, ਤੇ ਨਾਲੇ ਮੈਂ ਹੁਣੇ ਹੁਣੇ ਟਾਈਫ਼ਾਈਡ ਤੋਂ ਉਠੀ ਹਾਂ ।

ਤੇ ਸੁਖਵੰਤ ਚਲੀ ਗਈ।

ਇਕਦਮ ਰਣਧੀਰ ਨੂੰ ਜਾਪਿਆ ਕਿ ਕਮਰੇ ਵਿੱਚ ਹੁਣ ਸ਼ਰਾਬ ਦੀ ਬੂ ਹੀ ਬਾਕੀ ਰਹਿ ਗਈ ਸੀ।

ਤੁਸੀਂ ਸਾਡੇ ਵਿੱਚ ਤਾਂ ਮਿਕਸ ਨਹੀਂ ਹੁੰਦੇ। ਉਨ੍ਹਾਂ ਕਿਤਾਬਾਂ ਨਾਲ ਹੀ ਦਿਲ ਲਾ ਲਓ। ਹੈਰਾਨ ਕਿਉਂ ਹੁੰਦੇ ਹੋ, ਉਹ ਸੁਖਵੰਤ ਦੀਆਂ ਕਿਤਾਬਾਂ ਦੀ ਅਲਮਾਰੀ ਏ। ਅਸੀਂ ਫੌਜੀ ਆਦਮੀ ਕਿਥੇ ਲਿਟਰੇਚਰ ਨਾਲ ਮਗਜ਼ ਮਾਰਦੇ ਹਾਂ, ਉਮੀਦ ਏ ਕੁਝ ਇੰਟਰਸਟਿੰਗ ਤੁਹਾਨੂੰ ਉਸ ਅਲਮਾਰੀ ਵਿਚੋਂ ਲੱਭ ਪਏਗਾ। ਵੈਸੇ ਸੌਣ ਲਈ ਬਾਹਰ ਵਰਾਂਡੇ ਵਿੱਚ ਤੁਹਾਡੇ ਦੋਵਾਂ ਦੇ ਬਿਸਤਰ ਲੁਆਏ ਹੋਏ ਨੇ। ਜਦੋਂ ਵੀ ਸੌਣਾ ਚਾਹੋ, ਯੂ ਆਰ ਵੈਲਕਮ, ਆਪਣਾ ਘਰ ਸਮਝੋ। ਹਾਂ, ਤੇ ਬਲਬੀਰ ਤਾਂ ਯਾਰ ਬਾਸ਼ ਬੰਦਾ ਏ, ਉਹ ਤਾਂ ਸਾਡੇ ਕੋਲ ਦੇਰ ਲਾਏਗਾ। ਅੱਛਾ ਐਕਸਕਯੂਜ਼ ਮੀ। ਮੇਜਰ ਸਾਹਿਬ ਆਪਣੀ ਮਹਿਫ਼ਲ ਵਿੱਚ ਜਾ ਰਲੇ।

ਸੁਖਵੰਤ ਦੀਆਂ ਕਿਤਾਬਾਂ ਕੋਲ ਰਣਧੀਰ ਇਕੱਲਾ ਖੜੋਤਾ ਰਿਹਾ। ਕਿੰਨੀਆਂ ਹੀ ਕਿਤਾਬਾਂ ਉਹਦੀਆਂ ਜਾਣੀਆਂ ਪਛਾਣੀਆਂ ਸਨ। ਉਹ ਟੈਗੋਰ ਦੀ ਚੋਣਵੀਂ ਰਚਨਾ ਸੀ, ਉਹ ਕਾਲੀਦਾਸ ਦੀ 'ਸ਼ਕੁੰਤਲਾ', ਉਹ ਚੈਖੋਵ ਦੀਆਂ ਕਹਾਣੀਆਂ ਸਨ ਤੇ ਉਹ ਗੋਰਕੀ ਦਾ ਨਾਵਲ 'ਮਾਂ'। ਤੇ ਕੋਲ ਉਹਦਾ ਆਪਣਾ ਪਹਿਲਾ ਕਾਵਿ ਸੰਗ੍ਰਿਹ ਪਿਆ ਸੀ।

ਉਹਨੇ ਚੁਪਾਸੀਂ ਝਾਤੀ ਮਾਰੀ ਤੇ ਚੋਰਾਂ ਵਾਂਗ ਆਪਣੇ ਸੰਗ੍ਰਿਹ ਦਾ ਪਹਿਲਾ ਵਰਕਾ ਫੋਲਿਆ, ਉਹਨੂੰ ਦਿਸਿਆ:

ਸੁਖਵੰਤ !
ਤੂੰ ਮੈਨੂੰ ਅਨੰਤ ਬਣਾ ਦਿੱਤਾ,
ਅਜਿਹਾ ਹੈ ਤੇਰਾ ਅਨੰਦ
-ਰਣਧੀਰ

ਤੇ ਉਹਦਾ ਦੂਜਾ ਸੰਗ੍ਰਹਿ ਵੀ ਹੈ ਸੀ, ਤੇ ਤੀਜਾ ਵੀ, ਤੇ ਉਹਦੀਆਂ ਕਵਿਤਾਵਾਂ ਵਾਲੇ ਰਿਸਾਲੇ ਵੀ।

ਹੁਣ ਸੁਖਵੰਤ ਚਲੀ ਗਈ ਸੀ। ਸਵੇਰੇ ਚਾਰ ਵਜੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ।

ਹੁਣੇ ਸੁਖਵੰਤ ਨੇ ਦੋ ਵਾਰ ਕਿਹਾ ਸੀ, ਧੀਰ, ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਬੜਾ ਦੁੱਖ ਦਿੱਤਾ ਏ।

ਤੇ ਰਣਧੀਰ ਚੁੱਪ ਰਿਹਾ ਸੀ, ਪਿਛਲੇ ਸਾਰੇ ਵਰ੍ਹੇ ਉਹਦੀ ਚੁੱਪ ਤੇ ਉਹਦੇ ਬੋਲ ਵਿਚਾਲੇ ਆਣ ਖੜੋਤੇ ਸਨ। ਨਾਰਾਜ਼ ਤਾਂ ਉਹ ਕਦੇ ਵੀ ਸੁਖਵੰਤ ਨਾਲ ਨਹੀਂ ਸੀ ਹੋਇਆ, ਤੇ ਜਦੋਂ ਵੀ ਸੁਖਵੰਤ ਨੇ ਉਹਦੇ ਕੋਲੋਂ ਕੁਝ ਮੰਗਿਆ ਸੀ, ਰਣਧੀਰ ਨੇ ਉਹਨੂੰ ਉਹ ਦਿੱਤਾ ਸੀ। ਤੇ ਅੱਜ ਸੁਖਵੰਤ ਨੇ ਮੁਆਫੀ ਮੰਗੀ ਸੀ। ਤੇ ਉਹ ਚੁੱਪ ਰਹਿ ਗਿਆ ਸੀ ਤੇ ਹੁਣ ਸੁਖਵੰਤ ਚਲੀ ਗਈ ਸੀ ਤੇ ਸਵੇਰੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ। ਉਹਦੀ ਇਹ ਮੰਗ ਹੁਣ ਉਹ ਕਿਸ ਤਰ੍ਹਾਂ ਪੂਰੀ ਕਰ ਸਕੇਗਾ। ਕਿਸ ਤਰ੍ਹਾਂ ਰਣਧੀਰ ਉਨ੍ਹਾਂ ਕਿਤਾਬਾਂ ਨਾਲ ਬੋਲਣਾ ਚਾਹੁੰਦਾ ਸੀ, ਸੁਖਵੰਤ ਦੀਆਂ ਕਿਤਾਬਾਂ ਨਾਲ; ਕਿਤਾਬਾਂ ਜਿਹੜੀਆਂ ਬੜਾ ਚਿਰ ਹੋਇਆ, ਉਹਦੇ ਤੇ ਸੁਖਵੰਤ ਦੇ ਦਿਲ ਵਿਚਾਲੇ ਪੁਲ ਬਣੀਆਂ ਸਨ।

ਉਹ ਕਿਵੇਂ ਲੋਚਦਾ ਸੀ ਕਿ ਕਦੇ ਜ਼ਿੰਦਗੀ ਦੇ ਇਨ੍ਹਾਂ ਵਿਸ਼ਾਲ ਰਾਹਾਂ ਉਤੇ ਉਹਨੂੰ ਸੁਖਵੰਤ ਪਲ ਦੀ ਪਲ ਮਿਲ ਪਏ। ਉਹਨੇ ਇਕ ਵਾਰੀ ਇਸ ਤਾਂਘ ਨੂੰ ਬਿਆਨ ਕਰਦਿਆਂ ਲਿਖਿਆ ਸੀ:

ਫੋਲ ਕੇ ਦਿਲ ਦੀ ਜੰਤਰੀ,
ਮੈਂ ਢੂੰਡਦਾ ਹਾਂ ਮਿਲਣ ਵਾਰ।

ਤੇ ਕਿਹੋ ਜਿਹੀ ਰੁੱਤੇ ਮਿਲਣ ਵਾਰ ਆਇਆ ਸੀ ਅੱਜ। ਇਨ੍ਹੀਂ ਦਿਨੀਂ ਜਦੋਂ ਧਰਤੀਆਂ ਤੋੜੀਆਂ-ਵਿਛੋੜੀਆਂ ਜਾ ਰਹੀਆਂ ਸਨ, ਜਦੋਂ ਉਹ ਉਨ੍ਹਾਂ ਰਾਹਾਂ ਉਤੇ ਲੰਘ ਕੇ ਆਇਆ ਸੀ, ਜਿਨ੍ਹਾਂ ਉਤੇ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਸੀ।

ਬਿੰਦ ਦੀ ਬਿੰਦ ਉਹ ਮਿਲੇ ਸਨ। ਸੰਗਦੀ ਸੰਗਦੀ ਖੁਸ਼ਬੋਆਂ ਦੀ ਨਦੀ ਉਹਦੇ ਵੱਲ ਵਗਣ ਲੱਗੀ ਸੀ, ਤੇ ਸ਼ਰਾਬ ਦੀ ਹਵਾੜ ਨੇ ਬੰਨ੍ਹ ਮਾਰ ਦਿੱਤਾ ਸੀ।

ਰਣਧੀਰ ਵਰਾਂਡੇ ਵਿੱਚ ਚਲਿਆ ਗਿਆ। ਬਿਸਤਰੇ ਉਤੇ ਲੇਟ ਗਿਆ। ਨੀਂਦ ਨਾ ਆਈ, ਪਰ ਬੀਤੇ ਵਰ੍ਹੇ ਪੋਲੇ ਪੱਬੀਂ ਉਹਦੇ ਕੋਲ ਆਉਂਦੇ ਰਹੇ।

ਉਨ੍ਹਾਂ ਦੇ ਪਿੰਡ ਦੇ ਨੇੜੇ ਬੜਾ ਰਮਣੀਕ ਨਾਲਾ ਵਗਦਾ ਸੀ। ਸਾਲ ਦੇ ਅਖੀਰ ਉਤੇ ਰਣਧੀਰ ਦੇ ਘਰ ਵਾਲੇ ਸ਼ਹਿਰੋਂ ਆਪਣੇ ਦੋਸਤਾਂ ਸਬੰਧੀਆਂ ਨੂੰ ਬੁਲਾ ਇਸ ਨਾਲੇ ਉਤੇ ਪਿਕਨਿਕ ਕਰਨ ਜਾਂਦੇ ਹੁੰਦੇ ਸਨ। ਅੱਠ ਵਰ੍ਹੇ ਹੋਏ ਪਿਕਨਿਕ ਵਿੱਚ ਪਹਿਲੀ ਵਾਰ ਸੁਖਵੰਤ ਆਈ ਸੀ। ਉਥੇ ਰਣਧੀਰ ਨੇ ਕਵਿਤਾ ਸੁਣਾਈ ਸੀ ਜਿਸ ਵਿੱਚ ਉਦਾਸੀ ਦਾ ਰੰਗ ਹੱਦੋਂ ਗੂੜ੍ਹਾ ਸੀ। ਸਭਨਾਂ ਨੇ ਪ੍ਰਸੰਸਾ ਵਿੱਚ ਜ਼ੋਰ ਜ਼ੋਰ ਨਾਲ ਤਾੜੀਆਂ ਮਾਰੀਆਂ ਸਨ, ਪਰ ਸੁਖਵੰਤ ਅਡੋਲ ਰਹੀ ਸੀ। ਪਿਕਨਿਕ ਦੀ ਗਹਿਮਾ-ਗਹਿਮੀ ਵਿੱਚ ਇਕੱਲੇ ਕਿਸੇ ਪਲ ਸੁਖਵੰਤ ਨੇ ਰਣਧੀਰ ਨੂੰ ਅਡੋਲ ਪੁੱਛਿਆ ਸੀ, ਕੀ ਤੁਸੀਂ ਸੱਚੀ-ਮੁੱਚੀਂ ਏਨੇ ਹੀ ਉਦਾਸ ਹੋ ਜਿੰਨੀ ਤੁਹਾਡੀ ਕਵਿਤਾ ਏ ? ਮੇਰਾ ਜੀਅ ਨਹੀਂ ਕਰਦਾ ਕਿ ਤੁਸੀਂ ਏਨੇ ਉਦਾਸ ਹੋਵੋ।

ਤੇ ਰਣਧੀਰ ਨੇ ਵੇਖਿਆ, ਸੁਖਵੰਤ ਦੀਆਂ ਅੱਖਾਂ ਨਿਸੰਗ, ਪੂਰੀਆਂ ਖੁੱਲ੍ਹੀਆਂ ਉਹਦੇ ਵੱਲ ਉਤਾਂਹ ਨੂੰ ਤੱਕ ਰਹੀਆਂ ਸਨ ਤੇ ਇਹ ਮਮੋਲੇ ਨੈਣ, ਇੱਕ ਦੁਨੀਆਂ ਆਪਣੇ ਅੰਦਰ ਸਾਂਭੀ ਰਣਧੀਰ ਵੱਲ ਉਵੇਂ ਦੇ ਉਵੇਂ ਤੱਕੀ ਜਾ ਰਹੇ ਸਨ।

ਉਦੋਂ ਵੀ ਰਣਧੀਰ ਅੱਜ ਵਾਂਗ ਹੀ ਚੁੱਪ ਰਿਹਾ ਸੀ। ਏਸ ਤੱਕਣੀ ਤੇ ਏਸ ਚੁੱਪ ਤੋਂ ਉਨ੍ਹਾਂ ਦੋਵਾਂ ਦੀ ਸਾਂਝੀ ਜ਼ਿੰਦਗੀ ਸ਼ੁਰੂ ਹੁੰਦੀ ਸੀ।

ਆਦਿ ਚੁੱਪ ।

ਅੰਤ ਚੁੱਪ ।

ਤੇ ਫੇਰ ਉਹ ਦੋਵੇਂ ਬੀ ਏ ਕਰ ਕੇ ਐਮ ਏ ਵਿੱਚ ਇਕੱਠੇ ਇਕੋ ਕਾਲਜ ਵਿੱਚ ਪੜ੍ਹੇ ਸਨ। ਵੰਨ-ਸਵੰਨੀਆਂ ਕਿਤਾਬਾਂ ਨੇ ਦੋਵਾਂ ਦਿਲਾਂ ਵਿਚਾਲੇ ਬੜਾ ਪਿਆਰਾ ਤੇ ਨਿੱਗਰ ਪੁਲ ਉਸਾਰ ਲਿਆ ਸੀ। ਰਣਧੀਰ ਦੀ ਕਵਿਤਾ ਸੁਖਵੰਤ ਨੂੰ ਬੜੀ ਚੰਗੀ ਲੱਗਦੀ ਸੀ। ਹੁਣ ਉਹਦੀ ਕਵਿਤਾ ਵਿੱਚ ਪਹਿਲਾਂ ਵਾਂਗ ਉਦਾਸੀ ਦਾ ਹੀ ਇਕ-ਰੰਗਾਪਣ ਨਹੀਂ ਸੀ ਰਿਹਾ, ਮਮੋਲੇ ਨੈਣਾਂ ਅੰਦਰ ਸਾਂਭੀ ਦੁਨੀਆਂ ਨੇ ਜਜ਼ਬਿਆਂ ਦੀ ਸਾਰੀ ਸਤਰੰਗੀ ਉਹਦੀਆਂ ਕਵਿਤਾਵਾਂ ਵਿੱਚ ਰਚਾ ਦਿੱਤੀ ਸੀ। ਰਣਧੀਰ ਨੂੰ ਸੰਗੀਤ ਬੜਾ ਪਿਆਰਾ ਲੱਗਦਾ ਸੀ ਤੇ ਸੁਖਵੰਤ ਦਾ ਕੋਈ ਗਲਾ ਸੀ !

ਤੇ ਫੇਰ ਉਹ ਦੋਵੇਂ ਸਾਰੇ ਕਾਲਜ ਵਿੱਚ ਟੈਨਿਸ ਦੇ ਜੇਤੂ ਖਿਡਾਰੀ ਹੋ ਗਏ।

ਕਿਤਾਬਾਂ ਪੜ੍ਹਦਿਆਂ ਤੇ ਖਿਆਲਾਂ ਵਿੱਚ ਤੂਫ਼ਾਨ ਆ ਗਿਆ। ਦੋਵਾਂ ਦੀ ਜਵਾਨੀ ਦੇ ਪਵਿੱਤਰ ਜਜ਼ਬਿਆਂ ਨੂੰ ਸੂਝ ਦੀ ਟੋਹਣੀ ਲੱਭ ਪਈ। ਉਨ੍ਹਾਂ ਮਨੁੱਖ ਦੀ ਸਾਂਝੀ ਖੁਸ਼ੀ ਸੰਗਰਾਮ ਤੇ ਇਸ ਸੰਗਰਾਮ ਵਿੱਚ ਸਾਥੀਆਂ ਵਿਚਾਲੇ ਪੁੰਗਰਦੀ ਮੁਹੱਬਤ ਦੇ ਰੰਗ ਆਪਣੇ ਵਿੱਚ ਰਚਾ ਲਏ। ਹੁਣ ਰਣਧੀਰ ਤੇ ਸੁਖਵੰਤ ਟੈਨਿਸ ਕੋਰਟ ਵਿੱਚ ਘੱਟ ਦਿਸਦੇ ਸਨ ਤੇ ਮੀਟਿੰਗਾਂ, ਬਹਿਸਾਂ, ਜਲਸਿਆਂ ਵਿੱਚ ਵੱਧ। ਰਣਧੀਰ ਦੀਆਂ ਕਵਿਤਾਵਾਂ ਵਿੱਚ ਲੋਕ ਪੀੜ ਦੀ ਚੀਸ, ਤੇ ਸਾਂਝੀਆਂ ਖੁਸ਼ੀਆਂ ਦੀ ਆਸ ਵੀ ਰਲ ਗਈ। ਸੁਖਵੰਤ ਉਹਦੇ ਲਿਖੇ ਗੀਤ ਬੜੇ ਜੋਸ਼ ਨਾਲ ਗਾਉਂਦੀ।

ਇਹ ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਸਾਡਾ ਦੋਗਾਣਾ ਏ , ਸੁਖਵੰਤ ਨੇ ਇਕ ਵਾਰ ਰਣਧੀਰ ਨੂੰ ਕਿਹਾ ਸੀ।

ਕਾਲਜ ਦੀ ਪੜ੍ਹਾਈ ਮੁਕਾ ਲੈਣ ਪਿਛੋਂ ਇੱਕ ਵਾਰ ਸੁਖਵੰਤ ਰਣਧੀਰ ਦੇ ਪਿੰਡ ਆਈ ਸੀ। ਉਹ ਇਕੱਠੇ ਸੈਰ ਕਰਨ ਲਈ ਬਾਹਰ ਪੈਲੀਆਂ ਵੱਲ ਦੂਰ ਨਿਕਲ ਗਏ ਸਨ।

ਇਕ ਪੈਲੀ ਕੋਲ ਸੁਖਵੰਤ ਰੁਕ ਗਈ ਤੇ ਉਹਨੇ ਬੜੀ ਹੈਰਾਨੀ ਨਾਲ ਪੁੱਛਿਆ ਸੀ, ਇਥੇ ਤੇ ਇੰਜ ਏ ਜਿਵੇਂ ਬੜੇ ਸੁਹਣੇ ਪੁਲਾਅ ਦੀ ਖੁਸ਼ਬੋ ਆ ਰਹੀ ਹੋਵੇ। ਬੜੀ ਹੈਰਾਨੀ ਦੀ ਗੱਲ ਏ, ਵਸੋਂ ਤਾਂ ਏਥੋਂ ਬੜੀ ਦੂਰ ਏ।

ਤੇ ਰਣਧੀਰ ਨੇ ਦੱਸਿਆ ਸੀ, ਇਹ ਬਾਸਮਤੀ ਦੀ ਈ ਤਾਂ ਪੈਲੀ ਏ। ਝੱਲੀਏ ਸ਼ਹਿਰਨੇ, ਇਹਦੀ ਖੁਸ਼ਬੋ ਈ ਤਾਂ ਪੁਲਾਵਾਂ ਵਿੱਚ ਹੁੰਦੀ ਏ।

ਤੇ ਸੁਖਵੰਤ ਜਿਦ੍ਹਾ ਪਿਓ ਚੌਲਾਂ ਦਾ ਉਘਾ ਵਪਾਰੀ ਸੀ, ਆਪਣੇ ਅਣਜਾਣਪੁਣੇ ਉਤੇ ਬੜੀ ਸ਼ਰਮਾਈ। ਉਹਦੀਆਂ ਪੁਸ਼ਾਕਾਂ, ਉਹਦੀ ਪੜ੍ਹਾਈ, ਉਹਦਾ ਸੰਗੀਤ ਬਾਸਮਤੀ ਵਿਚੋਂ ਹੀ ਉਪਜੇ ਸਨ, ਪਰ ਉਹਨੇ ਬਾਸਮਤੀ ਦੀ ਪੈਲੀ ਕਦੇ ਨਹੀਂ ਸੀ ਤੱਕੀ।

ਆਥਣ ਦੇ ਮਟਕ ਚਾਨਣੇ ਵਿੱਚ ਸੁਖਵੰਤ ਤੇ ਰਣਧੀਰ ਬਾਸਮਤੀ ਦੀ ਪੈਲੀ ਦੇ ਇੱਕ ਬੰਨੇ ਬਹਿ ਗਏ ਸਨ।

ਸੁਖਵੰਤ ਨੇ ਬੜੇ ਲਾਡ ਨਾਲ ਬਾਸਮਤੀ ਦੀਆਂ ਮੁੰਜਰਾਂ ਨੂੰ ਦੁਲਾਰਿਆ। ਉਹਨੇ ਉਨ੍ਹਾਂ ਸੁਬਕ ਲੜੀਆਂ ਵਿਚੋਂ ਦੂਧੀਆ ਦਾਣੇ ਕੱਢੇ, ਰਣਧੀਰ ਦੇ ਮੂੰਹ ਵਿੱਚ ਪਾਏ ਤੇ ਫੇਰ ਆਪਣੇ ਮੂੰਹ ਵਿੱਚ।

ਮੈਂ ਬਾਸਮਤੀ ਦੀ ਪੂੰਜੀ ਉਤੇ ਪਲ ਕੇ ਏਡੀ ਹੋਈ ਹਾਂ, ਪਰ ਮੈਂ ਬਾਸਮਤੀ ਹੁਣ ਤੋਂ ਪਹਿਲਾਂ ਕਦੇ ਨਹੀਂ ਵੇਖੀ। ਤੇ ਜਿਹੜੇ ਨਿੱਤ ਬਾਸਮਤੀਆਂ ਉਗਾਣ ਲਈ ਏਨੀ ਮਿਹਨਤ ਕਰਦੇ ਨੇ, ਸ਼ਾਇਦ ਉਨ੍ਹਾਂ ਪੂੰਜੀ ਕਦੇ ਨਹੀ ਦੇਖੀ।

ਤੇ ਫੇਰ ਇੰਜ ਸੀ ਜਿਵੇਂ 'ਮਾਂ' ਦਾ ਲੇਖਕ ਗੋਰਕੀ ਉਨ੍ਹਾਂ ਦੋਵਾਂ ਕੋਲ ਇਸ ਪੈਲੀ ਦੇ ਬੰਨੇ ਆਣ ਬੈਠਾ ਹੋਵੇ, ਤੇ ਜਵਾਨੀ ਨੇ ਬੜੇ ਇਰਾਦੇ ਬਣਾਏ, ਨਵੀਂ ਦੁਨੀਆਂ ਸਾਜਣ ਦੇ, ਸੰਗਰਾਮ ਵਿੱਚ ਰਲਣ ਦੇ, ਇਕੱਠੇ ਇਸ ਰਾਹ ਉਤੇ ਤੁਰਨ ਦੇ, ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਆਪਣਾ ਦੋਗਾਣਾ ਸਦਾ ਗਾਉਂਦੇ ਰਹਿਣ ਦੇ। ਤੇ ਦੋਵਾਂ ਨੇ ਇੱਕ ਦੂਜੇ ਦੇ ਹੱਥ ਘੁੱਟ ਲਏ, ਇੱਕ ਦੂਜੇ ਦੁਆਲੇ ਬਾਹਵਾਂ ਘੁੱਟ ਲਈਆਂ। ਬਾਸਮਤੀ ਦੀ ਮਹਿਕ ਤੇ ਜ਼ਿੰਦਗੀ ਦੇ ਨਵੇਂ ਇਰਾਦਿਆਂ ਵਿੱਚ ਅਜਿਹਾ ਨਸ਼ਾ ਸੀ ਕਿ ਦੋਵਾਂ ਦੇ ਬੁੱਲ੍ਹ ਜੁੜ ਗਏ। ਦੂਧੀਆ ਦਾਣਿਆਂ ਦਾ ਸਵਾਦ ਦੁਵੱਲੀਂ ਰਲ ਗਿਆ।

ਉਹ ਬਾਸਮਤੀ ਦੀ ਪੈਲੀ ਤੋਂ ਬੜੇ ਨਰੋਏ ਹੋ ਕੇ ਪਰਤੇ ਸਨ। ਇਨ੍ਹੀਂ ਦਿਨੀਂ ਹੀ ਰਣਧੀਰ ਦਾ ਪਹਿਲਾ ਕਾਵਿ ਸੰਗ੍ਰਹਿ ਛਪਿਆ ਸੀ।

ਸੁਖਵੰਤ !
ਤੂੰ ਮੈਨੂੰ ਅਨੰਤ ਬਣਾ ਦਿੱਤਾ ਏ,
ਅਜਿਹਾ ਹੈ ਤੇਰਾ ਅਨੰਦ।

ਤੇ ਫੇਰ ਬੁੱਢੀਆਂ ਕਾਲੀਆਂ ਕੀਮਤਾਂ ਨੇ ਜਵਾਨੀ ਨੂੰ ਪੱਛਣਾ ਸ਼ੁਰੂ ਕੀਤਾ।

ਸੁਖਵੰਤ ਦੇ ਘਰ ਦੇ ਬੜੇ ਖੁੱਲ੍ਹੇ ਦਿਲ ਦੇ ਸਨ, ਪਰ ਕੋਈ ਹੱਦ ਹੁੰਦੀ ਏ।

ਏਡੇ ਚੰਗੇ ਘਰ ਦੀ ਕੁੜੀ ਕਿਸੇ ਕਵੀ ਨਾਲ ਕਿਵੇਂ ਵਿਆਹੀ ਜਾ ਸਕਦੀ ਹੈ ! ਤੇ ਉਹ ਵੀ ਇਨਕਲਾਬ ਦਾ ਜਨੂੰਨੀ ਕਵੀ।

ਫੇਰ ਮੇਲ-ਜੋਲ ਬੰਦ।

ਚਿੱਠੀ ਪੱਤਰ ਬੰਦ।

ਇਕ-ਦੂਜੇ ਦੀ ਸੋਅ ਬੰਦ।

ਮਾਪਿਆਂ ਨੇ ਸੁਖਵੰਤ ਨੂੰ ਦੂਰ ਬੰਬਈ ਉਹਦੇ ਵੱਡੇ ਭਰਾ ਕੋਲ ਭੇਜ ਦਿੱਤਾ।

ਪਹਿਰੇ ਤਣ ਗਏ।

ਇੱਕ ਸਾਲ ਬੀਤ ਗਿਆ, ਹੋਰ ਸਾਲ ਤੇ ਇੱਕ ਹੋਰ।

ਅਵਾਈਆਂ ਆਉਂਦੀਆਂ ਰਹੀਆਂ। ਸੁਖਵੰਤ ਡਟੀ ਰਹੀ, ਜਦੋਂ ਕੋਈ ਰਣਧੀਰ ਦਾ ਨਾਂ ਲਏ, ਉਹਦੀ ਮਾਂ ਨੂੰ ਗਸ਼ ਪੈ ਜਾਂਦੀ; ਉਹਦਾ ਪਿਓ ਉਹਦੇ ਨਾਲ ਬੋਲਦਾ ਨਾ; ਉਹਦਾ ਭਰਾ ਕਿਸੇ ਫੌਜੀ ਅਫ਼ਸਰ ਨਾਲ ਉਹਨੂੰ ਵਿਆਹੁਣ ਦਾ ਆਹਰ-ਪਾਹਰ ਕਰ ਰਿਹਾ ਹੈ ।

ਅਖੀਰਲੀ ਮਿਲਣੀ ਤੋਂ ਚਾਰ ਵਰ੍ਹਿਆਂ ਪਿਛੋਂ, ਇੱਕ ਦਿਨ 'ਇਲਸਟਰੇਟਿਡ ਵੀਕਲੀ' ਵਿੱਚ ਵਿਆਹੇ ਜੋੜਿਆਂ ਦੀਆਂ ਕਿੰਨੀਆਂ ਸਾਰੀਆਂ ਤਸਵੀਰਾਂ ਵਿੱਚ ਰਣਧੀਰ ਨੇ ਸੁਖਵੰਤ ਦੀ ਤਸਵੀਰ ਤੱਕੀ।

ਅੱਜ ਜ਼ਿੰਦਗੀ ਦੇ ਵਿਸ਼ਾਲ ਰਾਹਾਂ ਉਤੇ ਰਣਧੀਰ ਸੁਖਵੰਤ ਨੂੰ ਮਿਲ ਪਿਆ ਸੀ। ਪਲ ਦੇ ਪਲ ਲਈ ਮਿਲਣ-ਵਾਰ ਚੜ੍ਹਿਆ ਸੀ। ਏਨੀ ਦੇਰ ਮਗਰੋਂ ਉਹ ਮਿਲੇ ਸਨ, ਤੇ ਏਨੀ ਕੁ ਦੇਰ ਲਈ ! ਰਾਹ ਜੂ ਵੱਖ ਹੋ ਗਏ ਹੋਏ ਸਨ ਉਨ੍ਹਾਂ ਦੇ। ਬਾਸਮਤੀ ਦੀ ਪੈਲੀ ਦੇ ਕੰਢੇ ਜਿਸ ਰਾਹ ਉਤੇ ਚੱਲਣ ਦਾ ਪ੍ਰਣ ਉਨ੍ਹਾਂ ਦੋਵਾਂ ਕੀਤਾ ਸੀ, ਉਸੇ ਰਾਹ ਉਤੇ ਰਣਧੀਰ ਸਾਬਤ-ਕਦਮੀਂ ਚੱਲ ਰਿਹਾ ਸੀ।

ਪਰ ਸੁਖਵੰਤ ਸੁਖਵੰਤ !

ਲੜਖੜਾਂਦੇ ਬਲਬੀਰ ਨੂੰ ਮੇਜਰ ਸਾਹਿਬ ਨਾਲ ਦੇ ਬਿਸਤਰੇ ਉਤੇ ਛੱਡਣ ਆਏ। ਦੂਰ ਦੂਰ ਤੱਕ ਸ਼ਰਾਬ ਦੀ ਹਵਾੜ ਖਿੱਲਰ ਗਈ।

ਬਾਸਮਤੀ ਦੀ ਮਹਿਕ ਕਿੰਨੀ ਦੂਰ ਸੀ, ਕਿੰਨੀ ਦੂਰ !

# ਮੇਰੀ ਕਲਮ

## ਇੱਕ ਦਿਨ
ਸੁਰਜੀਤ ਪਾਤਰ



ਓ ਖੁਸ਼ਦਿਲ ਸੋਹਣੀਓਂ ਰੂਹੋ,
ਰੁਮਝੁਮ ਰੁਮਕਦੇ ਖੂਹੋ,
ਮੇਰੇ ਪਿੰਡ ਦੀਓ ਜੂਹੋ,
ਤੁਸੀਂ ਹਰਗਿਜ਼ ਨਾ ਕੁਮਲਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ

ਨੀ ਕਿੱਕਰੋ ਟਾਹਲੀਓ ਡੇਕੋ,
ਨੀ ਨਿੰਮੋ, ਸਾਫ਼ ਦਿਲ ਨੇਕੋ,
ਤੇ ਪਿੱਪਲੋ, ਬਾਬਿਓ ਵੇਖੋ,
ਤੁਸੀਂ ਧੋਖਾ ਨਾ ਦੇ ਜਾਇਓ,
ਮੈਂ ਛਾਵੇਂ ਬਹਿਣ ਆਉਣਾ ਹੈ
ਮੈਂ ਇੱਕ ਦਿਨ ਫੇਰ ਆਉਣਾ ਹੈ

ਇਹਨਾਂ ਹਾੜ੍ਹਾਂ ਤੇ ਚੇਤਾਂ ਨੂੰ,
ਲੁਕੇ ਕੁਦਰਤ ਦੇ ਭੇਤਾਂ ਨੂੰ
ਇਹਨਾਂ ਰਮਣੀਕ ਖੇਤਾਂ ਨੂੰ
ਮੇਰਾ ਪ੍ਰਣਾਮ ਪਹੁੰਚਾਇਓ
ਮੈਂ ਇੱਕ ਦਿਨ ਫੇਰ ਆਉਣਾ ਹੈ

ਜੋ ਚੱਕ ਘੁੰਮੇ ਘੁਮਾਰਾਂ ਦਾ,
ਤਪੇ ਲੋਹਾ ਲੁਹਾਰਾਂ ਦਾ,
ਮੇਰਾ ਸੰਦੇਸ਼ ਪਿਆਰਾਂ ਦਾ,
ਉਹਨਾਂ ਤੀਕਰ ਵੀ ਪਹੁੰਚਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ

ਕਿਸੇ ਵੰਝਲੀ ਦਿਉ ਛੇਕੋ,
ਮੇਰੇ ਮਿਰਜ਼ੇ ਦੀਓ ਹੇਕੋ,
ਮੇਰੇ ਸੀਨੇ ਦਿਉ ਸੇਕੋ,
ਕਿਤੇ ਮੱਠੇ ਨਾ ਪੈ ਜਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ

ਇਹਨਾਂ ਦੋ-ਚਾਰ ਸਾਲਾਂ ਵਿੱਚ,
ਕਿ ਬੱਸ ਆਉਂਦੇ ਸਿਆਲਾਂ ਵਿੱਚ,
ਕਿ ਜਾਂ ਸ਼ਾਇਦ ਖਿਆਲਾਂ ਵਿੱਚ,
ਤੁਸੀਂ ਦਿਲ ਤੋਂ ਨਾ ਵਿਸਰਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ

ਸਮੁੰਦਰ ਭਾਫ ਬਣ ਉੱਡਦਾ,
ਬਰਫ਼ ਬਣ ਪਰਬਤੀਂ ਚੜ੍ਹਦਾ,
ਇਹ ਨਦੀਆਂ ਬਣ ਕੇ ਫਿਰ ਮੁੜਦਾ,
ਮੇਰਾ ਇਕਰਾਰ ਪਰਤਾਇਓ,
ਮੈਂ ਇੱਕ ਦਿਨ ਫੇਰ ਆਉਣਾ ਹੈ

## ਸੁਖਮਨੀ ਦੀ ਨਦੀ
(ਗੁਰੂ ਅਰਜਨ ਦੇਵ ਜੀ ਦੀ ਅਜ਼ੀਮ ਸ਼ਖਸ਼ੀਅਤ ਨੂੰ ਸਮਰਪਿਤ ਨਜ਼ਮ)
ਨਵਤੇਜ ਭਾਰਤੀ

ਉਸਦੇ ਅੰਦਰ
ਸੁਖਮਨੀ ਦੀ ਨਦੀ
ਵਗਦੀ ਸੀ
ਉਸਨੂੰ ਬਲਦੀ ਤਵੀ ਦਾ ਸੇਕ
ਕਿਵੇਂ ਲੂਹ ਸਕਦਾ ਸੀ

ਸਾਨੂੰ ਉਹ ਤੱਤੀ ਤਵੀ ਤੇ
ਬੈਠਾ ਨਜ਼ਰ ਆਉਂਦਾ ਸੀ
ਪਰ ਉਸਦੀ ਸਮਾਧੀ
ਰਾਵੀ ਦੇ ਵਗਦੇ ਪਾਣੀ ਤੇ ਸੀ

ਉਸਦਾ ਯੁਧ
ਨਾ ਜਹਾਂਗੀਰ ਨਾਲ ਸੀ
ਨਾ ਚੰਦੂ ਨਾਲ
ਤੱਤੀ ਤਵੀ ਤੇ ਬਹਿ ਕੇ
ਉਹ ਤਾਂ ਉਸ ਅੱਗ ਨੂੰ ਪੀ ਰਿਹਾ ਸੀ
ਜਿਹੜੀ ਮਨੁੱਖ ਅੰਦਰੋਂ
ਵਗਦੇ ਪਾਣੀ ਨੂੰ ਸੁਕਾ ਦਿੰਦੀ ਹੈ.

## ਸੁੱਕਾ ਰੋਅਬ ਜਮਾਈ ਜਾਨੈਂ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਸਿਰ ਤੇ ਤੇਰੇ ਕੇਸ ਨਹੀਂ,
ਸਿੱਖੀ ਵਾਲਾ ਤੇਰਾ ਵੇਸ ਨਹੀਂ,
ਕੁੱਝ ਸਿੱਖਣ ਦੀ ਤੈਨੂੰ ਚੇਟ ਨਹੀਂ,
ਤੈਨੂੰ ਗੱਲ ਅਕਲ ਦੀ ਮੇਚ ਨਹੀਂ,
ਸਿੱਖੀ ਦੀ ਪੱਤ ਤੂੰ ਲਾਹੀ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।
ਧਰਮ ਦੇ ਵੱਲ ਤੂੰ ਤੁਰਿਆ ਨਹੀਂ,
ਤੈਨੂੰ ਵਿਰਸੇ ਦਾ ਅੱਖਰ ਫੁਰਿਆ ਨਹੀਂ,
ਪਛਤਾਵਾ ਕਰ ਤੂੰ ਝੁਰਿਆ ਨਹੀਂ,
ਹਲੀਮੀ ਦਾ ਸਬਕ ਤੂੰ ਗੁੜ੍ਹਿਆ ਨਹੀਂ,
ਪਰ ਦੂਜਿਆਂ ਨੂੰ ਸਬਕ ਪੜ੍ਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।
ਚੰਗੇ ਰਾਹ ਕਦਮ ਟਿਕਾਉਂਦਾ ਨਹੀਂ,
ਕਦੀ ਸੁਚੱਜੇ ਪੂਰਨੇ ਪਾਉਂਦਾ ਨਹੀਂ,
ਗੁਰੂਆਂ ਤੋਂ ਭੁੱਲ ਬਖਸ਼ਾਉਂਦਾ ਨਹੀਂ,
ਮਨੱਖਤਾ ਦਾ ਗੀਤ ਤੂੰ ਗਾਉਂਦਾ ਨਹੀਂ,
ਬੇਤਾਲੇ ਹੀ ਸਾਜ਼ ਖੜਕਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।
ਤੂੰ ਵੈਸਾਖੀ ਹਰ ਸਾਲ ਮਨਾਉਂਦਾ ਏਂ,
ਕਾਰਾਂ ਵਿੱਚ ਖੌਰੂ ਪਾਉਂਦਾ ਏਂ,
ਛਕ ਦਾਰੂ ਸਿਗਰਟ ਲਾਉਂਦਾ ਏਂ,
ਨਿੱਤ ਨਵੇਂ ਪੁਆੜੇ ਪਾਉਂਦਾ ਏਂ,
ਧੱਕੇ ਨਾਲ ਸਿੰਘ ਕਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।
ਜੇ ਨਾ ਸਮਝਿਆ ਤੂੰ ਮਿਟ ਜਾਣਾ,
ਹੈ ਦੁਨੀਆ ਸਾਹਮੇਂ ਠਿੱਠ ਜਾਣਾ,
ਤੈਨੂੰ ਦੂਜੇ ਧਰਮਾਂ ਜਿੱਤ ਜਾਣਾ,
ਇਹ ਧਰਮ ਤੇਰਾ ਹੁਣ ਪਿੱਟ ਜਾਣਾ,
ਤੂੰ ਹਾਲੇ ਵੀ ਕੰਨੀ ਕਤਰਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।

## ਧੂੰਆਂ
ਸੁਖਵਿੰਦਰ ਅੰਮ੍ਰਿਤ

ਨ੍ਹੇਰੀ ਵਾਂਗ
ਜਵਾਨੀ ਚੜ੍ਹੀ ਸੀ ਉਸ ਨੂੰ
ਤੇ ਕਹਿਰਾਂ ਦਾ ਰੂਪ
ਵੇਂਹਦਿਆਂ ਵੇਂਹਦਿਆਂ
ਉਹ ਸਰ੍ਹੋਂ ਦੀ ਗੰਦਲ
ਸੁਲਫ਼ੇ ਦੀ ਲਾਟ ਵਾਂਗ ਮੱਚ ਉੱਠੀ
ਜਿਧਰੋਂ ਦੀ ਲੰਘਦੀ
ਰਾਹਾਂ ਦੇ ਕੱਖ ਬਲਣ ਲੱਗ ਪੈਂਦੇ
ਜਿਸ ਦੀਆਂ ਅੱਖਾਂ 'ਚ ਅੱਖਾਂ ਪਾਕੇ ਵੇਖ ਲੈਂਦੀ
ਪਥਰਾ ਜਾਂਦਾ ਥਾਈਂ
ਇਕ ਦਿਨ
ਪੀਂਘਾਂ ਝੂਟ ਕੇ ਘਰ ਮੁੜੀ ਤਾਂ
ਇਕ ਚੰਨ ਦੇ ਟੋਟੇ ਨੇ
ਉਹਦੀ ਪੈੜ ਦੱਬ ਲਈ
ਚੰਨ ਦਾ ਟੋਟਾ
ਰੋਜ਼ ਉਹਦੀ ਬੀਹੀ 'ਚੋਂ ਚੜ੍ਹਦਾ
ਤੇ ਉਹਦੀ ਬੀਹੀ ਵਿੱਚ ਹੀ
ਛਿਪ ਜਾਂਦਾ
ਬਾਬਲ ਨੇ ਲਾਟ ਦੀਆਂ ਅੱਖਾਂ ਵਿੱਚ
ਚੰਨ ਦੇ ਟੋਟੇ ਦੀ ਛਾਂ ਤੱਕੀ
ਤੇ ਲਾਟ ਨੂੰ
ਕੰਧਾਂ ਪਿੱਛੇ ਡੱਕ ਦਿੱਤਾ
ਛੱਤਾਂ 'ਚੋਂ ਧੂੰਆਂ ਉੱਠਿਆ
ਚੰਨ ਦਾ ਟੋਟਾ ਧੁਆਂਖਿਆ ਗਿਆ
ਫੇਰ ਇਕ ਦਿਨ
ਕਾਲਾ ਬੱਦਲ
ਸਿਹਰੇ ਬੰਨ੍ਹ ਕੇ ਪਿੰਡ ਢੁਕਿਆ
ਚੰਨ ਦਾ ਟੋਟਾ ਖੁਰ ਗਿਆ
ਸੁਲਫ਼ੇ ਦੀ ਲਾਟ ਬੁਝ ਗਈ
ਪਿੰਡ ਦੀਆਂ ਛੱਤਾਂ 'ਚੋਂ ਧੂੰਆਂ
ਅਜੇ ਵੀ ਉੱਠਦਾ ਹੈ
ਚੰਨ ਦੇ ਟੋਟੇ ਉਦਾਸ ਰਹਿੰਦੇ ਨੇ
ਸਰ੍ਹੋਂ ਦੀਆਂ ਗੰਦਲਾਂ ਦਾ
ਦਮ ਘੁਟਦਾ ਹੈ

## ਹੋਵੇ ਜੇ ਗਿਆਨ
ਸ਼ਿਵਨਾਥ ਦਰਦੀ
9855155392



ਹੋਵੇ ਜੇ ਗਿਆਨ , ਵੰਡ ਦੇਈਏ ਸਭ ਨੂੰ
ਟਿੱਚਰ ਨਾ ਕਰੀਏ , ਕਿਸੇ ਦੇ ਰੱਬ ਨੂੰ ।
ਹਰਾਮ ਦੀ ਕਮਾਈ ਦਾ ਨਹੀਂ ਮਾਣ ਕਰੀਦਾ ,
ਕੌਲੀ ਚੱਟਾ ਪਿਛੇ , ਕਦੇ ਨਹੀਂ ਲੜੀਦਾ ,
ਆਪਣੇ ਨਾ ਗਲ , ਪਾਈਏ ਕਿਸੇ ਦੇ ਯੱਬ ਨੂੰ ।
ਹੋਵੇ ਜੇ ..................................
ਜਣੇ ਖਣੇ ਨਾਲ ਨਹੀਂ , ਰਿਸ਼ਤਾ ਗੰਢੀਦਾ ,
ਆਪਣੇ ਸਕੇ ਨੂੰ , ਨਹੀਂ ਕਿਸੇ ਕੋਲੇ ਭੰਡੀਦਾ ,
ਗੰਦੀ ਮੰਦੀ ਥਾਂ ਤੋਂ ਬਚਾ , ਪੈਰ ਪੱਬ ਨੂੰ ।
ਹੋਵੇ ਜੇ ..................................
ਜਿੰਦਗੀ ਨੂੰ ਜਿੱਤਣ ਦੀ ਗੱਲ ਕੋਈ ਨਾ ,
ਵਹਿਮ ਤੇ ਭਰਮ ਦਾ ਹੱਲ ਕੋਈ ਨਾ ,
ਥਾਂ ਨਾ ਟਿਕਾਣਾ , ਮਿਲੇ ਕਦੇ ਰੱਜੇ ਢੱਬ ਨੂੰ ।
ਹੋਵੇ ਜੇ ... ...............................
ਕਰਮਾਂ ਤੋਂ ਬਿਨਾਂ , ਚੰਗੇ ਨਾ ਭੈਣ ਭਰਾ ਮਿਲਦੇ ,
ਨਾ ਹਰ ਘਰ , ਖੁਸ਼ੀਆਂ ਦੇ ਫੁੱਲ ਖਿਲਦੇ ,
'ਦਰਦੀ' ਕਰੇ ਅਰਦਾਸ , ਭਰ ਸ਼ਬਦਾਂ ਦੇ ਟੱਬ ਨੂੰ ।
ਹੋਵੇ ਜੇ ..................................

## ਬੰਦਿਆ
ਸੁਖਜਿੰਦਰ ਸਿੰਘ ਭੰਗਚੜੀ

ਕਿਹੜੀ ਤੇਰੀ ਹੈਂਕੜ ਬੰਦਿਆ,
ਕੁਝ ਨੀਂ ਪੱਲੇ ਰਹਿਣਾ ਬੰਦਿਆ।
ਦੋ ਪਲ ਰੋਕ ਲਵੇ ਤੈਨੂੰ,
ਕਿਸੇ ਦੇ ਵੱਸ ਨੀ ਰਹਿਣਾ ਬੰਦਿਆ।
ਬੇਲੀ ਹੋ ਜਾ ਆਪਣੇ ਸਾਹਾਂ ਦਾ,
ਆਖਰ ਇਕੱਲਿਆਂ ਰਹਿਣਾ ਬੰਦਿਆ।
ਵੇਲ਼ਾ ਜੇ ਨਾ ਸੰਭਾਲਿਆ,
ਫਿਰ ਪਛਤਾਵਾ ਰਹਿਣਾ ਬੰਦਿਆ।
ਸਭ ਸਾਥੀ ਮਜਬੂਰ ਹੋਣਗੇ,
ਸਫ਼ਰ 'ਤੇ ਇਕੱਲਿਆਂ ਰਹਿਣਾ ਬੰਦਿਆ।
ਦੌਲਤ ਬੀਜ ਲੈ ਭਾਵੇਂ ਖੁਸ਼ੀਆਂ,
ਸਾਥ ਕਿਸੇ ਨਾ ਰਹਿਣਾ ਬੰਦਿਆ।

## ਆਖਰ ਕਦੋਂ ਤਕ
ਸੋਹਣ ਸਿੰਘ ਮੀਸ਼ਾ

ਕਦੋਂ ਤਕ
ਆਖਰ ਕਦੋਂ ਤਕ
ਖੱਬੇ ਹੱਥ ਹੋ ਕੇ ਸੜਕ ਤੇ ਤੁਰੇਂਗਾ!

ਚਮਕਦੇ ਬੂਟਾਂ ਨੂੰ ਘੱਟੇ ਤੋਂ
ਬਚੇਂਦਾ।
ਸੱਜੇ ਪਾਸੇ ਲੰਘਦੇ ਸਭ ਵਾਕਫਾਂ
ਨੂੰ ਹੱਥ ਹਲੌਂਦਾ
ਝੂਠੀ ਮੂਠੀ ਮੁਸਕਰੌਂਦਾ
ਸੜਕ ਦੀ ਕਾਹਲੀ ਤੇ ਸੰਘਣੀ
ਭੀੜ ਤੋਂ ਬਚਦਾ

ਕਦੋਂ ਤਕ
ਹੌਲੀ ਹੌਲੀ
ਹਾਦਸੇ ਦੇ ਸਹਿਮ ਵਿੱਚ ਹੀ
ਖੁਰੇਂਗਾ!

ਕਦੋਂ ਤਕ
ਲੱਭਦਾ ਰਹੇਂਗਾ
ਤੂੰ ਬਚਾਅ ਵਿੱਚ ਹੀ ਬਚਾਅ
ਜ਼ਾਬਤੇ ਦੀ ਜ਼ਰਬ ਖਾ ਖਾ
ਭੋਰਾ ਭੋਰਾ ਭੁਰੇਂਗਾ!

ਕਦੋਂ ਤਕ
ਆਖਰ ਕਦੋਂ ਤਕ
ਖੱਬੇ ਹੱਥ ਹੋ ਕੇ ਸੜਕ ਤੇ ਤੁਰੇਂਗਾ!

# ਪੰਜਾਬੀ ਫ਼ਿਲਮ ਉਦਯੋਗ ਸੰਕਟ 'ਚ ਕਿਉਂ?




## ਕਿਉਂ ਨਹੀਂ ਮਿਲ ਰਹੇ ਦਰਸ਼ਕ?

**ਪ੍ਰੋ. ਕੁਲਬੀਰ ਸਿੰਘ**

ਸਮੇਂ ਨੇ, ਸਹੂਲਤਾਂ ਨੇ, ਤਕਨੀਕ ਨੇ, ਸਮਾਰਟ ਫੋਨ ਨੇ, ਸੋਸ਼ਲ ਮੀਡੀਆ ਨੇ ਸਾਡੀ ਸੋਚ, ਸਾਡੀ ਪਸੰਦ, ਸਾਡੀ ਜੀਵਨ-ਸ਼ੈਲੀ ਬਦਲ ਦਿੱਤੀ ਹੈ। ਅੱਜ ਊਲ-ਜਲੂਲ ਅਦਾਕਾਰੀ ਵਾਲੀ ਊਲ-ਜਲੂਲ ਫ਼ਿਲਮ ਲਈ ਕੋਈ ਵੀ ਸਮਾਂ ਬਰਬਾਦ ਕਰਨ ਲਈ ਤਿਆਰ ਨਹੀਂ। ਸਮਾਂ ਬਦਲ ਗਿਆ ਹੈ। ਸਮਝ ਬਦਲ ਗਈ ਹੈ। ਸੋਸ਼ਲ ਮੀਡੀਆ ਨੇ ਸਭ ਨੂੰ ਸੁਚੇਤ ਕਰ ਦਿੱਤਾ ਹੈ। ਉਹੀ ਚਿਹਰੇ, ਉਹੀ ਅਦਾਕਾਰ ਜਿਨ੍ਹਾਂ ਨੂੰ ਨਾ ਅਦਾਕਾਰੀ ਆਉਂਦੀ ਹੈ, ਨਾ ਅਦਾਕਾਰੀ ਦੀ ਸਮਝ ਹੈ, ਨਾ ਉਨ੍ਹਾਂ ਦੀ ਅਦਾਕਾਰੀ ਵਿੱਚ ਗਹਿਰਾਈ ਹੈ, ਨੂੰ ਦੇਖ-ਦੇਖ ਕੇ ਲੋਕ ਅੱਕ ਗਏ ਹਨ। ਮਿਆਰੀ-ਵਿਸ਼ਾ-ਸਮੱਗਰੀ ਦੀ ਘਾਟ ਹੈ। ਬੌਧਿਕਤਾ ਦਾ ਕਾਲ ਪਿਆ ਹੋਇਆ ਹੈ। ਮਾਹਿਰ ਮੰਨਦੇ ਹਨ ਕਿ ਅੱਜ ਕੇਵਲ ਭਾਸ਼ਾ-ਪ੍ਰੇਮ ਦੇ ਬਲ 'ਤੇ ਪੰਜਾਬੀ ਫ਼ਿਲਮ ਕਾਮਯਾਬ ਨਹੀਂ ਹੋ ਸਕਦੀ। ਮਿਆਰੀ ਵਿਸ਼ਾ-ਸਮੱਗਰੀ ਦੇਣੀ ਹੀ ਪਵੇਗੀ ਕਿਉਂਕਿ ਸੋਸ਼ਲ ਮੀਡੀਆ ਤੁਹਾਡੀ ਭਾਸ਼ਾ ਵਿੱਚ ਵਿਸ਼ਵ-ਸਿਨੇਮਾ ਦੀ ਗੱਲ ਕਰ ਰਿਹਾ ਹੈ। ਵਿਸ਼ਵ-ਪੱਧਰੀ ਅਦਾਕਾਰੀ ਦੀ ਬਾਤ ਪਾ ਰਿਹਾ ਹੈ। ਵਿਸ਼ਵ ਪੁਰਸਕਾਰਾਂ ਬਾਰੇ ਜਾਣਕਾਰੀ ਦੇ ਰਿਹਾ ਹੈ।




ਅਦਾਕਾਰੀ ਕਮਜ਼ੋਰ, ਨਿਰਦੇਸ਼ਕ ਕਮਜ਼ੋਰ, ਫੋਟੋਗ੍ਰਾਫੀ, ਪੇਸ਼ਕਾਰੀ ਕਮਜ਼ੋਰ, ਪਟਕਥਾ ਕਮਜ਼ੋਰ ਫਿਰ ਫ਼ਿਲਮ ਮਜ਼ਬੂਤ ਕਿਵੇਂ ਬਣ ਜਾਵੇਗੀ। ਦੁਹਰਾਓ ਤੁਹਾਨੂੰ ਕਾਮਯਾਬ ਨਹੀਂ ਬਣਾ ਸਕਦਾ। ਕੁਝ ਨਵਾਂ, ਕੁਝ ਸੱਜਰਾ, ਕੁਝ ਸਹਿਜ, ਕੁਝ ਗੰਭੀਰ, ਕੁਝ ਮਿਆਰੀ ਲੈ ਕੇ ਆਓਗੇ ਤਾਂ ਦਰਸ਼ਕ ਘਰਾਂ ਵਿਚੋਂ ਨਿਕਲਨਗੇ। ਚਾਰ ਪਾਸੇ, ਹਰ ਖੇਤਰ ਵਿੱਚ ਚੁਨੌਤੀਆਂ ਹਨ ਪਰੰਤੂ ਸਮਾਂ ਬੜਾ ਬਲਵਾਨ ਹੈ। ਤਬਦੀਲੀਆਂ ਨੂੰ ਕੋਈ ਰੋਕ ਨਹੀਂ ਸਕਦਾ, ਕੁਝ ਸਮੇਂ ਲਈ ਟਾਲ ਸਕਦਾ ਹੈ। ਸਾਲ 1912-13 ਵਿੱਚ ਸਾਲ ਵਿੱਚ 25-30 ਪੰਜਾਬੀ ਫ਼ਿਲਮਾਂ ਬਣਦੀਆਂ ਸਨ। ਉਨ੍ਹਾਂ ਵਿਚੋਂ 25-30 ਫੀਸਦੀ ਕਾਮਯਾਬ ਹੁੰਦੀਆਂ ਸਨ। ਅੱਜ ਸੈਂਕੜੇ ਬਣਦੀਆਂ ਹਨ। ਸਫਲ ਕੋਈ ਨਹੀਂ ਹੁੰਦੀ। ਨਾ ਚਿਹਰਾ ਚੱਲਦਾ ਹੈ, ਨਾ ਨਾਂ ਚੱਲਦਾ ਹੈ, ਨਾ ਚਮਕ ਦਮਕ ਚੱਲਦੀ ਹੈ। ਲੋਕ ਉਪਰਾਮ ਹੋ ਗਏ ਹਨ। ਮਨ ਹੀ ਉੱਠ ਗਿਆ ਹੈ।

ਪੰਜਾਬੀ ਸਿਨੇਮਾ ਮੁਸ਼ਕਲ ਦੌਰ ਵਿਚੋਂ ਲੰਘ ਰਿਹਾ ਹੈ। ਇਉਂ ਲੱਗਦਾ ਹੈ ਜਿਵੇਂ ਪੰਜਾਬ ਕੋਲ ਕੋਈ ਮੁੱਦਾ ਹੀ ਨਹੀਂ ਹੈ। ਮਾਹਿਰ ਵਿਅੰਗ ਨਾਲ ਕਹਿੰਦੇ ਹਨ ਕਿ ਕੀ ਪੰਜਾਬ ਦਾ ਕੋਈ ਇਤਿਹਾਸ ਨਹੀਂ ਹੈ, ਕੋਈ ਸਾਹਿਤ ਨਹੀਂ ਹੈ, ਕੋਈ ਕਲਚਰ ਨਹੀਂ ਹੈ, ਕੋਈ ਸੰਘਰਸ਼ ਨਹੀਂ ਹੈ, ਕੋਈ ਸਮਾਜਿਕ ਸਰੋਕਾਰ ਨਹੀਂ, ਕੋਈ ਭਖਦਾ ਮਸਲਾ ਨਹੀਂ, ਜਿਹੜਾ ਫ਼ਿਲਮਕਾਰਾਂ, ਅਦਾਕਾਰਾਂ ਨੂੰ ਫ਼ਿਲਮ ਬਣਾਉਣ ਲਈ ਆਕਰਸ਼ਿਤ ਕਰ ਸਕੇ। ਰਸੂਲ ਹਮਜ਼ਾਤੋਵ ਐਵੇਂ ਅੱਖਾਂ ਤੇ ਕੰਨ ਖੁੱਲ੍ਹੇ ਰੱਖਣ ਦੀਆਂ ਗੱਲਾਂ ਕਰਦਾ ਰਿਹਾ। ਦਰਅਸਲ ਕੋਈ ਅਜਿਹਾ ਅਦਾਰਾ ਨਹੀਂ ਜਿਹੜਾ ਪ੍ਰੇਰਨਾ ਸਰੋਤ ਬਣ ਸਕੇ। ਜਿਹੜਾ ਅਗਵਾਈ ਕਰ ਸਕੇ। ਜਿਹੜਾ ਉਤਸ਼ਾਹਿਤ ਕਰ ਸਕੇ। ਜਿਹੜਾ ਬਾਂਹ ਫੜ ਸਕੇ। ਜਦ ਹੋਰਨਾਂ ਖੇਤਰੀ ਭਾਸ਼ਾਵਾਂ ਦੇ ਸਿਨੇਮਾ ਵੱਲ ਵੇਖਦੇ ਹਾਂ ਤਾਂ ਅਸੀਂ ਕਿਧਰੇ ਨਹੀਂ ਖਲੋਂਦੇ। ਬੰਗਾਲੀ, ਕੰਨੜ, ਅਸਾਮੀ ਸਿਨੇਮਾ ਮਿਆਰ ਪੱਖੋਂ ਵਿਸ਼ਵ-ਸਿਨੇਮਾ ਨੂੰ ਟੱਕਰ ਦਿੰਦਾ ਹੈ। ਪਰ ਅਸੀਂ ਉਸੇ ਘੁੰਮਣਘੇਰੀ ਵਿੱਚ ਘੁੰਮੀ ਜਾਂਦੇ ਹਾਂ।

ਫ਼ਿਲਮ ਦੇ ਸਫਲ ਅਸਫਲ ਹੋਣ ਦਾ ਕੋਈ ਨਿਸ਼ਚਤ ਫ਼ਾਰਮੂਲਾ ਨਹੀਂ ਹੈ, ਕੋਈ ਨਿਸ਼ਚਤ ਕਾਰਨ ਨਹੀਂ। ਜੇਕਰ ਕੋਈ ਫ਼ਾਰਮੂਲਾ ਹੁੰਦਾ ਤਾਂ ਕੋਈ ਵੀ ਫ਼ਿਲਮ ਫੇਲ੍ਹ ਨਾ ਹੁੰਦੀ। ਪੰਜਾਬੀ ਫ਼ਿਲਮਾਂ ਨਾ ਕਲਾ ਪੱਖੋਂ ਕਾਮਯਾਬ ਹੁੰਦੀਆਂ ਹਨ ਨਾ ਕਾਰੋਬਾਰ ਪੱਖੋਂ। ਲੀਹ ਤੋਂ ਹਟ ਕੇ ਬਣੀ ਫ਼ਿਲਮ ਦੀ ਵੀ ਕੋਈ ਗਰੰਟੀ ਨਹੀਂ ਹੈ ਕਿ ਉਹ ਜ਼ਰੂਰ ਕਾਮਯਾਬ ਹੋਵੇਗੀ। ਅਜਿਹੇ ਯਤਨ ਕਈ ਫ਼ਿਲਮਕਾਰਾਂ ਨੇ ਕੀਤੇ ਪਰ ਸਫਲਤਾ ਨਹੀਂ ਮਿਲੀ। ਕਮੀ ਕਿੱਥੇ ਹੈ, ਘਾਟ ਕੀ ਰਹਿ ਜਾਂਦੀ ਹੈ ਇਸ ਸਬੰਧ ਵਿਚ ਖੁਲ੍ਹੇ ਮਨ ਨਾਲ ਵਿਚਾਰ ਚਰਚਾ ਦੀ ਲੋੜ ਹੈ। ਦਰਅਸਲ ਅਸੀਂ ਪੰਜਾਬੀ ਲੋਕ ਆਲੋਚਨਾ ਬਰਦਾਸ਼ਤ ਨਹੀਂ ਕਰ ਸਕਦੇ। ਜਿਹੜਾ ਤੁਹਾਡੀ ਕਿਸੇ ਵੀ ਤਰ੍ਹਾਂ ਆਲੋਚਨਾ ਕਰਦਾ ਹੈ ਉਸ ਨੂੰ ਦੁਸ਼ਮਣ ਬਣਾ ਲੈਂਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਸਫਲਤਾ ਨੂੰ ਜਾਂਦਾ ਰਾਹ ਅਸਫਲਤਾ ਅਤੇ ਆਲੋਚਨਾ ਵਿਚੋਂ ਹੋ ਕੇ ਲੰਘਦਾ ਹੈ। ਅੱਜ ਵੀ ਕੁਝ ਕੁ ਫ਼ਿਲਮ ਆਲੋਚਕ ਹਨ ਜਿਹੜੇ ਸੰਤੁਲਿਤ ਤੇ ਸਹੀ ਫ਼ਿਲਮ ਸਮੀਖਿਆ ਕਰ ਰਹੇ ਹਨ। ਉਨ੍ਹਾਂ ਦੀਆਂ ਗੱਲਾਂ ਵੱਲ ਗੌਰ ਕਰਕੇ ਹੀ ਚੰਗੀ ਤੇ ਸਫਲ ਪੰਜਾਬੀ ਫ਼ਿਲਮ ਬਣਾਈ ਜਾ ਸਕਦੀ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਫ਼ਿਲਮ ਉਦਯੋਗ 'ਤੇ ਪੰਜਾਬੀ ਲੰਮਾ ਸਮਾਂ ਰਾਜ ਕਰਦੇ ਰਹੇ ਹਨ ਪਰ ਮਿਆਰੀ, ਮਨੋਰੰਜਕ ਤੇ ਅਰਥ ਭਰਪੂਰ ਪੰਜਾਬੀ ਫ਼ਿਲਮਾਂ ਬਣਾਉਣ ਵੱਲ ਕਿਸੇ ਧਿਆਨ ਨਹੀਂ ਦਿੱਤਾ। ਪੰਜਾਬੀ ਡੀਲ ਡੌਲ ਪੱਖੋਂ ਸੁਨੱਖੇ ਹਨ। ਉਨ੍ਹਾਂ ਕੋਲ ਅਦਾਕਾਰੀ ਦਾ ਹੁਨਰ ਹੈ। ਰੰਗਮੰਚ ਨਾਲ ਜੁੜੇ ਰਹੇ ਹਨ।

ਮਾਹਿਰ ਮੰਨਦੇ ਹਨ ਕਿ ਪੰਜਾਬੀ ਫ਼ਿਲਮਾਂ ਦਾ ਦਰਸ਼ਕ-ਵਰਗ ਸੀਮਤ ਹੈ। ਬਹੁਤੇ ਸੂਬਿਆਂ ਦੇ ਮੁਕਾਬਲੇ ਪੰਜਾਬ ਆਕਾਰ ਅਤੇ ਵਸੋਂ ਦੇ ਹਿਸਾਬ ਨਾਲ ਬਹੁਤ ਛੋਟਾ ਹੈ। ਨਤੀਜੇ ਵਜੋਂ ਪੰਜਾਬੀ ਫ਼ਿਲਮਾਂ ਨੂੰ ਵੱਡੀ ਪੱਧਰ 'ਤੇ ਉਹ ਮਾਨਤਾ ਨਹੀਂ ਮਿਲਦੀ ਜਿਹੜੀ ਹੋਰਨਾਂ ਖੇਤਰੀ ਭਾਸ਼ਾਵਾਂ ਦੀਆਂ ਫ਼ਿਲਮਾਂ ਨੂੰ ਮਿਲਦੀ ਹੈ। ਪੰਜਾਬੀ ਫ਼ਿਲਮਾਂ ਦੀ ਤਿਆਰੀ ਅਤੇ ਪ੍ਰਮੋਸ਼ਨ ਲਈ ਸਰਕਾਰ ਜਾਂ ਗੈਰ-ਸਰਕਾਰੀ ਪੱਧਰ 'ਤੇ ਇਮਾਰਤੀ-ਢਾਂਚਾ ਉਸਾਰਨ ਲਈ ਕੋਈ ਵਿਸ਼ਾਲ ਸੰਜੀਦਾ ਯਤਨ ਨਹੀਂ ਹੋਏ। ਇਸ ਉਦਯੋਗ ਵਿੱਚ ਕਿਸੇ ਨੇ ਭਰੋਸੇ ਨਾਲ ਖੁਲ੍ਹ ਕੇ ਪੈਸਾ ਨਹੀਂ ਲਗਾਇਆ ਕਿਉਂਕਿ ਲੱਗਾ ਪੈਸਾ ਡੁੱਬਣ ਦਾ ਖ਼ਤਰਾ ਮੰਡਰਾਉਂਦਾ ਰਹਿੰਦਾ ਹੈ। ਨਤੀਜੇ ਵਜੋਂ ਜਦ ਕੋਈ ਪੰਜਾਬੀ ਫ਼ਿਲਮ ਬਣਨੀ ਸ਼ੁਰੂ ਹੁੰਦੀ ਹੈ ਉਦੋਂ ਹੀ ਸ਼ੰਕਿਆਂ ਅਤੇ ਸੰਸਿਆਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ।

ਪੰਜਾਬੀ ਫ਼ਿਲਮ ਉਦਯੋਗ ਨਾਲ ਜੁੜਿਆ ਹਰੇਕ ਵਿਅਕਤੀ ਕਾਰਨ ਤਲਾਸ਼ ਰਿਹਾ ਹੈ ਕਿ ਆਖ਼ਰ ਦਰਸ਼ਕਾਂ ਨੇ ਪੰਜਾਬੀ ਫ਼ਿਲਮਾਂ ਤੋਂ ਕਿਉਂ ਮੂੰਹ ਮੋੜ ਲਿਆ ਹੈ। ਮੈਂ ਮਾਹਿਰਾਂ ਦੀ ਰਾਏ ਪੜ੍ਹਨ ਜਾਨਣ ਦੀ ਕੋਸ਼ਿਸ਼ ਕੀਤੀ। ਦਰਸ਼ਕ-ਮਨ ਅੰਦਰ ਝਾਕਣ ਦਾ ਉਪਰਾਲਾ ਵੀ ਕੀਤਾ। ਮੈਂ ਨੈੱਟ ਨੂੰ ਖੁੰਗਾਲਣ ਦਾ ਯਤਨ ਵੀ ਕਰਦਾ ਰਿਹਾ। ਸਭ ਕੁਝ ਨੂੰ ਰਿੜਕਣ ਉਪਰੰਤ ਕੁਝ ਸਾਂਝੇ ਕਾਰਨ ਮੱਖਣ ਵਾਂਗ ਤੈਰ ਕੇ ਉਪਰ ਆ ਗਏ। ਦਰਅਸਲ, ਹਰੇਕ ਫ਼ਿਲਮ ਵਿੱਚ ਉਹੀ ਕਹਾਣੀ, ਉਹੀ ਕਾਮੇਡੀ, ਉਹੀ ਅਦਾਕਾਰੀ। ਦਰਸ਼ਕਾਂ ਨੇ ਦੁਹਰਾਓ ਨੂੰ ਨਕਾਰ ਦਿੱਤਾ। ਫ਼ਿਲਮਕਾਰਾਂ ਨੂੰ ਫ਼ਿਲਮ ਦੀ ਕਹਾਣੀ, ਫ਼ਿਲਮ ਦੀ ਗੁਣਵੱਤਾ, ਮਿਆਰ 'ਤੇ ਕੰਮ ਕਰਨ ਦੀ ਲੋੜ ਹੈ। ਫ਼ਿਲਮ ਦੀ ਸ਼ੈਲੀ ਬਦਲਣ ਦੀ ਜ਼ਰੂਰਤ ਹੈ।

ਕੋਵਿਡ-19 ਨੇ ਸਭ ਠੱਪ ਕਰ ਦਿੱਤਾ। ਹੁਣ ਧੜਾਧੜ ਪੰਜਾਬੀ ਫ਼ਿਲਮਾਂ ਬਣ ਰਹੀਆਂ ਹਨ। ਨਿੱਤ ਨਵੀਂ ਫ਼ਿਲਮ ਐਲਾਨੀ ਜਾਂਦੀ ਹੈ।




ਕਲੈਸ਼ ਵਧ ਗਿਆ ਹੈ। ਦੂਸਰੇ ਪਾਸੇ ਸਮਾਰਟ ਫੋਨ ਦੀ ਵਰਤੋਂ ਨਾਲ ਦਰਸ਼ਕ ਵੀ ਸਮਾਰਟ ਹੋ ਗਏ ਹਨ। ਚੰਗੇ ਮਾੜੇ ਦੀ ਪਛਾਣ ਕਰਨ ਲੱਗੇ ਹਨ। ਫ਼ਿਲਮ ਵੇਖਣਯੋਗ ਹੈ ਜਾਂ ਨਹੀਂ ਇਸ ਦੀ ਪਰਖ ਪੜਚੋਲ ਕਰਕੇ ਹੀ ਜਾਂਦੇ ਹਨ। ਤਿੰਨ ਘੰਟੇ ਸਮਾਰਟ ਫੋਨ ਤੋਂ ਦੂਰ ਰਹਿਣਾ ਵੀ ਕਿਹੜਾ ਸੁਖਾਲਾ ਹੈ। ਜਿਹੜਾ ਫੋਨ ਤੋਂ ਤਿੰਨ ਘੰਟੇ ਲਗਾਤਾਰ ਦੂਰ ਰਹਿ ਸਕਦਾ ਹੈ ਉਹੀ ਫ਼ਿਲਮ ਵੇਖਣ ਜਾਵੇਗਾ। ਕਿਸੇ ਵੀ ਨਵੀਂ ਫ਼ਿਲਮ ਬਾਰੇ ਸੋਸ਼ਲ ਮੀਡੀਆ ਤੋਂ ਕਾਫ਼ੀ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਸੰਖੇਪ ਟਿੱਪਣੀਆਂ ਹੁੰਦੀਆਂ ਹਨ। ਲੰਮੇ ਰੀਵਿਊ ਹੁੰਦੇ ਹਨ। ਭਾਵਪੂਰਤ ਰਾਏ ਹੁੰਦੀ ਹੈ। ਉਨ੍ਹਾਂ ਨੂੰ ਪੜ੍ਹ ਸਮਝ ਕੇ ਦਰਸ਼ਕ ਫ਼ਿਲਮ ਵੇਖਣ ਬਾਰੇ ਆਪਣੀ ਸਮਾਰਟ ਸਮਝ ਵਿਕਸਤ ਕਰਦੇ ਹਨ। ਫ਼ਿਲਮ ਵੇਖਣ ਜਾਣਾ ਹੈ ਜਾਂ ਨਹੀਂ ਇਸ ਸਮਝ 'ਤੇ ਨਿਰਭਰ ਕਰਦਾ ਹੈ। ਭੇਡ ਚਾਲ ਬੰਦ ਹੋ ਗਈ ਹੈ।

ਕੋਵਿਡ-19 ਨੇ ਘਰ ਵਿੱਚ ਰਹਿੰਦੇ ਹੋਏ ਹੀ ਮਨੋਰੰਜਨ ਕਰਨ, ਫ਼ਿਲਮਾਂ ਵੇਖਣ ਦੀ ਲੋਕਾਂ ਨੂੰ ਆਦਤ ਪਾ ਦਿੱਤੀ ਹੈ। ਬਹੁਤੇ ਲੋਕ ਵਿਹਲੇ ਸਮੇਂ ਨੈਟਫਲਿਕਸ, ਯੂਟਿਊਬ 'ਤੇ ਬਿਜ਼ੀ ਰਹਿੰਦੇ ਹਨ। ਡਿਜੀਟਲ ਮੰਚ ਬਿਹਤਰ ਬਦਲ ਬਣ ਗਏ ਹਨ। ਘਰ ਬੈਠ ਕੇ ਪਰਿਵਾਰ ਨਾਲ ਆਪਣੀ ਪਸੰਦ ਦੀ ਫ਼ਿਲਮ ਵੇਖਣਾ ਉਨ੍ਹਾਂ ਨੂੰ ਆਰਾਮਦਾਇਕ ਲੱਗਦਾ ਹੈ, ਚੰਗਾ ਲੱਗਦਾ ਹੈ, ਵਧੇਰੇ ਖੁਸ਼ੀ ਦਿੰਦਾ ਹੈ। ਦਰਸ਼ਕ ਨੈਟਫਲਿਕਸ, ਓਟੀਟੀ 'ਤੇ ਫ਼ਿਲਮ ਦੇ ਉਪਲਬਧ ਹੋਣ ਦੀ ਇੰਤਜ਼ਾਰ ਕਰਦੇ ਹਨ। ਡਿਜੀਟਲ ਮੰਚਾਂ 'ਤੇ ਫ਼ਿਲਮ ਉਪਲਬਧ ਹੋਣ ਕਾਰਨ ਸਿਨੇਮਾ ਹਾਲ ਦੀਆਂ ਟਿਕਟਾਂ ਹੋਰ ਮਹਿੰਗੀਆਂ ਹੋ ਗਈਆਂ ਹਨ। ਮਹਿੰਗੀ ਟਿਕਟ ਕਾਰਨ ਵੀ ਦਰਸ਼ਕ ਨੇ ਪੰਜਾਬੀ ਫ਼ਿਲਮ ਤੋਂ ਮੂੰਹ ਮੋੜ ਲਿਆ ਹੈ। ਆਮ ਦਰਸ਼ਕ, ਆਮ ਫ਼ਿਲਮ ਵੇਖਣ ਲਈ 400 ਰੁਪਏ ਖ਼ਰਚਣ ਤੋਂ ਗੁਰੇਜ਼ ਕਰਨ ਲੱਗਾ ਹੈ। ਜੇ ਘਰ ਦੇ ਤਿੰਨ-ਚਾਰ ਮੈਂਬਰ ਜਾ ਰਹੇ ਹਨ ਤਾਂ ਇਹ ਇਕ ਰਕਮ ਬਣ ਜਾਂਦੀ ਹੈ। ਖਾਣ-ਪੀਣ ਦੇ ਖਰਚੇ ਵੱਖਰੇ।

ਹੁਣ ਤਾਂ ਹਿੰਦੀ ਫ਼ਿਲਮਾਂ ਨੂੰ ਵੀ ਦਰਸ਼ਕ ਨਹੀਂ ਮਿਲ ਰਹੇ। ਵੱਡੇ ਵੱਡੇ ਫ਼ਿਲਮਕਾਰ, ਅਦਾਕਾਰ ਘਬਰਾਏ ਹੋਏ ਹਨ। ਸਮਰੱਥ ਤੇ ਵੱਡੇ ਸਟਾਰ ਕਲਾਕਾਰਾਂ ਦੀਆਂ ਫ਼ਿਲਮਾਂ ਵੇਖਣ ਲਈ ਵੀ ਲੋਕ ਘਰਾਂ ਵਿਚੋਂ ਨਹੀਂ ਨਿਕਲ ਰਹੇ। ਸ਼ੋਅ ਰੱਦ ਹੋ ਰਹੇ ਹਨ। ਫ਼ਿਲਮ ਦੀ ਲਾਗਤ ਬਹੁਤ ਵਧ ਗਈ ਹੈ। ਕਲਾਕਾਰ ਵੱਡੀਆਂ ਰਕਮਾਂ ਲੈਂਦੇ ਹਨ। ਪ੍ਰਮੋਸ਼ਨ 'ਤੇ ਬਹੁਤ ਪੈਸਾ ਖਰਚ ਹੋ ਰਿਹਾ ਹੈ। ਜਦ ਫ਼ਿਲਮ ਦਰਮਿਆਨੀ ਕਮਾਈ ਵੀ ਕਰਦੀ ਹੈ ਤਾਂ ਉਸ ਨੂੰ ਵੀ ਫੇਲ੍ਹ ਦੀ ਸ਼੍ਰੇਣੀ ਵਿੱਚ ਹੀ ਰੱਖਿਆ ਜਾਂਦਾ ਹੈ ਕਿਉਂਕਿ ਲਾਗਤ ਉਸ ਤੋਂ ਵਧੇਰੇ ਹੁੰਦੀ ਹੈ। ਫ਼ਿਲਮ ਬਣਾਉਣ ਦੇ, ਮੁਕੰਮਲ ਕਰਨ ਦੇ ਬੇਲੋੜੇ ਖਰਚੇ ਘਟਾਉਣੇ ਪੈਣਗੇ। ਕੋਵਿਡ-19 ਕਾਰਨ ਲੀਹ ਤੋਂ ਲੱਥਾ ਪੰਜਾਬੀ ਫ਼ਿਲਮ ਉਦਯੋਗ ਮੁੜ ਪਟੜੀ 'ਤੇ ਨਹੀਂ ਚੜ੍ਹ ਸਕਿਆ। ਫ਼ਿਲਮਕਾਰਾਂ, ਅਦਾਕਾਰਾਂ, ਸਰਕਾਰਾਂ ਅਤੇ ਦਰਸ਼ਕਾਂ ਦੇ ਸਾਂਝੇ ਉੱਦਮ ਤੇ ਆਪਸੀ ਸਹਿਯੋਗ ਸਦਕਾ ਨੇੜ-ਭਵਿੱਖ ਵਿੱਚ ਪੰਜਾਬੀ ਸਿਨੇਮਾ ਦਾ ਮੂੰਹ-ਮੱਥਾ ਸੰਵਰ ਸਕਦਾ ਹੈ।

# ਸਲਮਾਨ ਖ਼ਾਨ ਬਣਾਉਣਗੇ 19 ਮੰਜ਼ਿਲਾ ਹੋਟਲ, ਸਮੁੰਦਰ ਦੇ ਨਜ਼ਾਰੇ ਵਾਲਾ ਸ਼ਾਨਦਾਰ ਸਵੀਮਿੰਗ ਪੂਲ

## ਹੋਟਲ ਦੀ ਉਚਾਈ ਕੁਤਬ ਮੀਨਾਰ ਵਰਗੀ ਹੋਵੇਗੀ

ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਮੁੰਬਈ ਵਿੱਚ 19 ਮੰਜ਼ਿਲਾ ਹੋਟਲ ਬਣਾਉਣ ਜਾ ਰਹੇ ਹਨ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਸਲਮਾਨ ਖਾਨ ਮੁੰਬਈ ਦੇ ਬਾਂਦਰਾ ਵਿੱਚ ਕਾਰਟਰ ਰੋਡ 'ਤੇ ਇਕ ਹੋਟਲ ਬਣਾ ਰਹੇ ਹਨ। ਭਾਈਜਾਨ 19 ਮੰਜ਼ਿਲਾ ਹੋਟਲ ਬਣਾਉਣ ਦੀ ਯੋਜਨਾ ਬਣਾ ਰਹੇ ਹਨ। ਉਸ ਦੇ ਹੋਟਲ ਤੋਂ ਸਮੁੰਦਰ ਦਾ ਨਜ਼ਾਰਾ ਬਹੁਤ ਖ਼ੂਬਸੂਰਤ ਲੱਗੇਗਾ। ਰਿਪੋਰਟਾਂ ਮੁਤਾਬਕ ਬੀ.ਐੱਮ.ਸੀ. ਨੇ ਬਿਲਡਿੰਗ ਪਲਾਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਸਲਮਾਨ ਨੇ ਇਹ ਜਾਇਦਾਦ ਘਰ ਬਣਾਉਣ ਦੇ ਮਕਸਦ ਨਾਲ ਲਈ ਸੀ। ਇਸ ਦੇ ਨਾਲ ਹੀ ਹੁਣ ਉਸ ਨੇ ਘਰ ਦੀ ਬਜਾਏ ਇਸ ਜਾਇਦਾਦ 'ਤੇ 19 ਮੰਜ਼ਿਲਾ ਹੋਟਲ ਬਣਾਉਣ ਦਾ ਇਰਾਦਾ ਬਣਾਇਆ ਹੈ। ਦੱਸ ਦੇਈਏ ਕਿ ਕਰੀਬ ਇੱਕ ਸਾਲ ਪਹਿਲਾਂ ਸਲਮਾਨ ਨੇ ਆਪਣੀ ਮਾਂ ਸਲਮਾ ਖਾਨ ਦੇ ਨਾਮ 'ਤੇ ਇੱਕ ਹੋਟਲ ਦਾ ਪ੍ਰਸਤਾਵ ਦਿੱਤਾ ਸੀ।

ਦੱਸ ਦੇਈਏ ਕਿ ਸਲਮਾਨ ਖਾਨ ਦੇ ਇਸ 19 ਮੰਜ਼ਿਲਾ ਹੋਟਲ ਦੀ ਉਚਾਈ ਦਿੱਲੀ ਦੇ ਕੁਤਬ ਮੀਨਾਰ ਤੋਂ ਥੋੜੀ ਘੱਟ ਹੋਣ ਵਾਲੀ ਹੈ। ਰਿਪੋਰਟਾਂ ਦੇ ਅਨੁਸਾਰ, 19 ਮੰਜ਼ਿਲਾ ਹੋਟਲ ਦੀ ਉਚਾਈ 69.9 ਮੀਟਰ ਹੋਵੇਗੀ, ਜਦੋਂ ਕਿ ਕੁਤਬ ਮੀਨਾਰ ਦੀ ਉਚਾਈ 73 ਮੀਟਰ ਹੈ। ਹੋਟਲ ਵਿੱਚ 3-ਪੱਧਰੀ ਬੇਸਮੈਂਟ ਹੋਵੇਗੀ, ਜਿਸ ਵਿੱਚ ਪਹਿਲੀ ਅਤੇ ਦੂਜੀ ਮੰਜ਼ਿਲ 'ਤੇ ਇੱਕ ਕੈਫੇ ਅਤੇ ਰੈਸਟੋਰੈਂਟ ਹੋਵੇਗਾ। ਇਸ ਦੇ ਨਾਲ ਹੀ ਤੀਜੀ ਮੰਜ਼ਿਲ 'ਤੇ ਜਿੰਮ ਅਤੇ ਸਵੀਮਿੰਗ ਪੂਲ ਹੋਵੇਗਾ ਤੇ ਚੌਥੀ ਮੰਜ਼ਿਲ 'ਤੇ ਸੇਵਾ ਹੋਵੇਗੀ।



# ਤੀਰ-ਅੰਦਾਜ਼ੀ ਵਿਸ਼ਵ ਕੱਪ 'ਚ ਪੰਜਾਬ ਦੀ ਧੀ ਅਵਨੀਤ ਕੌਰ ਨੇ ਵਧਾਇਆ ਮਾਣ, ਜਿੱਤਿਆ ਕਾਂਸੀ ਤਮਗਾ





ਚੰਡੀਗੜ੍ਹ/ਏ.ਟੀ.ਨਿਊਜ਼: ਚੀਨ ਦੇ ਸ਼ਹਿਰ ਸ਼ੰਗਾਈ ਵਿਖੇ ਤੀਰ-ਅੰਦਾਜ਼ੀ ਖੇਡ ਦੇ ਵਿਸ਼ਵ ਕੱਪ 'ਚ ਭਾਰਤ ਵੱਲੋਂ ਖੇਡਦਿਆਂ ਪੰਜਾਬ ਦੀ ਤੀਰ-ਅੰਦਾਜ਼ ਅਵਨੀਤ ਕੌਰ ਨੇ ਕਾਂਸੀ ਤਮਗਾ ਜਿੱਤਿਆ। ਅਵਨੀਤ ਨੇ ਵਿਸ਼ਵ ਕੱਪ 'ਚ ਮਹਿਲਾ ਵਰਗ ਦੇ ਵਿਅਕਤੀਗਤ ਕੰਪਾਊਂਡ ਮੁਕਾਬਲੇ ਵਿੱਚ ਤੀਜੇ ਸਥਾਨ ਵਾਲੇ ਮੈਚ ਵਿੱਚ ਤੁਰਕੀ ਦੀ ਤੀਰ-ਅੰਦਾਜ਼ ਇਪੇਕ ਤੋਮੁਰਕ ਨੂੰ 147-144 ਨਾਲ ਹਰਾ ਕੇ ਕਾਂਸੀ ਤਮਗਾ ਜਿੱਤਿਆ।

ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਮਾਣ-ਮੱਤੀ ਪ੍ਰਾਪਤੀ ਉੱਤੇ ਤੀਰ-ਅੰਦਾਜ਼ ਅਵਨੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਸ ਨੇ ਸੂਬੇ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ਤੀਰ-ਅੰਦਾਜ਼ ਦੀ ਸਖ਼ਤ ਮਿਹਨਤ, ਲਗਨ ਤੇ ਸਮਰਪਣ ਭਾਵਨਾ ਦੇ ਨਾਲ ਉਸ ਦੇ ਕੋਚ ਅਤੇ ਮਾਪਿਆਂ ਸਿਰ ਬੰਨ੍ਹਿਆ। ਖੇਡ ਮੰਤਰੀ ਨੇ ਅਵਨੀਤ ਨੂੰ ਭਵਿੱਖ ਦੇ ਮੁਕਾਬਲਿਆਂ ਲਈ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਇਸ ਖੇਡ 'ਚ ਦੇਸ਼ ਦਾ ਭਵਿੱਖ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਅਵਨੀਤ ਹੋਰ ਵੀ ਪ੍ਰਾਪਤੀਆਂ ਕਰੇਗੀ। ਅਵਨੀਤ ਦੀ ਇਹ ਪ੍ਰਾਪਤੀ ਸੂਬੇ 'ਚ ਨਵੀਂ ਉਮਰ ਦੇ ਖਿਡਾਰੀਆਂ ਲਈ ਚਾਨਣ ਮੁਨਾਰਾ ਬਣੇਗੀ। ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਮੁੜ ਖੇਡਾਂ ਵਿੱਚ ਨੰਬਰ ਇਕ ਬਣਾਉਣ ਲਈ ਉਪਰਾਲੇ ਕਰ ਰਹੀ ਹੈ ਅਤੇ ਇਸ ਵਾਰ ਖੇਡਾਂ ਦੇ ਬਜਟ ਵਿੱਚ ਵੀ 55 ਫੀਸਦੀ ਵਾਧਾ ਕੀਤਾ। ਨਵੀਂ ਖੇਡ ਨੀਤੀ ਵੀ ਜਲਦ ਆ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਸਰਦਾਰਗੜ੍ਹ ਦੀ ਰਹਿਣ ਵਾਲੀ ਅਵਨੀਤ ਕੌਰ ਖਾਲਸਾ ਕਾਲਜ ਪਟਿਆਲਾ ਦੀ ਵਿਦਿਆਰਥਣ ਹੈ। ਵਿਸ਼ਵ ਕੱਪ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਦਿਆਂ ਉਹ ਸੈਮੀਫ਼ਾਈਨਲ ਵਿੱਚ ਪੁੱਜੀ ਸੀ, ਜਿਥੇ ਉਹ ਇੰਗਲੈਂਡ ਦੀ ਤੀਰ-ਅੰਦਾਜ਼ ਇਲ ਗਿਬਸਨ ਤੋਂ 144-146 ਨਾਲ ਹਾਰ ਗਈ। ਇਸ ਤੋਂ ਬਾਅਦ ਕਾਂਸੀ ਦੇ ਤਮਗ਼ੇ ਵਾਲੇ ਮੈਚ ਵਿਚ ਉਸ ਨੇ ਤੁਰਕੀ ਦੀ ਤੀਰ-ਅੰਦਾਜ਼ ਨੂੰ ਹਰਾ ਕੇ ਤਮਗਾ ਜਿੱਤਿਆ।

## ਹਾਕੀ ਪ੍ਰੋ ਲੀਗ ਦੇ ਯੂਰਪੀਅਨ ਗੇੜ ਦੌਰਾਨ ਏਸ਼ੀਆਈ ਖੇਡਾਂ 'ਤੇ ਹੋਵੇਗਾ ਧਿਆਨ : ਹਰਮਨਪ੍ਰੀਤ ਸਿੰਘ



ਬੈਂਗਲੁਰੂ/ਏ.ਟੀ.ਨਿਊਜ਼ : ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ 26 ਮਈ ਤੋਂ ਸ਼ੁਰੂ ਹੋਣ ਵਾਲੇ ਪ੍ਰੋ ਲੀਗ ਮੈਚਾਂ ਦੇ ਯੂਰਪੀਅਨ ਦੌਰੇ 'ਤੇ ਉਸ ਦੀ ਟੀਮ ਦਾ ਧਿਆਨ ਏਸ਼ੀਆਈ ਖੇਡਾਂ 'ਤੇ ਹੋਵੇਗਾ। ਏਸ਼ੀਆਈ ਖੇਡਾਂ ਹਾਕੀ ਦੀ ਉਲੰਪਿਕ ਕੁਆਲੀਫਾਇੰਗ ਪ੍ਰਤੀਯੋਗਿਤਾ ਹੈ।

ਟੀਮ ਯੂਰਪੀਅਨ ਦੌਰ ਦੇ ਪਹਿਲੇ ਗੇੜ ਲਈ ਲੰਡਨ ਲਈ ਰਵਾਨਾ ਹੋਈ ਜਿੱਥੇ ਉਨ੍ਹਾਂ ਦਾ ਸਾਹਮਣਾ ਉਲੰਪਿਕ ਚੈਂਪੀਅਨ ਬੈਲਜੀਅਮ (26 ਮਈ ਅਤੇ 2 ਜੂਨ) ਅਤੇ ਮੇਜ਼ਬਾਨ ਗ੍ਰੇਟ ਬ੍ਰਿਟੇਨ (27 ਮਈ ਅਤੇ 3 ਜੂਨ) ਨਾਲ ਹੋਵੇਗਾ। ਟੀਮ ਫਿਰ ਨੀਦਰਲੈਂਡ (7 ਅਤੇ 10 ਜੂਨ) ਅਤੇ ਅਰਜਨਟੀਨਾ (8 ਅਤੇ 11 ਜੂਨ) ਦੇ ਖ਼ਿਲਾਫ਼ ਆਪਣੇ ਮੈਚਾਂ ਲਈ ਆਈਂਡਹੋਵਨ ਜਾਵੇਗੀ ਹਰਮਨਪ੍ਰੀਤ ਨੇ ਬ੍ਰਿਟੇਨ ਰਵਾਨਾ ਹੋਣ ਤੋਂ ਪਹਿਲਾਂ ਕਿਹਾ,"ਅਸੀਂ ਪ੍ਰੋ ਲੀਗ ਸੈਸ਼ਨ ਦੇ ਆਖਰੀ ਗੇੜ ਵੱਲ ਵੱਧ ਰਹੇ ਹਾਂ, ਸਾਡੇ ਕੋਲ ਮੈਚ ਕਾਫ਼ੀ ਮਹੱਤਵਪੂਰਨ ਹੋਣਗੇ। ਅਸੀਂ ਅਜੇ ਤਕ ਅੰਕ ਸੂਚੀ ਵਿੱਚ ਮਜ਼ਬੂਤ ਸਥਿਤੀ ਵਿੱਚ ਹਾਂ ਤੇ ਅਸੀਂ ਬਾਕੀ ਮੈਚਾਂ ਵਿੱਚ ਵੱਧ ਤੋਂ ਵੱਧ ਅੰਕ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ।" ਭਾਰਤੀ ਕਪਤਾਨ ਨੇ ਕਿਹਾ,"ਅਸੀਂ ਇਸ ਦੌਰੇ ਨੂੰ ਲੈ ਕੇ ਉਤਸ਼ਾਹਿਤ ਹਾਂ ਕਿਉਂਕਿ ਇਹ ਸਾਨੂੰ ਚੰਗੀਆਂ ਟੀਮਾਂ ਵਿਰੁੱਧ ਖੇਡਣ ਦਾ ਸ਼ਾਨਦਾਰ ਮੌਕਾ ਵੀ ਦਿੰਦਾ ਹੈ। ਇਹ ਮੈਚ ਸਾਡੇ ਲਈ ਅਸਲੀਅਤ ਵਿੱਚ ਮਹੱਤਵਪੂਰਨ ਹੋਣਗੇ ਕਿਉਂਕਿ ਅਸੀਂ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਮਹੱਤਵਪੂਰਨ ਏਸ਼ੀਆਈ ਖੇਡਾਂ ਦੀ ਤਿਆਰੀ ਕਰ ਰਹੇ ਹਾਂ।"


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

## ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਮਾਮਲਾ

ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆਂ ਨੇ ਆਖਿਆ ਕਿ ਕਮੇਟੀ ਨਿਯਮਾਂ ਦਾ ਖਰੜਾ ਤਿਆਰ ਕਰੇ ਤੇ ਇਸ ਨੂੰ ਸਿੱਖ ਜਥੇਬੰਦੀਆਂ ਦੀ ਸਹਿਮਤੀ ਲੈਣ ਲਈ ਸਿੱਖ ਸੰਗਤ ਵਿਚ ਵੰਡ ਦਿੱਤਾ ਜਾਵੇ। ਇਹ ਖਰੜਾ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਤੱਕ ਪਹੁੰਚਾਇਆ ਜਾਵੇ ਤੇ ਸਹਿਮਤੀ ਲੈਣ ਮਗਰੋਂ ਇਸ ਨੂੰ ਅੰਤਿਮ ਰੂਪ ਦਿੱਤਾ ਜਾਵੇ।

ਬਾਬਾ ਸਰਬਜੋਤ ਸਿੰਘ ਬੇਦੀ ਨੇ ਆਖਿਆ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸ਼੍ਰੋਮਣੀ ਕਮੇਟੀ ਦੁਆਰਾ ਕੀਤੀ ਨਿਯੁਕਤੀ ਅਸਲ ਵਿੱਚ ਸਿੱਖ ਪਰੰਪਰਾਵਾਂ ਅਨੁਸਾਰ ਠੀਕ ਨਹੀ ਹੈ। ਸਿੱਖ ਰਵਾਇਤਾਂ ਦਾ ਉਸ ਪੱਛਮੀ ਕਿਸਮ ਦੇ ਜਮਹੂਰੀ ਢਾਂਚੇ ਨਾਲ ਕੋਈ ਮੇਲ ਨਹੀ ਹੈ ਜੋ ਸਿਰਫ ਅਤੇ ਸਿਰਫ ਭ੍ਰਿਸ਼ਟ ਲੋਕਾਂ ਦੀ ਫੌਜ ਪੈਦਾ ਕਰ ਰਿਹਾ ਹੈ। ਸਿੱਖ ਕੌਮ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿੰਨੀ ਦੇਰ ਉਹ ਸ਼੍ਰੋਮਣੀ ਕਮੇਟੀ ਦੇ ਮੁਲਾਜਮ ਬਣਾ ਕੇ ਆਪਣੇ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਪਰਵਾਨ ਕਰਦੀ ਰਹੇਗੀ ਉਨੀ ਚਿਰ ਤੱਕ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਨੂੰ ਲੱਗ ਰਿਹਾ ਖੋਰਾ ਰੁਕੇਗਾ ਨਹੀ। ਇਸ ਤੋਂ ਬਿਨਾ ਤਖਤ ਸਾਹਿਬਾਨ ਦੇ ਜਥੇਦਾਰ ਆਪਣੀ ਜ਼ਿੰਮੇਵਾਰੀ ਅਜ਼ਾਦੀ ਨਾਲ ਨਹੀ ਨਿਭਾ ਸਕਣਗੇ। ਬਾਬਾ ਬੇਦੀ ਨੇ ਇਹ ਵੀ ਕਿਹਾ ਕਿ ਗੁਰੂ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਬਹਿਬਲ ਕਾਂਡ ਦੇ ਦੋਸ਼ੀਆਂ ਬਾਦਲ ਪਰਿਵਾਰ ਨੂੰ ਮਾਨਤਾ ਨਹੀਂ ਦਿਤੀ ਜਾ ਸਕਦੀ ਹੈ ਕਿ ਉਹ ਪੰਥ ਦੇ ਜਥੇਦਾਰ ਦੀ ਚੋਣ ਕਰੇ? ਉਹਨਾਂ ਕਿਹਾ ਕਿ ਅਕਾਲੀ ਦਲ ਨੇ ਧੱਕੇ ਨਾਲ ਗੁਰਦੁਆਰਾ ਐਕਟ ਅਧੀਨ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਹੈਡ ਗਰੰਥੀ ਸਿਰਜਕੇ ਮੀਰੀ ਪੀਰੀ ਸਿਧਾਂਤ ਦਾ ਘਾਣ ਕੀਤਾ ਹੈ। ਜਥੇਦਾਰ ਦੇ ਅਹੁਦੇ ਨੂੰ ਸ਼੍ਰੋਮਣੀ ਕਮੇਟੀ ਤੇ ਬਾਦਲਕਿਆਂ ਦੀ ਗੁਲਾਮੀ ਵਿਚੋਂ ਅਜ਼ਾਦ ਕਰਾਕੇ ਪੰਥ ਦੇ ਅਧੀਨ ਸਿਰਜਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਾਦਲਕੇ ਤੇ ਸ਼੍ਰੋਮਣੀ ਕਮੇਟੀ ਪੰਥ ਨਹੀਂ ਹਨ। ਪੰਥ ਦਾ ਘੇਰਾ ਪੂਰੇ ਸੰਸਾਰ ਵਿੱਚ ਹੈ। ਜਥੇਦਾਰ ਪੰਥ ਦਾ ਹੈ,ਬਾਦਲਕਿਆਂ ਦਾ ਸਰਕਲ ਜਥੇਦਾਰ ਨਹੀਂ ਹੈ। ਉਹਨਾਂ ਕਿਹਾ ਕਿ ਅਕਾਲ ਤਖਤ ਸਾਹਿਬ ਸੱਚੀ ਪਾਤਸ਼ਾਹੀ ਦਾ ਪੈਰੋਕਾਰ ਹੈ ਕੂੜ ਰਾਜਨੀਤੀ ਦਾ ਨਹੀਂ। ਖਾਲਸਾ ਪੰਥ ਲਈ ਵਾਹਿਗੁਰੂ ਪਾਤਸ਼ਾਹ ਹੈ ,ਕੂੜ ਰਾਜਨੀਤੀ ਦੇ ਪੈਰੋਕਾਰ ਪਾਤਸ਼ਾਹ ਨਹੀਂ ਹਨ।

***

## ਕਿਲਰ ਰੋਬੋਟ ਭਵਿੱਖ ਦੀ ਜੰਗ ਦੌਰਾਨ

ਅਲ ਜਜ਼ੀਰਾ ਦੀ ਇੱਕ ਰਿਪੋਰਟ ਦੇ ਅਨੁਸਾਰ, ਮਾਹਿਰਾਂ ਦਾ ਮੰਨਣਾ ਹੈ ਕਿ ਰਸਾਇਣਕ ਹਥਿਆਰਾਂ ਦੀ ਵਰਤੋਂ ਦੇ ਵਿਰੁੱਧ ਇੱਕ ਵਿਸ਼ਵਵਿਆਪੀ ਪਾਬੰਦੀ ਤੰਤਰ ਬਣਾਉਣਾ ਸੰਭਵ ਹੈ। ਇਸ ਨਾਲ, ਵੱਡੀਆਂ ਫੌਜੀ ਸ਼ਕਤੀਆਂ ਸੰਭਾਵੀ ਜੰਗ ਦੇ ਮੈਦਾਨ ਦਾ ਫਾਇਦਾ ਉਠਾਉਣ ਦੇ ਯੋਗ ਹੋ ਗਈਆਂ ਹਨ, ਇਸ ਲਈ ਰੋਬੋਟਾਂ ਲਈ ਅਜਿਹੇ ਸਿਸਟਮ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਮਨੁੱਖਤਾ ਨੂੰ ਖਤਰਨਾਕ ਨਤੀਜਿਆਂ ਤੋਂ ਬਚਾਇਆ ਜਾ ਸਕੇ। ਪਰ, ਅਜਿਹਾ ਲੱਗਦਾ ਹੈ ਕਿ ਸਰਕਾਰਾਂ ਕਾਤਲ ਰੋਬੋਟਾਂ ਬਾਰੇ ਕੋਈ ਵੀ ਨਿਯਮ ਬਣਾਉਣ ਦੇ ਮੂਡ ਵਿੱਚ ਨਹੀਂ ਹਨ।

ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ ਨਿਊ ਸਾਊਥ ਵੇਲਜ਼ ਦੇ ਏਆਈ ਮਾਹਿਰ ਟੋਬੀ ਵਾਲਸ਼ ਵੀ ਅਜਿਹੇ ਹਥਿਆਰਾਂ ਨੂੰ ਲੈ ਕੇ ਚਿੰਤਤ ਹੈ। ਵਾਲਸ਼ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਇਸਦਾ ਮਤਲਬ ਇਹ ਨਹੀਂ ਹੈ ਕਿ ਖੋਜਕਰਤਾਵਾਂ ਨੂੰ ਸਵੈਚਲਿਤ ਹਥਿਆਰ ਪ੍ਰਣਾਲੀਆਂ ਦੇ ਪਿੱਛੇ ਤਕਨਾਲੋਜੀ ਨੂੰ ਵਿਕਸਤ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ,ਪਰ ਉਹਨਾਂ ਨੂੰ ਮਨੁੱਖਤਾ ਦੇ ਹਿੱਤ ਵਿੱਚ ਬਣਾਉਣਾ ਚਾਹੀਦਾ ਹੈ, ਪਰ ਜੰਗ ਦੇ ਮੈਦਾਨ ਲਈ ਨਹੀਂ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਰੋਬੋਟ ਦੀ ਜੰਗ ਸ਼ੁਰੂ ਹੁੰਦੀ ਹੈ ਤਾਂ ਅਜਿਹਾ ਸਮਾਂ ਆਵੇਗਾ ਜਦੋਂ ਇਹ ਇਨਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ ਅਤੇ ਅਸੀਂ ਚਾਹਕੇ ਵੀ ਇਸ ਨੂੰ ਰੋਕ ਨਹੀਂ ਜਾ ਸਕਾਂਗੇ। ਨਾਲ ਹੀ, ਕੀ ਰੋਬੋਟ ਸਿਰਫ ਦੁਸ਼ਮਣ ਨੂੰ ਮਾਰ ਦੇਣਗੇ, ਸ਼ਾਇਦ ਨਹੀਂ, ਕਿਉਂਕਿ ਆਖਰਕਾਰ ਇਹ ਰੋਬੋਟ ਪ੍ਰੋਗਰਾਮ 'ਤੇ ਆਧਾਰਿਤ ਹਨ। ਬਹੁਤ ਸਾਰੇ ਮਾਹਿਰਾਂ ਦਾ ਕਹਿਣਾ ਹੈ, ਯੁੱਧ ਵਿੱਚ ਰੋਬੋਟ ਦੀ ਵਰਤੋਂ ਦੇ ਲਾਭਾਂ ਨਾਲੋਂ ਵਧੇਰੇ ਖ਼ਤਰੇ ਹਨ ਅਤੇ ਵਿਗਿਆਨੀਆਂ ਨੂੰ ਕਿਸੇ ਵੀ ਸਥਿਤੀ ਵਿੱਚ ਅਜਿਹੇ ਖ਼ਤਰਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਹੈ।

ਕਾਤਲ ਰੋਬੋਟਾਂ ਦੇ ਹੱਥਾਂ ਵਿੱਚ ਜੰਗ ਛੱਡਣ ਦਾ ਮਤਲਬ ਹੈ ਕਿ ਮਸ਼ੀਨਾਂ ਨੂੰ ਜ਼ਿੰਦਗੀ ਅਤੇ ਮੌਤ ਦਾ ਫੈਸਲਾ ਕਰਨ ਦੀ ਸ਼ਕਤੀ ਦੇਣਾ। ਮਾਹਿਰਾਂ ਦਾ ਕਹਿਣਾ ਹੈ ਕਿ ਮਸ਼ੀਨਾਂ ਦੇ ਹੱਥਾਂ ਵਿੱਚ ਮਨੁੱਖੀ ਜ਼ਿੰਦਗੀਆਂ ਦਾ ਫੈਸਲਾ ਕਰਨ ਦਾ ਅਧਿਕਾਰ ਦੇਣਾ ਨਾ ਸਿਰਫ ਨੈਤਿਕ ਤੌਰ 'ਤੇ ਗਲਤ ਹੈ, ਸਗੋਂ ਮਨੁੱਖਤਾ ਲਈ ਵਿਨਾਸ਼ਕਾਰੀ ਹੋਵੇਗਾ।

***

## ਕਰਨਾਟਕ 'ਚ ਕਾਂਗਰਸ ਦੇ ਨਵੇਂ ਮੰਤਰੀਆਂ ਦਾ

ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਪੁੱਡੂਚੇਰੀ ਦੇ ਮੁੱਖ ਮੰਤਰੀ ਐੱਨ ਰੰਗਾਸਵਾਮੀ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਤੇ ਪੀ ਡੀ ਪੀ ਆਗੂ ਮਹਿਬੂਬਾ ਮੁਫ਼ਤੀ ਖਾਸ ਤੌਰ 'ਤੇ ਵਰਨਣਯੋਗ ਹਨ। ਇਨ੍ਹਾਂ ਆਗੂਆਂ ਵੱਲੋਂ ਪ੍ਰਗਟਾਈ ਗਈ ਇਕਜੁੱਟਤਾ ਦਾ ਸੁਨੇਹਾ ਸਪੱਸ਼ਟ ਹੈ। ਤ੍ਰਿਣਮੂਲ ਕਾਂਗਰਸ, ਜਿਹੜੀ ਕਾਂਗਰਸ ਨੂੰ ਪਸੰਦ ਨਹੀਂ ਕਰ ਰਹੀ ਸੀ, ਵੀ ਹੁਣ ਕਾਂਗਰਸ ਵੱਲ ਝੁਕਦੀ ਨਜ਼ਰ ਆ ਰਹੀ ਹੈ। ਮਮਤਾ ਬੈਨਰਜੀ ਖੁਦ ਤਾਂ ਨਹੀਂ ਪੁੱਜੀ, ਪਰ ਉਨ੍ਹਾਂ ਆਪਣੇ ਨੁਮਾਇੰਦੇ ਨੂੰ ਭੇਜਿਆ। ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ ਤੇ ਸ਼ਿਵ ਸੈਨਾ ਦੇ ਊਧਵ ਠਾਕਰੇ ਖੁਦ ਨਹੀਂ ਆਏ, ਪਰ ਉਨ੍ਹਾਂ ਆਪਣਾ ਨੁਮਾਇੰਦਾ ਭੇਜ ਕੇ ਪਾਰਟੀ ਦੀ ਹਾਜ਼ਰੀ ਲੁਆਈ। ਨਿਤੀਸ਼ ਨੇ ਜਿਹੜੀ ਗੱਲ ਬਹੁਤ ਪਹਿਲਾਂ ਕਹੀ ਸੀ, ਉਹ ਸੱਚ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਸੀ ਕਿ ਕਾਂਗਰਸ ਦੇ ਬਿਨਾਂ ਆਪੋਜ਼ੀਸ਼ਨ ਏਕਤਾ ਨਹੀਂ ਹੋ ਸਕਦੀ। ਹੁਣ 2024 ਦੀ ਤਸਵੀਰ ਸਾਫ ਹੋ ਰਹੀ ਹੈ। ਬਿਹਾਰ ਵਿੱਚ ਛੇਤੀ ਹੀ ਹੋਣ ਵਾਲੀ ਆਪੋਜ਼ੀਸ਼ਨ ਪਾਰਟੀਆਂ ਦੀ ਰੈਲੀ ਤਸਵੀਰ ਨੂੰ ਹੋਰ ਵੀ ਸਾਫ ਕਰੇਗੀ। ਕਾਂਗਰਸ ਬਹੁਤ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਉਹ ਆਪੋਜ਼ੀਸ਼ਨ ਏਕਤਾ ਲਈ ਕਿਸੇ ਵੀ ਕੋਸ਼ਿਸ਼ ਨੂੰ ਨਹੀਂ ਛੱਡੇਗੀ। ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਮੋਦੀ ਦੀ ਤਾਨਾਸ਼ਾਹੀ ਨੂੰ ਹਰਾਉਣ ਲਈ ਕਾਂਗਰਸ ਤੇ ਉਸ ਦੀਆਂ ਹਮਖਿਆਲ ਪਾਰਟੀਆਂ ਸੀਟਾਂ ਦੀ ਵੰਡ ਆਮ ਸਹਿਮਤੀ ਨਾਲ ਕਿੰਨੀ ਛੇਤੀ ਕਰਦੀਆਂ ਹਨ। ਮੋਦੀ ਤੇ ਸ਼ਾਹ ਦੀ ਜੋੜੀ ਤਾਂ ਹਰ ਵੇਲੇ ਚੋਣ ਵਾਲੇ ਰੌਂਅ ਵਿੱਚ ਰਹਿੰਦੀ ਹੈ। ਆਪੋਜ਼ੀਸ਼ਨ ਨੂੰ ਵੀ ਛੇਤੀ ਤੋਂ ਛੇਤੀ ਸਾਂਝੀ ਮੁਹਿੰਮ ਦਾ ਆਗਾਜ਼ ਕਰਨਾ ਪੈਣਾ। ਕਾਂਗਰਸ ਨੂੰ ਇਸ ਮੁਹਿੰਮ ਵਿਚ ਇਤਿਹਾਸਕ ਭੂਮਿਕਾ ਨਿਭਾਉਣ ਦੀ ਲੋੜ ਹੈ।

***

## ਕਰਜ਼ੇ ਦੇ ਜਾਲ 'ਚ ਫਸੇ ਪੰਜਾਬੀ

ਸਰੀਆ, ਲੇਬਰ ਆਦਿ ਏਨੇ ਜਿਆਦਾ ਮਹਿੰਗੇ ਹੋ ਗਏ ਹਨ ਕਿ ਲੋਕਾਂ ਸਿਰ ਆਪਣਾ ਖੁਦ ਦਾ ਮਕਾਨ ਬਣਾਉਣ ਸਮੇਂ ਕਰਜ਼ਾ ਚੜ੍ਹ ਜਾਂਦਾ ਹੈ। ਇਸ ਤੋਂ ਇਲਾਵਾ ਮਹਿੰਗੀਆਂ ਤੇ ਵੱਡੀਆਂ ਗੱਡੀਆਂ ਖਰੀਦਣ ਦਾ ਸ਼ੌਕ ਵੀ ਪੰਜਾਬੀਆਂ ਨੂੰ ਕਰਜ਼ਈ ਕਰ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਆਪਣੇ ਧੀਆਂ- ਪੁੱਤਾਂ ਦੇ ਵਿਆਹ ਹੋਟਲਾਂ ਅਤੇ ਮੈਰਿਜ਼ ਪੈਲਿਸਾਂ 'ਚ ਕਰਦੇ ਸਮੇਂ ਬਹੁਤ ਪੈਸਾ ਖ਼ਰਚਦੇ ਹਨ, ਜਿਸ ਕਾਰਨ ਉਹ ਕਰਜ਼ਈ ਹੋ ਜਾਂਦੇ ਹਨ। ਇਸ ਤੋਂ ਇਲਾਵਾ ਪਰਿਵਾਰ ਦੇ ਹਰ ਮੈਂਬਰ ਵੱਲੋਂ ਆਪਣਾ ਖੁਦ ਦਾ ਵਾਹਨ ਰੱਖਣ ਦੇ ਰੁਝਾਨ ਅਤੇ ਬਰਾਂਡਿਡ ਅਤੇ ਮਹਿੰਗੇ ਕੱਪੜੇ ਪਾਉਣ ਦੇ ਰੁਝਾਨ ਨੇ ਵੀ ਲੋਕਾਂ ਦੇ ਖਰਚੇ ਵਧਾਏ ਹਨ।

***

## ਕਰਜ਼ੇ 'ਚ ਡੁੱਬੀ ਪੰਜਾਬ ਸਰਕਾਰ

ਸਾਰੇ ਸੂਬਿਆਂ ਤੋਂ ਵੱਧ ਆਪਣੀ ਆਮਦਨ ਦਾ 21.3 ਫੀਸਦੀ ਕਰਜ਼ੇ ਦਾ ਵਿਆਜ ਹੀ ਮੋੜਿਆ ਹੈ ਅਤੇ ਸੂਬੇ ਦਾ ਕੁਲ ਵਿੱਤੀ ਘਾਟਾ ਵੀ ਕੁਲ ਘਰੇਲੂ ਉਤਪਾਦ ਦਾ 4.6 ਫੀਸਦੀ ਰਿਹਾ ਜਿਹੜਾ ਵਿੱਤੀ ਜ਼ਿੰਮੇਵਾਰੀ ਕਾਨੂੰਨ ਮੁਤਾਬਕ 3.5 ਫੀਸਦੀ ਤੋਂ ਘੱਟ ਹੋਣਾ ਚਾਹੀਦਾ ਹੈ। ਸਰਕਾਰ ਨੇ ਪਹਿਲੇ ਤਿੰਨ ਮਹੀਨਿਆਂ ਵਿੱਚ ਲਗਭਗ 8100 ਕਰੋੜ ਰੁਪਏ ਕਰਜ਼ਾ ਲਿਆ। ਸਰਕਾਰੀ ਦਾਅਵਿਆਂ ਮੁਤਾਬਿਕ ਲਗਭਗ 10366 ਕਰੋੜ ਰੁਪਏ ਦਾ ਕਰਜ਼ਾ ਵਾਪਸ ਵੀ ਕੀਤਾ। ਪਲੇਠੇ ਬਜਟ ਵਿੱਚ 'ਆਪ' ਸਰਕਾਰ ਨੇ 30000-35000 ਕਰੋੜ ਰੁਪਏ ਕਰਜ਼ਾ ਲੈਣ ਦੀ ਤਜਵੀਜ਼ ਰੱਖੀ ਸੀ। ਰਿਜ਼ਰਵ ਬੈਂਕ ਦੇ ਨਿਯਮਾਂ ਅਨੁਸਾਰ ਪੰਜਾਬ ਸਰਕਾਰ 55000 ਕਰੋੜ ਰੁਪਏ ਦਾ ਕਰਜ਼ਾ ਲੈ ਸਕਦੀ ਹੈ। ਰਿਪੋਰਟ ਮੁਤਾਬਕ ਸਾਲ 2024-25 ਦੌਰਾਨ ਸੂਬੇ ਦਾ ਜਨਤਕ ਕਰਜ਼ਾ 3,73,988 ਕਰੋੜ ਰੁਪਏ ਹੋ ਜਾਵੇਗਾ, ਜੋ ਕਿ 31 ਮਾਰਚ, 2019 'ਚ 1,79,130 ਦੇ ਜਨਤਕ ਕਰਜ਼ੇ ਨਾਲੋਂ ਦੁੱਗਣਾ ਹੈ। ਪਿਛਲੇ 10 ਸਾਲਾਂ ਦੌਰਾਨ ਪੰਜਾਬ ਸਿਰ ਕਰਜ਼ਾ ਚਾਰ ਗੁਣਾ ਵੱਧ ਗਿਆ ਹੈ। ਸਾਲ 2006-07 'ਚ ਜਦੋਂ ਸੂਬੇ 'ਚ ਅਕਾਲੀ-ਭਾਜਪਾ ਗਠਜੋੜ ਸੱਤਾ 'ਚ ਆਈ ਸੀ ਤਾਂ ਇਹ ਕਰਜ਼ਾ ਸਿਰਫ਼ 40,000 ਕਰੋੜ ਰੁਪਏ ਦੇ ਕਰੀਬ ਸੀ। ਇਕ ਦਹਾਕੇ ਬਾਅਦ ਜਦੋਂ ਅਕਾਲੀ-ਭਾਜਪਾ ਸਰਕਾਰ ਸਾਲ 2016-17 ਦੀਆਂ ਚੋਣਾਂ ਹਾਰੀ ਤਾਂ ਇਹ ਕਰਜ਼ਾ ਕਰੀਬ 1,53,773 ਕਰੋੜ ਰੁਪਏ ਤੱਕ ਪਹੁੰਚ ਗਿਆ।

ਪੰਜਾਬ ਇਸ ਸਮੇਂ ਕਰਜ਼ੇ ਦੇ ਜਾਲ ਵਿੱਚ ਫਸ ਚੁੱਕਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਸਥਿਤੀ ਨੂੰ ਸੁਧਾਰਨ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ, ਹਾਲਾਂ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਪਣਾ ਪਹਿਲਾ ਬਜਟ ਪੇਸ਼ ਕਰਦੇ ਹੋਏ ਜੋ ਵ੍ਹਾਈਟ ਪੇਪਰ ਵਿਧਾਨ ਸਭਾ 'ਚ ਰੱਖਿਆ ਸੀ, ਉਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਰਕਾਰ ਨੂੰ ਵਿੱਤੀ ਸਥਿਤੀ ਨੂੰ ਠੀਕ ਕਰਨ ਲਈ ਵੱਡੇ ਕਦਮ ਚੁੱਕਣ ਦੀ ਲੋੜ ਹੋਵੇਗੀ ਪਰ 14 ਮਹੀਨਿਆਂ ਦੀ ਸਰਕਾਰ ਨੇ ਹਾਲੇ ਤਕ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਹੈ ਜਿਸ ਨਾਲ ਕਰਜ਼ੇ ਦੇ ਬੋਝ ਨੂੰ ਘੱਟ ਕਰਨ ਵਿੱਚ ਮਦਦ ਮਿਲੇ ਅਤੇ ਸਰਕਾਰ ਆਪਣੇ ਆਮਦਨੀ ਦੇ ਸਰੋਤਾਂ ਨੂੰ ਵਧਾ ਸਕੇ।

**

## ਪੰਜਾਬ 'ਚ ਨਹੀਂ ਵਧੇ ਆਮਦਨੀ ਦੇ ਸਰੋਤ

ਵਿੱਚ ਇਹ 11500 ਕਰੋੜ ਹੈ।

**ਕਰਜ਼ਾ ਮਾਫ ਕਰਨ ਦੀ ਮੰਗ**

ਪੰਜਾਬ ਦੇ ਕਰਜ਼ੇ ਦੇ ਜਾਲ 'ਚ ਫਸੇ ਲੋਕ ਅਕਸਰ ਪੰਜਾਬ ਸਰਕਾਰ ਤੋਂ ਉਹਨਾਂ ਦਾ ਕਰਜ਼ਾ ਮਾਫ ਕਰਨ ਦੀ ਮੰਗ ਕਰਦੇ ਹਨ। ਬੁੱਧੀਜੀਵੀਆਂ ਅਨੁਸਾਰ ਸਰਕਾਰ ਕੁਦਰਤੀ ਕਹਿਰ ਕਾਰਨ ਫਸਲਾਂ ਖਰਾਬ ਹੋਣ ਕਾਰਨ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਤਾਂ ਮਾਫ ਕਰ ਸਕਦੀ ਹੈ, ਪਰ ਜਿਹੜੇ ਲੋਕਾਂ ਨੇ ਆਪਣੇ ਮਹਿੰਗੇ ਸ਼ੌਕ ਪੂਰੇ ਕਰਨ ਲਈ ਕਰਜ਼ਾ ਲਿਆ ਹੋਇਆ ਹੈ, ਉਸ ਕਰਜ਼ੇ ਨੂੰ ਸਰਕਾਰ ਵੱਲੋਂ ਕਿਸ ਤਰ੍ਹਾਂ ਮਾਫ ਕੀਤਾ ਜਾ ਸਕਦਾ ਹੈ?

ਘੱਟ ਜ਼ਮੀਨਾਂ ਵਾਲਿਆਂ ਦਾ ਵੱਡਾ ਸੰਕਟ 2015 ਵਿੱਚ ਜਦੋਂ ਚਿੱਟੀ ਮੱਖੀ ਨੇ ਸਾਰੀ ਫ਼ਸਲ ਬਰਬਾਦ ਕਰ ਦਿੱਤੀ ਸੀ ਤਾਂ ਅਚਾਨਕ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਧ ਗਈਆਂ ਸਨ। ਅਸਲ ਵਿੱਚ ਕਿਸਾਨਾਂ ਦੀ ਹਾਲਤ ਅਜਿਹੀ ਹੋ ਗਈ ਹੈ ਕਿ ਉਹ ਇੱਕ ਵੀ ਫ਼ਸਲ ਬਰਬਾਦ ਹੋਣ ਨੂੰ ਬਰਦਾਸ਼ਤ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਕਿਸਾਨ ਜਾਣਦਾ ਹੈ ਕਿ ਉਸ ਦੀ ਇੱਕ ਫ਼ਸਲ ਬਰਬਾਦ ਹੋ ਗਈ ਤਾਂ ਉਹ ਸਾਰੀ ਉਮਰ ਕਰਜ਼ਾ ਦਾ ਬੋਝ ਨਹੀਂ ਝੱਲ ਸਕੇਗਾ। ਵੱਡੇ ਕਿਸਾਨ ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਤਾਂ ਆਪਣਾ ਕੰਮ ਚਲਾ ਲੈਣਗੇ ਪਰ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਵੇਗਾ।

ਜਦੋਂ ਮਾਲਵਾ ਪੱਟੀ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਧੀਆਂ ਤਾਂ ਕਈ ਸਰਵੇਖਣ ਕਰਵਾਏ ਗਏ। ਜਦੋਂ ਯੂਨੀਵਰਸਿਟੀਆਂ ਨੇ ਆਪਣਾ ਸਰਵੇਖਣ ਕੀਤਾ ਤਾਂ ਪੱਤਰਕਾਰਾਂ ਨੇ ਖ਼ੁਦ ਜਾ ਕੇ ਜ਼ਮੀਨੀ ਸੱਚਾਈ ਜਾਣਨ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਦੀ ਇੱਕ ਹੀ ਰਾਏ ਸੀ ਕਿ ਪਹਿਲਾਂ ਹੀ ਉਨ੍ਹਾਂ ਦੀਆਂ ਫ਼ਸਲਾਂ ਦਾ ਪੂਰਾ ਭਾਅ ਨਹੀਂ ਮਿਲਦਾ ਅਤੇ ਉੱਤੋਂ ਫ਼ਸਲ ਦੀ ਬਰਬਾਦੀ ਤੋਂ ਉਹ ਕਿਵੇਂ ਬਚ ਸਕਦੇ ਹਨ। ਜੇ ਇਨ੍ਹਾਂ ਦੇ ਆਪਣੇ ਖ਼ਰਚੇ, ਬੀਜ, ਲੇਬਰ, ਡੀਜ਼ਲ, ਖਾਦਾਂ ਅਤੇ ਰਸਾਇਣਿਕ ਦਵਾਈਆਂ ਆਦਿ ਨੂੰ ਜੋੜਿਆ ਜਾਵੇ ਤਾਂ ਸ਼ਾਇਦ ਹੀ ਕੋਈ ਅਜਿਹਾ ਸਾਲ ਆਵੇ ਜਦੋਂ ਉਨ੍ਹਾਂ ਦੇ ਖਰਚੇ ਪੂਰੇ ਹੋਏ ਹੋਣ। ਅਜਿਹੀ ਸਥਿਤੀ ਵਿੱਚ ਕਰਜ਼ਾ ਮੋੜਨਾ ਅਸੰਭਵ ਹੈ। ਇਸ ਦੌਰਾਨ ਜੇਕਰ ਇਕ ਵੀ ਫ਼ਸਲ ਬਰਬਾਦ ਹੋ ਗਈ ਤਾਂ ਕਰਜ਼ਾ ਕਿਵੇਂ ਚੁਕਾਇਆ ਜਾਵੇਗਾ?

***

## ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਿਤ

ਨਾ ਹੋ ਕਾਰਨ ਦੀਵਾਰਾਂ 'ਤੇ ਰੰਗ-ਚਿੱਤਰ ਤੇ ਮੀਨਾਕਾਰੀ ਲੋਪ ਹੋ ਚੁੱਕੀ ਹੈ। ਹੁਣ ਤਾਂ ਬਾਰਾਂਦਰੀ ਦੇ ਟੁੱਟੇ ਛੱਜਿਆਂ ਦੇ ਨੇੜੇ ਸਿੱਖ ਰਾਜ ਸਮੇਂ ਹੋਈ ਮੀਨਾਕਾਰੀ ਦੇ ਕੁਝ ਕੁ ਅੰਸ਼ ਹੀ ਦਿਖਾਈ ਦਿੰਦੇ ਹਨ। ਮਹਾਰਾਜਾ ਸ਼ੇਰ ਸਿੰਘ ਦਾ ਸ਼ਾਹੀ ਮਹਿਲ ਤੇ ਬਾਰਾਂਦਰੀ ਸਿੱਖ ਰਾਜ ਦੀ ਭਵਨ ਨਿਰਮਾਣ ਕਲਾ ਦਾ ਨਮੂਨਾ ਹੈ। ਤਲਾਬ ਵਿੱਚ ਬਣੀ ਬਾਰਾਂਦਰੀ ਨੂੰ ਜਲ ਮਹਿਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਸ਼ਾਲੀਮਾਰ ਬਾਗ ਲਾਹੌਰ ਵਿੱਚ ਪਹਿਲਾਂ ਬਣੀ ਬਾਰਾਂਦਰੀ ਦੀ ਨਕਲ ਹੀ ਹੈ। ਸਿੱਖ ਮਿਸਲਾਂ ਸਮੇਂ ਬਟਾਲਾ ਕਨ੍ਹੱਈਆ ਮਿਸਲ ਦੇ ਬਾਨੀ ਸਰਦਾਰ ਜੈ ਸਿੰਘ ਦੇ ਅਧਿਕਾਰ ਖੇਤਰ ਵਿੱਚ ਸੀ। ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ 1785 ਈਸਵੀ ਵਿੱਚ ਮਹਾਂ ਸਿੰਘ ਸ਼ੁਕਰਚੱਕੀਏ ਨਾਲ ਬਟਾਲੇ ਤੋਂ ਥੋੜ੍ਹੀ ਦੂਰ ਅਚੱਲ ਨੇੜੇ ਹੋਈ ਲੜਾਈ ਵਿੱਚ ਮਾਰਿਆ ਗਿਆ ਸੀ। ਗੁਰਬਖ਼ਸ਼ ਸਿੰਘ ਦੀ ਵਿਧਵਾ ਸਰਦਾਰਨੀ ਸਦਾ ਕੌਰ ਬੜੀ ਦਲੇਰ ਤੇ ਦੂਰ-ਦ੍ਰਿਸ਼ਟੀ ਵਾਲੀ ਸੀ। ਉਸ ਨੇ ਆਪਣੇ ਵਕਾਰ ਨੂੰ ਬਹਾਲ ਕਰਨ ਲਈ ਆਪਣੀ ਪੁੱਤਰੀ ਮਹਿਤਾਬ ਕੌਰ ਦਾ ਵਿਆਹ ਮਹਾਂ ਸਿੰਘ ਸ਼ੁਕਰਚੱਕੀਏ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤਾ। ਸਰਦਾਰ ਜੈ ਸਿੰਘ ਦੀ ਮੌਤ ਤੋਂ ਬਾਅਦ ਉਸ ਦੀ ਨੂੰਹ ਸਰਦਾਰਨੀ ਸਦਾ ਕੌਰ ਨੇ ਕਨ੍ਹੱਈਆ ਮਿਸਲ ਦੀ ਕਮਾਨ ਸੰਭਾਲ ਲਈ ਪਰ ਉਸ ਦੀ ਮੌਤ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਬਟਾਲਾ ਅਸਟੇਟ 'ਤੇ ਕਾਬਜ਼ ਹੋ ਗਿਆ। ਸੰਨ 1838 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਟਾਲਾ ਅਸਟੇਟ ਦੀ ਜਗੀਰ ਕੰਵਰ ਸ਼ੇਰ ਸਿੰਘ, ਜੋ ਸਦਾ ਕੌਰ ਦਾ ਦੋਹਤਰਾ ਸੀ, ਨੂੰ ਦੇ ਦਿੱਤੀ। ਮਹਾਰਾਜਾ ਰਣਜੀਤ ਸਿੰਘ ਦੇ 1839 ਈਸਵੀ ਵਿੱਚ ਅਕਾਲ ਚਲਾਣਾ ਕਰ ਜਾਣ ਉਪਰੰਤ 15 ਜਨਵਰੀ 1841 ਈਸਵੀ ਨੂੰ ਸ਼ੇਰ ਸਿੰਘ ਮਹਾਰਾਜਾ ਬਣੇ ਤੇ ਰਾਜ-ਭਾਗ ਦੀ ਵਾਗਡੋਰ ਸੰਭਾਲੀ। ਉਸ ਸਮੇਂ ਮਿਸਟਰ ਕਲਾਰਕ ਬ੍ਰਿਟਿਸ਼ ਸਰਕਾਰ ਦੇ ਗਵਰਨਰ ਜਨਰਲ ਦਾ ਏਜੰਟ ਸੀ ਜੋ ਲੁਧਿਆਣਾ ਵਿੱਚ ਰਹਿੰਦਾ ਸੀ। ਉਸ ਨੇ ਮਹਾਰਾਜਾ ਸ਼ੇਰ ਸਿੰਘ 'ਤੇ ਦਬਾਅ ਪਾ ਕੇ ਸੰਧਾਵਾਲੀਆ ਸਰਦਾਰਾਂ, ਜੋ ਪਹਿਲਾਂ ਅੰਗਰੇਜ਼ ਸਰਕਾਰ ਦੀ ਸ਼ਰਨ ਵਿੱਚ ਸਨ, ਲਾਹੌਰ ਦਰਬਾਰ ਵਿੱਚ ਲਿਆਂਦਾ ਗਿਆ। 15 ਸਤੰਬਰ, 1843 ਨੂੰ ਸੰਧਾਵਾਲੀਆ ਸਰਦਾਰ ਅਜੀਤ ਸਿੰਘ ਤੇ ਉਸ ਦੇ ਸਾਥੀ ਨੇ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਦਾ ਸ਼ਾਹ ਬਲਾਵਲ ਲਾਹੌਰ ਵਿਖੇ ਕਤਲ ਕਰ ਦਿੱਤਾ। ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਕਤਲ ਕਰਵਾਉਣ ਬਦਲੇ ਏਜੰਟ ਮਿਸਟਰ ਕਲਾਰਕ ਨੇ ਗਵਰਨਰ ਜਨਰਲ ਕੋਲੋਂ ਦੋ ਲਾਭ ਪ੍ਰਾਪਤ ਕੀਤੇ। ਪਹਿਲਾ ਜ਼ਿਲ੍ਹਾ ਲਾਹੌਰ 'ਚ ਕਲਾਰਕਾਬਾਦ ਵਸਾਉਣ ਤੇ ਦੂਜਾ ਮਹਾਰਾਜਾ ਸ਼ੇਰ ਸਿੰਘ ਦਾ ਬਟਾਲਾ ਸਥਿਤ ਸ਼ਾਹੀ ਮਹਿਲ 'ਤੇ ਕਬਜ਼ਾ। ਬਾਅਦ ਵਿੱਚ ਇਹ ਸ਼ਾਹੀ ਮਹਿਲ 1-4-1883 ਨੂੰ ਐਫ.ਐਚ. ਪਾਦਰੀ ਬੇਰਿੰਗ ਸਾਹਿਬ ਬਹਾਦਰ ਨੂੰ 99 ਸਾਲਾ ਲੀਜ਼ 'ਤੇ 300 ਰੁਪਏ ਪ੍ਰਤੀ ਸਾਲ ਕਿਰਾਏ 'ਤੇ ਦਿੱਤਾ। ਇੱਥੇ ਦੱਸਣਾ ਜ਼ਰੂਰੀ ਹੈ ਕਿ ਸੰਨ 1849 ਵਿੱਚ ਜਦੋਂ ਅੰਗਰੇਜ਼ ਸਰਕਾਰ ਨੇ ਸਿੱਖ ਰਾਜ ਆਪਣੇ ਅਧੀਨ ਕੀਤਾ ਤਾਂ ਉਸ ਵੇਲੇ ਸਿੱਖ ਰਾਜ ਦੀ ਜੋ ਜ਼ੱਦੀ ਜਾਇਦਾਦ ਸੀ, ਨੂੰ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ। ਉਸ ਜਾਇਦਾਦ ਵਿੱਚ ਬਟਾਲੇ ਦੀ ਜਾਇਦਾਦ ਵੀ ਸ਼ਾਮਲ ਸੀ। ਮਹਾਰਾਜਾ ਸ਼ੇਰ ਸਿੰਘ ਦੇ ਅਟਾਰੀ ਵਿਖੇ ਰਹਿੰਦੇ ਵਾਰਸਾਂ ਕੰਵਰ ਦਵਿੰਦਰ ਪਾਲ ਸਿੰਘ ਤੇ ਕੰਵਰ ਕਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਕਚਹਿਰੀ ਦੇ ਮਾਲ ਵਿਭਾਗ ਕੋਲੋਂ ਪ੍ਰਾਪਤ ਕੀਤੇ ਰਿਕਾਰਡ ਅਨੁਸਾਰ ਖਤੌਨੀ ਮਿਸਲ ਹਕੀਅਤ 1909-10 ਦੀ ਜਮ੍ਹਾਂਬੰਦੀ ਅਨੁਸਾਰ 2602 ਨੰਬਰ ਇੰਤਕਾਲ, ਮਕਬੂਜ਼ਾ ਮਾਲਕ, 75 ਕਨਾਲ 4 ਮਰਲੇ ਅਤੇ 13 ਕਨਾਲ 11 ਮਰਲੇ, ਮਿਸਟਰ ਕਲਾਰਕ ਸੈਕਟਰੀ ਚਰਚ ਆ- ਇੰਗਲੈਂਡ, ਖਤੌਨੀ ਖੇਵਟ ਨੰਬਰ 521-22, 1048-49, ਮਿਸਲ ਹਕੀਅਤ 1909-10 ਕਬਜ਼ਾ ਅਨਾਰਕਲੀ ਵਾਲਾ, ਮਿਸਟਰ ਕਲਾਰਕ ਸੈਕਟਰੀ ਆ-ਚਰਚ ਇੰਗਲੈਂਡ। ਬੈਰਿੰਗ ਯੂਨੀਅਨ ਕਾਲਜ ਐਫ.ਐੱਚ. ਪਾਦਰੀ ਬੇਰਿੰਗ ਸਾਹਿਬ ਬਹਾਦਰ ਦੇ ਨਾਂ 'ਤੇ ਕਾਲਜ, ਮਾਲਕ ਭਾਰਤ ਸਰਕਾਰ, ਕਾਸ਼ਤਕਾਰ ਐਫ.ਐਚ. ਪਾਦਰੀ ਬੇਰਿੰਗ ਸਾਹਿਬ ਬਹਾਦਰ ਕਿਰਾਏਦਾਰ ਕਬਜ਼ਾ 7107, 12-11, 12-17 ਲਿਖਿਆ ਹੋਇਆ ਹੈ। ਮਹਾਰਾਜਾ ਦੇ ਵਾਰਸਾਂ ਨੇ ਦੱਸਿਆ ਕਿ ਬ੍ਰਿਟਿਸ਼ ਸਰਕਾਰ ਨੇ ਮਹਾਰਾਜਾ ਸ਼ੇਰ ਸਿੰਘ ਦਾ ਸ਼ਾਹੀ ਮਹਿਲ (ਅਨਾਰਕਲੀ) 1-4-1883 ਨੂੰ 99 ਸਾਲਾ ਲੀਜ਼ 'ਤੇ ਦੇ ਦਿੱਤਾ ਸੀ, ਜਦੋਂਕਿ ਬਾਰਾਂਦਰੀ 6.10.1890 ਨੂੰ 92 ਸਾਲਾ ਲੀਜ਼ 'ਤੇ ਦਿੱਤੀ ਗਈ ਸੀ। ਦੋਵਾਂ ਦੀ ਲੀਜ਼ ਦਾ ਸਮਾਂ 1.4.1982 ਨੂੰ ਖ਼ਤਮ ਹੋਇਆ ਸੀ। ਇਸ ਉਪਰੰਤ ਉਨ੍ਹਾਂ ਦੇ ਵਾਰਸਾਂ ਨੇ ਸੈਕਸ਼ਨ 80 ਸੀ.ਪੀ.ਸੀ. ਤਹਿਤ 12 ਫਰਵਰੀ 1982 ਨੂੰ ਐਡਵੋਕੇਟ ਆਤਮਾ ਰਾਮ ਅਗਰਵਾਲ ਅੰਮ੍ਰਿਤਸਰ ਰਾਹੀਂ ਸਕੱਤਰ ਭਾਰਤ ਸਰਕਾਰ, ਸਕੱਤਰ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਨੋਟਿਸ ਭੇਜ ਕੇ ਮੰਗ ਕੀਤੀ ਸੀ ਕਿ ਬਟਾਲਾ ਸਥਿਤ ਮਹਾਰਾਜਾ ਸ਼ੇਰ ਸਿੰਘ ਦੀ ਜਾਇਦਾਦ ਸ਼ਾਹੀ ਮਹਿਲ (ਅਨਾਰਕਲੀ) ਦੀ ਲੀਜ਼ ਦਾ ਸਮਾਂ ਖਤਮ ਹੋ ਚੁੱਕਾ ਹੈ। ਇਸ ਲਈ ਸਰਕਾਰ ਵਡੇਰਿਆਂ ਦੀ ਜਾਇਦਾਦ ਉਨ੍ਹਾਂ ਦੇ ਹਵਾਲੇ ਕਰੇ। ਮਹਾਰਾਜਾ ਸ਼ੇਰ ਸਿੰਘ ਦੇ ਵਾਰਸਾਂ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ।

***

## ਮੁੱਖ ਮੰਤਰੀ ਦੇ ਬਿਆਨ

ਸੰਗਤ ਵਿੱਚ ਬੇਲੋੜੇ ਵਿਵਾਦ ਅਤੇ ਦੁਵਿਧਾ ਪੈਦਾ ਨਾ ਕਰਨ। ਸਿੱਖ ਸੰਸਥਾ ਅਤੇ ਕੌਮ ਦੇ ਕੀਤੇ ਜਾਣ ਵਾਲੇ ਪੰਥਕ ਕਾਰਜਾਂ ਦੇ ਅਧਿਕਾਰ ਖੇਤਰ ਹੋਰ ਹੁੰਦੇ ਹਨ ਅਤੇ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹੁੰਦੇ ਹਨ।

**ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਬਣਾਈ**

ਦਰਬਾਰ ਸਾਹਿਬ ਵਿੱਚ ਗੁਰਬਾਣੀ ਦੇ ਕੀਰਤਨ ਦੇ ਪ੍ਰਸਾਰਣ ਦੇ ਹੱਕ ਨੂੰ ਲੈ ਕੇ ਚੱਲ ਰਹੇ ਵਿਵਾਦ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਵਿਚਾਰਨ ਵਾਸਤੇ ਇਕ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਇਸ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਰਘੂਜੀਤ ਸਿੰਘ ਵਿਰਕ, ਕੁਲਵੰਤ ਸਿੰਘ ਮੰਨਣ, ਸਰਵਣ ਸਿੰਘ ਅਤੇ ਭਾਈ ਰਜਿੰਦਰ ਸਿੰਘ ਮਹਿਤਾ ਸ਼ਾਮਲ ਹਨ।

****

## 'ਆਪ' ਸਰਕਾਰ ਮਨੁੱਖੀ ਅਧਿਕਾਰਾਂ 'ਤੇ

ਵਿਖੇ ਇਕ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਤ ਸਮਾਜ, ਨਿਰਮਲੇ ਸੰਤ, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਸੰਤ ਮਹਾਂਪੁਰਸ਼, ਇਲਾਕੇ ਦੀਆਂ ਪ੍ਰਮੁੱਖ ਤੇ ਕਈ ਹੋਰ ਧਾਰਮਿਕ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੀਆਂ।

***

## ਬੰਦੀ ਸਿੰਘ ਗੁਰਦੀਪ ਖੇੜਾ ਦੀ ਤਬੀਅਤ ਖ਼ਰਾਬ

ਦਿੱਲੀ ਅਤੇ ਕਰਨਾਟਕ 'ਚ ਹੋਏ ਬੰਬ ਧਮਾਕਿਆਂ ਦੇ ਮਾਮਲੇ ਦਰਜ ਹਨ। ਅਦਾਲਤ ਨੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਦੋਸ਼ੀ ਲੰਬੇ ਸਮੇਂ ਤੋਂ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਹੈ।

## ਪੱਛਮੀ ਸੱਭਿਅਤਾ ਦੀ ਭੇਟ ਚੜ੍ਹ

ਪਸ਼ੂ ਪੰਛੀਆਂ ਦੇ ਖਿਡੌਣੇ ਉਸ ਸੱਭਿਅਤਾ ਦੇ ਸੱਭਿਆਚਾਰ ਦੀ ਗਵਾਹੀ ਭਰਦੇ ਹਨ।

ਮਿੱਟੀ ਦੀ ਕਲਾ ਦੇ ਨਾਲ ਹੀ ਲੱਕੜ ਦੀ ਕਲਾਕਾਰੀ ਵੀ ਦਿਨ ਪ੍ਰਤੀ ਦਿਨ ਘਟਦੀ ਹੀ ਜਾ ਰਹੀ ਹੈ।ਪਹਿਲਾਂ ਲੱਕੜ ਦੇ ਸਿਰਜਕਾਂ ਵੱਲੋਂ ਘਰਾਂ ਅਤੇ ਕਿੱਤਿਆਂ ਵਿਚ ਵਰਤਣਯੋਗ ਵਸਤਾਂ ਲੱਕੜੀ ਦੀਆਂ ਹੀ ਬਣਾਈਆਂ ਜਾਂਦੀਆਂ ਸਨ ਜਿਵੇਂ ਘਰਾਂ ਦੇ ਦਰਵਾਜ਼ੇ, ਬੈਠਣ ਲਈ ਪੀਹੜੀਆਂ, ਮੰਜੇ, ਪਲੰਘ, ਹਲ, ਪੰਜਾਲੀ, ਸਾਮਾਨ ਪਾਉਣ ਲਈ ਸੰਦੂਕ ਜਾਂ ਬਕਸੇ, ਸੂਤ ਕੱਤਣ ਲਈ ਚਰਖਿਆਂ ਤੋਂ ਇਲਾਵਾ ਹੋਰ ਵੀ ਕਾਫ਼ੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਆਦਿਕ। ਪੁਰਾਣੇ ਕਲਾਕਾਰਾਂ ਦੇ ਕੰਮ ਵਿੱਚ ਐਨੀ ਜ਼ਿਆਦਾ ਸਫਾਈ ਹੁੰਦੀ ਸੀ ਕਿ ਲੱਕੜ 'ਤੇ ਚਿੱਤਰ ਉਭਾਰਨ ਤੋਂ ਬਾਅਦ ਰੰਗ ਕਰਕੇ ਉਨ੍ਹਾਂ ਵਿਚੋਂ ਜਿੰਦਾ ਹੋਣ ਦੇ ਭੁਲੇਖੇ ਪਾਉਣ ਵਾਲੀ ਕਲਾਕਾਰੀ ਦਿਖਾਈ ਜਾਂਦੀ ਸੀ। ਪਰ ਅੱਜ ਲੱਕੜ ਬਸ ਘਰਾਂ ਦੇ ਫ਼ਰਨੀਚਰ ਤੱਕ ਹੀ ਸੀਮਤ ਰਹਿ ਗਈ ਹੈ ਬਾਕੀ ਸਭ ਵਸਤਾਂ ਲੋਹੇ, ਸਟੀਲ ਜਾਂ ਫਾਈਬਰ ਤੋਂ ਬਣਨੀਆਂ ਸ਼ੁਰੂ ਹੋ ਗਈਆਂ ਹਨ ਜਿਨ੍ਹਾਂ ਦੀ ਆਮਦ ਨੇ ਲੱਕੜੀ ਦੇ ਸਿਰਜਕਾਂ ਦੇ ਧੰਦੇ ਤਾਂ ਠੱਪ ਕਰ ਹੀ ਦਿੱਤੇ ਹਨ ਨਾਲ ਹੀ ਵਿਰਸੇ ਨਾਲ ਜੁੜੀਆਂ ਪੁਰਾਤਨ ਨਿਸ਼ਾਨੀਆਂ ਵੀ ਅਲੋਪ ਕਰ ਦਿੱਤੀਆਂ ਹਨ। ਅੱਜ ਦੀ ਨੌਜਵਾਨ ਪੀੜ੍ਹੀ ਦਾ ਉਪਰੋਕਤ ਹਸਤ ਕਲਾਵਾਂ ਪ੍ਰਤੀ ਕੋਈ ਵੀ ਮੋਹ ਨਹੀਂ ਰਿਹਾ, ਇਸ ਦਾ ਵੱਡਾ ਕਾਰਨ ਪੱਛਮੀ ਸੱਭਿਅਤਾ ਦਾ ਭਾਰੂ ਹੋਣਾ ਵੀ ਕਿਹਾ ਜਾ ਸਕਦਾ ਹੈ। ਪਰ ਇਹ ਸਾਰੀਆਂ ਹਸਤ ਕਲਾਵਾਂ ਜੋ ਅੱਜ ਅਲੋਪ ਹੋ ਗਈਆਂ ਹਨ ਸਾਡੇ ਸੱਭਿਆਚਾਰ, ਵਿਰਸੇ, ਰਿਸ਼ਤੇ, ਲੋਕ ਧੰਦਿਆਂ, ਸਾਹਿਤ ਅਤੇ ਸਾਡੇ ਪੰਜਾਬ ਦੀ ਹੱਸਦੀ-ਖੇਡਦੀ ਤਸਵੀਰ ਦੀ ਗਵਾਹੀ ਭਰਦੀਆਂ ਹਨ। ਅੱਜ ਮਸ਼ੀਨੀਕਰਨ ਨੇ ਹੱਥੀਂ ਕਿਰਤਾਂ ਵਾਲਿਆਂ ਨੂੰ ਵਿਹਲੇ ਕਰ ਦਿੱਤਾ ਹੈ ਜਿਸ ਕਾਰਨ ਪੰਜਾਬ ਦੀ ਆਰਥਿਕਤਾ ਨੂੰ ਵੀ ਢਾਹ ਲੱਗ ਰਹੀ ਹੈ। ਨੌਜਵਾਨ ਪੀੜ੍ਹੀ ਵੀ ਆਪਣੇ ਸੱਭਿਆਚਾਰ ਨੂੰ ਭੁੱਲਦੀ ਜਾ ਰਹੀ ਹੈ, ਹਰ ਖੇਤਰ ਵਿੱਚ ਨੌਜਵਾਨਾਂ ਉੱਪਰ ਪੱਛਮ ਦੀ ਸੱਭਿਅਤਾ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਪੰਜਾਬ ਦੇ ਅੱਲ੍ਹੜਾਂ ਦਾ ਪਹਿਰਾਵਾ, ਰੀਤੀ-ਰਿਵਾਜ, ਖਾਣ-ਪੀਣ, ਖ਼ਤਮ ਹੋ ਰਹੀ ਪੰਜਾਬੀ ਭਾਸ਼ਾ ਖ਼ੁਦ ਵੱਲੋਂ ਜਾਣ-ਬੁੱਝ ਕੇ ਵਿਸਾਰੇ ਜਾ ਰਹੇ ਸੱਭਿਆਚਾਰ ਦੀ ਗਵਾਹੀ ਭਰ ਰਹੇ ਹਨ। ਸਾਡੇ ਵਿਰਸੇ ਅਤੇ ਸੱਭਿਆਚਾਰ ਦੀ ਆਪਣੀ ਜੋ ਮਹੱਤਤਾ ਹੈ ਉਸ ਨੂੰ ਪੰਜਾਬ ਵਾਸੀਆਂ ਵੱਲੋਂ ਆਪਣੀ ਬਦਲ ਰਹੀ ਸੋਚ ਦੇ ਅਧੀਨ ਲਿਆ ਕੇ ਅੱਖੋਂ ਓਹਲੇ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਸੱਭਿਆਚਾਰ ਬਿਨ੍ਹਾਂ ਸਾਡੀ ਕੋਈ ਵੀ ਹੋਂਦ ਨਹੀਂ ਅਤੇ ਅਸਲ ਨੁਹਾਰ ਬਿਨਾਂ ਸਾਨੂੰ ਪੰਜਾਬੀ ਕਹਾਉਣ ਦਾ ਵੀ ਕੋਈ ਹੱਕ ਨਹੀਂ। ਅੱਜ ਚਰਖੇ, ਫੁਲਕਾਰੀਆਂ, ਤ੍ਰਿੰਝਣਾਂ, ਪੀਂਘਾਂ ਮੁਟਿਆਰਾਂ ਬਿਨਾਂ ਸੁੰਨੀਆਂ ਪਈਆਂ ਹਨ। ਪੰਜਾਬੀ ਗੱਭਰੂ ਬਹੁਤੇ ਤਾਂ ਪੰਜਾਬ ਛੱਡ ਕੇ ਵਿਦੇਸ਼ਾਂ ਨੂੰ ਚਾਲੇ ਪਾ ਗਏ ਹਨ, ਬਾਕੀ 70 ਪ੍ਰਤੀਸ਼ਤ ਪੰਜਾਬ ਵਿਚਲੇ ਨਸ਼ੇ ਦੇ ਹੜ੍ਹ ਵਿੱਚ ਗਰਕ ਹੋ ਚੁੱਕੇ ਹਨ।

ਇਹ ਸਭ ਦੇਖਣ ਤੋਂ ਬਾਅਦ ਅਸੀਂ ਅੱਜ ਕਿਉਂ ਨਾ ਐਲਾਨੀਆ ਕਹੀਏ ਕਿ ਅਸੀਂ ਆਜ਼ਾਦ ਭਾਰਤ ਦੇ ਪੱਛਮੀ ਸੋਚ ਦੀ ਨਕਲ ਕਰਨ ਵਾਲੇ ਗੁਲਾਮ ਪੰਜਾਬੀ ਬਣਦੇ ਜਾ ਰਹੇ ਹਾਂ ਜਿਸ ਵਿੱਚ ਸਭ ਤੋਂ ਜ਼ਿਆਦਾ ਯੋਗਦਾਨ ਨਵੀਂ ਪੀੜ੍ਹੀ ਪਾ ਰਹੀ ਹੈ ਪਰ ਨਾਲ ਨਾਲ ਬਹੁਤੇ ਮਾਪਿਆਂ ਵੱਲੋਂ ਵੀ ਆਪਣੀ ਔਲਾਦ ਨੂੰ ਵਿਰਸੇ ਨਾਲੋਂ ਤੋੜ ਕੇ ਪੱਛਮ ਵਿੱਚ ਡੋਬਿਆ ਜਾ ਰਿਹਾ ਹੈ। ਸੋ, ਅੱਜ ਲੋੜ ਹੈ ਸਾਨੂੰ ਆਪਣਾ ਸੱਭਿਆਚਾਰ ਤੇ ਵਿਰਸਾ ਸੰਭਾਲਣ ਦੀ ਕਿਉਂਕਿ ਜੋ ਅਸੀਂ ਗੁਆ ਚੁੱਕੇ ਹਾਂ, ਉਹ ਤਾਂ ਵਾਪਸ ਨਹੀਂ ਆ ਸਕਦਾ ਪਰ ਜੋ ਸਾਡੇ ਕੋਲ ਮੌਜੂਦ ਹੈ ਉਸ ਨੂੰ ਜ਼ਰੂਰ ਗੁਆਚਣ ਤੋਂ ਬਚਾਇਆ ਜਾ ਸਕਦਾ ਹੈ।

***

## ਸਿੱਖ ਪੰਥ ਵਿਰੁੱਧ ਬਿਰਤਾਂਤਕ

ਇਸ ਫਿਲਮ ਨੂੰ ਲੀਬੀਆ ਦੀ ਜੰਗ-ਏ-ਆਜ਼ਾਦੀ ਦਾ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ। ਜਦੋਂ ਬੰਦਾ ਫਿਲਮ ਵੇਖ ਕੇ ਹਟਦੈ ਤਾਂ ਉਸ ਦਾ ਮਨ ਉਸ ਜੰਗ ਦੇ ਆਗੂ ਉਮਰ ਮੁਖਤਾਰ ਲਈ ਕਿਸੇ ਡੂੰਘੇ ਸਤਿਕਾਰ ਨਾਲ ਭਰ ਜਾਂਦੈ। ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਫ਼ਿਲਮਾਂ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਸਾਰੀਆਂ ਫ਼ਿਲਮਾਂ ਵਿੱਚ ਸਾਂਝੀ ਗੱਲ ਇਹੋ ਹੈ ਕਿ ਇਹਨਾਂ ਨੂੰ ਬਣਾਉਣ ਵਾਲਿਆਂ ਨੇ ਪਹਿਲਾਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਇਸ ਕਲਾ ਨੂੰ ਸਿੱਖਣ ਲਈ ਅਰਪਣ ਕੀਤਾ ਤੇ ਫੇਰ ਜਾ ਕੇ ਫਿਲਮ ਬਣਾਈ। ਪਰ ਸਾਡੇ ਉਲਟ ਹੈ। ਜੇ ਬੰਦੇ ਨੂੰ ਸੁੱਤੇ ਪਏ ਨੂੰ ਖ਼ਿਆਲ ਆ ਜਾਵੇ ਕਿ ਉਸਨੇ ਫਿਲਮ ਬਣਾਉਣੀ ਹੈ, ਜਾਂ ਗਾਇਕ ਬਣਨਾ ਹੈ ਜਾਂ ਪੱਤਰਕਾਰੀ ਕਰਨੀ ਹੈ ਤਾਂ ਉਹ ਅਗਲੇ ਹੀ ਦਿਨ ਉਸ ਕੰਮ ਵਿੱਚ ਜੁਟ ਜਾਂਦਾ ਹੈ। ਕੁਝ ਵੀ ਸਿੱਖਣ ਦੀ ਖੇਚਲ ਨਹੀਂ ਕਰਦਾ। ਇਸ ਅਮਲ ਵਿਚੋਂ ਜੋ ਕੁਝ ਸਾਹਮਣੇ ਆਉਂਦਾ ਹੈ ਉਸ ਦਾ ਹਾਲ ਸਾਡੇ ਸਾਰਿਆਂ ਦੇ ਸਾਹਮਣੇ ਹੀ ਹੈ। ਇਹ ਲੜਾਈ ਬਹੁਤ ਲੰਮੀ ਹੈ। ਇੱਕ ਵਾਰ ਮੈਂ ਡਾ. ਗੁਰਭਗਤ ਸਿੰਘ ਨੂੰ ਮਿਲਣ ਗਿਆ ਤਾਂ ਉਹਨਾਂ ਨੇ ਮੈਨੂੰ ਦੋ ਗੱਲਾਂ ਕਹੀਆਂ ਸਨ ਜੋ ਮੈਨੂੰ ਕਦੇ ਵੀ ਨਹੀਂ ਭੁੱਲੀਆਂ। ਪਹਿਲੀ ਇਹ ਕਿ ਅਜਿਹੇ ਸੰਘਰਸ਼ ਲਈ ਸਾਰੀ ਉਮਰ ਦੀ ਪ੍ਰਤੀਬੱਧਤਾ ਚਾਹੀਦੀ ਹੁੰਦੀ ਹੈ। ਜਦੋਂ ਕੋਈ ਸੰਘਰਸ਼ ਇੱਕ ਵਾਰ ਟੁੱਟ ਜਾਵੇ ਤਾਂ ਉਸ ਨੂੰ ਦੁਬਾਰਾ ਖੜ੍ਹਾ ਕਰਨ ਲਈ ਬਹੁਤ ਲੰਮੇ ਅਮਲ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਕਾਹਲੀ ਤੋਂ ਨਹੀਂ, ਤਹੱਮਲ ਤੋਂ ਕੰਮ ਲਿਆ ਜਾਵੇ। ਦੂਜੀ ਗੱਲ ਉਹਨਾਂ ਇਹ ਦੱਸੀ ਕਿ ਜੇ ਇਸ ਰਾਹ ਤੁਰਨਾ ਹੈ ਕਿ ਸਿਰ 'ਤੇ ਖੱਫਣ ਬੰਨ੍ਹ ਕੇ ਤੁਰੋ। ਜੇ ਇੱਕ ਵਾਰੀ ਤੁਰ ਪਏ ਤਾਂ ਪਿਛੇ ਹਟਣ, ਡਰਨ, ਜਾਂ ਝੁਕਣ ਦਾ ਸੁਆਲ ਵੀ ਪੈਦਾ ਵੀ ਨਹੀਂ ਹੋਣਾ ਚਾਹੀਦਾ।

ਬੇਨਤੀ ਇਹ ਹੈ ਕਿ ਜੇ ਤੁਸੀਂ ਪੰਜਾਬ ਅਤੇ ਪੰਥ ਲਈ ਫ਼ਿਕਰਮੰਦ ਹੋ ਅਤੇ ਕੁਝ ਕਰਨਾ ਚਾਹੁੰਦੇ ਹੋ ਤਾਂ ਆਪਣੀ ਕੋਈ ਦਿਸ਼ਾ ਬਣਾਓ ਅਤੇ ਫਿਰ ਉਸੇ ਦਿਸ਼ਾ ਵਿੱਚ ਆਪਣੇ ਅੰਦਰ ਕਲਾ ਪੈਦਾ ਕਰਨ ਲਈ ਸਾਰਾ ਕੁਝ ਝੋਕ ਦਿਓ। ਜੋ ਵੀ ਕੰਮ ਕਰੋ ਸਿਰੇ ਦਾ ਹੀ ਕਰੋ। ਕੰਮ ਸਾਰੇ ਹੀ ਇੱਕੋ ਜਿਹੇ ਹਨ, ਕੋਈ ਉਚ ਨੀਚ ਨਹੀਂ। ਪਰ ਸਾਰੇ ਪਾਸੇ ਨਾ ਭੱਜੋ। ਆਪਣੀ ਦਿਸ਼ਾ ਨਿਰਧਾਰਤ ਕਰੋ। ਜੇ ਤੁਹਾਨੂੰ ਫ਼ਿਲਮਾਂ ਬਣਾਉਣ ਦਾ ਸ਼ੌਕ ਹੈ ਤਾਂ ਫ਼ਿਲਮ ਬਣਾਉਣ ਤੋਂ ਪਹਿਲਾਂ ਘੱਟੋ ਘੱਟ ਪੰਜ ਦਸ ਸਾਲ ਉਸ ਕੰਮ ਨੂੰ ਸਿੱਖਣ ਵਿੱਚ ਲਾਓ। ਫੇਰ ਅਜਿਹੀ ਫਿਲਮ ਬਣਾਓ ਕਿ ਵੇਖਣ ਵਾਲੇ ਦੇ ਤਾਰ ਅੰਦਰੋਂ ਬਾਹਰੋਂ ਹਿੱਲ ਜਾਣ। ਜੇ ਕਿਤਾਬਾਂ ਲਿਖਣ ਦਾ ਸ਼ੌਕ ਹੈ ਤਾਂ ਪਹਿਲਾਂ ਨਿੱਠ ਕੇ ਪੜ੍ਹੋ। ਜੇ ਗਾਉਣ ਦਾ ਸ਼ੌਕ ਹੈ ਤਾਂ ਗਾਉਣਾ ਸਿੱਖੋ। ਜੇ ਪੱਤਰਕਾਰੀ ਕਰਨੀ ਹੈ ਤਾਂ ਪੱਤਰਕਾਰੀ ਦੀ ਕਲਾ ਸਿੱਖੋ। ਮੀਡੀਏ ਵਿੱਚ ਸਿੱਖ ਵਿਰੋਧੀ ਬਿਰਤਾਂਤ ਦਹਾਕਿਆਂ ਤੋਂ ਆ ਰਹੇ ਹਨ ਅਤੇ ਹੋਰ ਵੀ ਆਉਣੇ ਹਨ। ਇਹਨਾਂ ਦਾ ਵਿਰੋਧ ਕਰਨਾ ਬਹੁਤ ਵਧੀਆ ਗੱਲ ਹੈ। ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਪਰ ਇਕੱਲੇ ਵਿਰੋਧ ਨਾਲ ਗੱਲ ਨਹੀਂ ਬਣਨੀ। ਸਾਨੂੰ ਆਪਣਾ ਬਿਰਤਾਂਤ ਵੀ ਸਿਰਜਣਾ ਪੈਣਾ ਹੈ। ਪਰ ਤੁਹਾਡੇ ਚਰਨਾਂ ਵਿੱਚ ਬੇਨਤੀ ਹੈ ਕਿ ਕੱਚੇ ਪਿੱਲੇ ਬਿਰਤਾਂਤ ਨਾ ਸਿਰਜੋ। ਜੇ ਕੋਈ ਕੰਮ ਕਰਨਾ ਹੈ ਤਾਂ ਸਿਰੇ ਦਾ ਕਰੋ। ਉਸ ਨੂੰ ਪਹਿਲਾਂ ਸਿੱਖੋ। ਇਸ ਕੰਮ ਵਿੱਚ ਸਭ ਤੋਂ ਵੱਡਾ ਅੜਿੱਕਾ ਇਹ ਹੁੰਦੈ ਕਿ ਬੰਦੇ ਨੂੰ ਆਪਣੀ ਆਰਥਿਕ ਸੁਰੱਖਿਆ ਦਾਅ 'ਤੇ ਲਾਉਣੀ ਪੈਂਦੀ ਹੈ। ਪਰ ਜੇ ਤੁਸੀਂ ਕੋਈ ਨਿੱਗਰ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਏਨਾ ਕੁ ਤਾਂ ਕਰਨਾ ਹੀ ਪੈਣਾ ਹੈ।

***

## ਭਾਜਪਾ ਦੀ ਹਾਰ ਨੂੰ ਘਟਾ ਕੇ

ਰਾਜਨੀਤੀ ਦਾ ਇੱਕ ਅਰਥ ਘੱਟ ਗਿਣਤੀਆਂ ਦੇ ਸਨਮਾਨ ਨਾਲ ਜਿਉਣ ਦੇ ਅਧਿਕਾਰ ਦੀ ਰਾਖੀ ਹੈ।ਕੀ ਕਰਨਾਟਕ ਵਿੱਚ ਕਾਂਗਰਸ ਦੀ ਇਸ ਵੱਡੀ ਜਿੱਤ ਦਾ 2024 ਦੀਆਂ ਆਮ ਚੋਣਾਂ 'ਤੇ ਕੋਈ ਅਸਰ ਪਵੇਗਾ ਜਾਂ ਨਹੀਂ? ਇਹ ਸਵਾਲ ਹੈ ਪਰ ਕਰਨਾਟਕ ਦੇ ਇਸ ਫ਼ਤਵੇ ਦੀ ਚਮਕ ਨੂੰ ਇਕ ਰਾਸ਼ਟਰੀ ਖ਼ਦਸ਼ੇ ਨਾਲ ਗੰਧਲਾ ਨਹੀਂ ਹੋਣ ਦਿੱਤਾ ਜਾ ਸਕਦਾ। ਜੇਕਰ ਕਰਨਾਟਕ ਦੇ ਲੋਕਾਂ ਦੀ ਆਵਾਜ਼ ਉੱਤਰੀ ਭਾਰਤ ਯਾਨੀ ਉੱਤਰ ਪ੍ਰਦੇਸ਼ ਆਦਿ ਵਿੱਚ ਨਹੀਂ ਸੁਣੀ ਜਾਂਦੀ ਤਾਂ ਇਸ ਵਿੱਚ ਕਸੂਰ ਕਿਸ ਦਾ ਹੈ? ਕੀ ਕਰਨਾਟਕ ਦੇ ਫਤਵੇ ਦੀ ਮਹੱਤਤਾ ਘੱਟ ਜਾਂਦੀ ਹੈ ਜੇਕਰ ਉਹ ਆਪਣਾ ਕੰਮ ਨਹੀਂ ਕਰਦੇ, ਤਾਂ ਕੀ ਕਰਨਾਟਕ ਦਾ ਲੋਕ ਫਤਵੇ ਦਾ ਮਹੱਤਵ ਘਟ ਜਾਂਦਾ ਹੈ ਕਰਨਾਟਕ ਦੇ ਲੋਕਾਂ ਨੇ ਆਪਣੇ ਜੀਵਨ ਨੂੰ ਸਦਭਾਵਨਾ ਅਤੇ ਪ੍ਰੇਮ ਨਾਲ ਬਤੀਤ ਕਰਨ ਦਾ ਇੱਕ ਮੌਕਾ ਪੈਦਾ ਕੀਤਾ ਹੈ। ਉਸ ਕੋਲ ਇਸ ਦਾ ਹੱਕ ਹੈ। ਇਸ ਨੇ ਆਪਣੀ ਪ੍ਰਭੂ ਸੱਤਾ ਦਾ ਬਚਾਅ ਅਤੇ ਘੋਸ਼ਣਾ ਵੀ ਕੀਤੀ ਹੈ। ਭਾਵੇਂ ਇਹ ਕਿਸੇ ਰਾਸ਼ਟਰੀ ਹਿੱਤ ਦੀ ਸੇਵਾ ਕਰਦਾ ਹੈ ਜਾਂ ਨਹੀਂ, ਇਹ ਆਪਣੇ ਆਪ ਵਿੱਚ ਮਹੱਤਵਪੂਰਨ ਹੈ ਅਤੇ ਇਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

***

## ਪੁਲਿਸ ਦੇ ਮੁਲਾਜ਼ਮਾਂ ਵੱਲੋਂ ਸਿੱਖ ਬਜ਼ੁਰਗ

ਕੁਝ ਸਾਲ ਪਹਿਲਾਂ ਉਸ ਸਮੇਂ ਦੇ ਪੰਜਾਬ ਪੁਲਿਸ ਦੇ ਡੀਜੀਪੀ ਨੂੰ ਜਦੋਂ ਪੱਤਰਕਾਰਾਂ ਨੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਵੱਲੋਂ ਆਮ ਲੋਕਾਂ ਨਾਲ ਰੁੱਖਾ ਬੋਲਣ ਅਤੇ ਭੈੜਾ ਸਲੂਕ ਕਰਨ ਦਾ ਸਵਾਲ ਉਠਾਇਆ ਸੀ ਤਾਂ ਇਸ ਜਵਾਬ ਦਿੰਦਿਆਂ ਉਸ ਡੀਜੀਪੀ ਨੇ ਉਲਟਾ ਪੱਤਰਕਾਰਾਂ ਨੂੰ ਹੀ ਸਵਾਲ ਕਰਦਿਆਂ ਕਿਹਾ ਸੀ ਕਿ "ਇੱਕ ਦਸਵੀਂ ਪਾਸ ਮੁਲਾਜ਼ਮ ਤੋਂ ਤੁਸੀਂ ਇੱਜ਼ਤ ਦੀ ਆਸ ਕਿਸ ਤਰਾਂ ਕਰ ਸਕਦੇ ਹੋ?" ਇਸ ਤੋਂ ਪਤਾ ਚਲ ਜਾਂਦਾ ਹੈ ਕਿ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਪੁਲਿਸ ਮੁਲਾਜ਼ਮਾਂ ਵੱਲੋਂ ਆਮ ਲੋਕਾਂ ਨਾਲ ਕੀਤੇ ਜਾਂਦੇ ਭੈੜੇ ਵਤੀਰੇ ਸਬੰਧੀ ਚੁੱਪ ਰਹਿੰਦੇ ਹਨ ਅਤੇ ਅਕਸਰ ਆਪਣੇ ਮੁਲਾਜ਼ਮਾਂ ਦਾ ਪੱਖ ਲੈਂਦੇ ਹਨ। ਅਜਿਹੀਆਂ ਘਟਨਾਵਾਂ ਕਾਰਨ ਪੰਜਾਬ ਪੁਲਿਸ ਦਾ ਅਕਸ ਦੇਸ਼ ਵਿਦੇਸ਼ 'ਚ ਖ਼ਰਾਬ ਹੋ ਰਿਹਾ ਹੈ। ਇਸੇ ਕਾਰਨ ਆਮ ਪੰਜਾਬੀ ਹੁਣ ਆਪਸ 'ਚ ਗੱਲਬਾਤ ਕਰਦਿਆਂ ਇੱਕ ਦੂਜੇ ਨੂੰ ਪੁੱਛਦੇ ਹਨ ਕਿ ਪੰਜਾਬ 'ਚ ਖ਼ਾਕੀ ਵਰਦੀ ਵਾਲਿਆਂ ਦੀ ਧੱਕੇਸ਼ਾਹੀ ਆਖ਼ਰ ਕਦੋਂ ਬੰਦ ਹੋਵੇਗੀ?

***

## ਪੰਜਾਬ 'ਚ ਕੀ ਹੋਵੇਗਾ ਅਕਾਲੀ ਸਿਆਸਤ ਦਾ

ਰਿਹਾ ਹੈ ਕਿ ਕੀ ਧੜਿਆਂ 'ਚ ਵੰਡੀ ਅਕਾਲੀ ਲੀਡਰਸ਼ਿਪ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰ ਸਕੇਗੀ ਜਾਂ ਫਿਰ ਇਹ ਅਕਾਲੀ ਆਗੂ ਆਪਣੀ ਚੌਧਰ ਲਈ ਆਪਸ ਵਿੱਚ ਲੜਦੇ ਰਹਿਣਗੇ ਤੇ ਅਕਾਲੀ ਦਲ ਤੇ ਪੰਥ ਦਾ ਨੁਕਸਾਨ ਕਰਦੇ ਰਹਿਣਗੇ।

ਇਹ ਵੀ ਕਿਹਾ ਜਾਂਦਾ ਹੈ ਕਿ ਅਕਾਲੀ ਸਿਆਸਤ ਬਿਨਾਂ ਪੰਜਾਬ ਦੀ ਸਿਆਸਤ ਵੀ ਅਧੂਰੀ ਹੈ, ਪੰਜਾਬ 'ਚ ਅਕਾਲੀ ਦਲ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਮੰਨਿਆ ਜਾਂਦਾ ਹੈ। ਅਕਾਲੀ ਦਲ ਦਾ ਇਤਿਹਾਸ ਬਹੁਤ ਕੁਰਬਾਨੀਆਂ ਭਰਿਆ ਹੈ ਪਰ ਇਸ ਸਮੇਂ ਅਕਾਲੀ ਦਲ ਦੀ ਜੋ ਸਥਿਤੀ ਹੈ, ਉਸਨੇ ਆਮ 'ਪੰਥ ਦਰਦੀਆਂ' ਅਤੇ 'ਪੰਥਕ ਸੋਚ' ਵਾਲੇ ਪੰਜਾਬੀਆਂ ਨੂੰ ਚਿੰਤਾ 'ਚ ਪਾਇਆ ਹੋਇਆ ਹੈ।

***

## ਲੈਸਟਰ ਵਿਖੇ ਹਿੰਦੂ ਮੁਸਲਮਾਨ

ਅਮਰੀਕਾ ਦੀ ਰਟਗਰ ਯੂਨੀਵਰਸਿਟੀ ਦੇ ਨੈੱਟਵਰਕ ਕੰਟੇਜਿਅਨ ਰਿਸਰਚ ਇੰਸਟੀਚਿਊਟ ਨੇ ਆਪਣੀ ਰਿਸਰਚ ਰਿਪੋਰਟ ਵਿੱਚ ਕਿਹਾ ਹੈ ਕਿ ਆਨਲਾਈਨ ਦੁਨੀਆ ਵਿੱਚ ਕਈ ਅਜਿਹੀਆਂ ਝੂਠੀਆਂ ਅਤੇ ਜਾਣਬੁੱਝ ਕੇ ਭੜਕਾਊ ਖ਼ਬਰਾਂ ਫੈਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦਾ ਸੱਚਾਈ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਵਿੱਚ ਬੱਚੀਆਂ ਨੂੰ ਅਗਵਾ ਕਰਨ, ਮਸਜਿਦ 'ਤੇ ਹਮਲਾ ਕਰਨ ਅਤੇ ਆਲਮੀ ਦਬਦਬਾ ਕਾਇਮ ਕਰਨ ਦੀਆਂ ਗੱਲਾਂ ਕਿਤੇ ਨਾ ਕਿਤੇ ਚੱਲ ਰਹੀਆਂ ਸਨ। ਬਾਅਦ ਵਿੱਚ ਉਨ੍ਹਾਂ ਨੂੰ ਹਟਾ ਦਿੱਤਾ ਗਿਆ ਸੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਟਵਿੱਟਰ 'ਤੇ ਸਭ ਤੋਂ ਜ਼ਿਆਦਾ ਟਵੀਟ ਕੀਤੀਆਂ ਗਈਆਂ ਚੀਜ਼ਾਂ ਵਿਚੋਂ ਹਿੰਸਾ ਦੀ ਜ਼ਿੰਮੇਵਾਰੀ ਮੁਸਲਮਾਨਾਂ 'ਤੇ ਮੜ੍ਹੀ ਜਾ ਰਹੀ ਹੈ ਅਤੇ ਸਭ ਤੋਂ ਜ਼ਿਆਦਾ ਰੀਟਵੀਟ ਕਰਨ ਵਾਲਾ ਨੈੱਟਵਰਕ ਬ੍ਰਿਟੇਨ ਤੋਂ ਬਾਹਰ ਭਾਰਤ ਵਿੱਚ ਹੈ। ਹਿੰਦੂਆਂ ਅਤੇ ਮੁਸਲਮਾਨਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਇੱਕ ਦੂਜੇ ਵਿਰੁੱਧ ਭੜਕਾਹਟ ਫੈਲਾਉਣ ਲਈ ਕੀਤੀ ਗਈ ਹੈ ਲੈਸਟਰ ਹਿੰਸਾ ਨਾਲ ਜੁੜੀ ਇੱਕ ਕਥਿਤ ਤੱਥ ਖੋਜ ਰਿਪੋਰਟ 'ਹਿੰਦੂ ਅਧਿਕਾਰਾਂ@ ਦੀ ਵਕੀਲ ਅਤੇ ਆਕਸਫੋਰਡ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਸਮੀ ਸਾਮੰਤ ਅਤੇ ਬ੍ਰਿਟਿਸ਼ ਰਾਜਨੀਤਿਕ ਵਿਸ਼ਲੇਸ਼ਕ ਕ੍ਰਿਸ ਬਲੈਕਬਰਨ ਦੁਆਰਾ ਤਿਆਰ ਕੀਤੀ ਗਈ ਸੀ। ਦਿੱਲੀ ਸਥਿਤ ਐਨਜੀਓ ਸੈਂਟਰ ਫਾਰ ਡੈਮੋਕਰੇਸੀ, ਪਲੂਰਲਿਜ਼ਮ ਐਂਡ ਹਿਊਮਨ ਰਾਈਟਸ ਲਈ ਲਿਖੀ ਗਈ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਲੈਸਟਰ ਵਿੱਚ ਹਿੰਸਾ ਦੀਆਂ ਜੜ੍ਹਾਂ ਜ਼ਮੀਨੀ ਸਚਾਈ ਵਿੱਚ ਦੇਖੀਆਂ ਜਾਣੀਆਂ ਚਾਹੀਦੀਆਂ ਹਨ ਜਿੱਥੇ ਮੁਸਲਿਮ ਬਹੁਗਿਣਤੀ ਵਾਲਾ ਪੂਰਬੀ ਲੈਸਟਰ ਖੇਤਰ ਹਿੰਦੂ ਆਬਾਦੀ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਅਜਿਹੀਆਂ ਹੋਰ ਬਹੁਤ ਸਾਰੀਆਂ ਰਿਪੋਰਟਾਂ ਅਤੇ ਦਾਅਵੇ ਪੜ੍ਹਨ ਨੂੰ ਮਿਲ ਜਾਣਗੇ ਪਰ ਕੋਈ ਅਧਿਕਾਰਤ ਸੁਤੰਤਰ ਜਾਂਚ ਅਤੇ ਠੋਸ ਸਬੂਤਾਂ 'ਤੇ ਆਧਾਰਿਤ ਕੋਈ ਵਿਆਪਕ ਰਿਪੋਰਟ ਸਾਹਮਣੇ ਨਾ ਆਉਣ ਕਾਰਨ ਤਸਵੀਰ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕੀ। ਇਕ ਸ਼ਹਿਰ ਅਤੇ ਉਸ ਦੇ ਦਹਾਕਿਆਂ ਪੁਰਾਣੇ ਸੱਭਿਆਚਾਰਕ ਤਾਣੇ-ਬਾਣੇ 'ਤੇ ਸਵਾਲੀਆ ਨਿਸ਼ਾਨ ਦਾਅਵਿਆਂ ਅਤੇ ਜਵਾਬੀ ਦਾਅਵਿਆਂ ਦੀ ਰਾਜਨੀਤੀ ਵਿੱਚ ਫਸਕੇ ਰਹਿ ਗਿਆ ਹੈ ਅਤੇ ਇਸ ਬੁਝਾਰਤ ਨੂੰ ਸੁਲਝਾਉਣ ਲਈ ਕੋਈ ਪਹਿਲਕਦਮੀ ਨਜ਼ਰ ਨਹੀਂ ਆ ਰਹੀ ਹੈ। ਯੂਕੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਲਦ ਤੋਂ ਜਲਦ ਜਾਂਚ ਰਿਪੋਰਟ ਜਾਰੀ ਕਰਕੇ ਦੋਸ਼ੀਆਂ ਦਾ ਪਰਦਾਫਾਸ਼ ਕਰੇ ਤੇ ਸਖ਼ਤ ਸਜ਼ਾਵਾਂ ਦੇਵੇ। ਜੇਕਰ ਫਿਰਕਾਪ੍ਰਸਤੀ ਤੇ ਨਫ਼ਰਤੀ ਜ਼ਹਿਰ ਭਾਈਚਾਰਿਆਂ ਵਿੱਚ ਫੈਲੀ ਤਾਂ ਇੰਗਲੈਂਡ ਦੇ ਅਮਨ ਕਨੂੰਨ ਲਈ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ। ਸੋਸ਼ਲ ਮੀਡੀਆ ਉਪਰ ਸਰਕਾਰ ਨੂੰ ਤਿੱਖੀ ਨਜ਼ਰ ਰੱਖਣੀ ਚਾਹੀਦੀ ਹੈ ਜੋ ਫਿਰਕੂ ਹਿੰਸਾ ਦਾ ਵੱਡਾ ਕਾਰਕ ਬਣਦੀ ਹੈ। ਮੀਡੀਆ ਨੂੰ ਚਾਹੀਦਾ ਹੈ ਕਿ ਜਾਂਚ ਕੀਤੇ ਬਿਨਾਂ ਕਿਸੇ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ। ਨਾ ਹੀ ਉਕਸਾਊ ਖ਼ਬਰਾਂ ਛਾਪੀਆਂ ਜਾਣ।

***

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਚੋਣ

ਸਿੱਖ ਪੰਥ ਹਮੇਸ਼ਾਂ ਬੇਹੱਦ ਔਖੇ ਅਤੇ ਬੇਹੱਦ ਸੌਖੇ ਸਮਿਆਂ ਵਿੱਚ ਆਪਸੀ ਰੰਜਸ਼ਾਂ ਨੂੰ ਨਜ਼ਰ-ਅੰਦਾਜ਼ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ।1849 ਤੋਂ ਬਾਅਦ ਅੰਗਰੇਜ਼ੀ ਹਕੂਮਤ ਨੇ ਸਿੱਖਾਂ ਦੀ ਤਾਕਤ ਦੇ ਇਸ ਪਵਿੱਤਰ ਸੋਮੇ ਨੂੰ ਤਹਿਸ ਨਹਿਸ਼ ਕਰਨ ਲਈ ਇੱਥੇ ਮਹੰਤਾਂ ਨੂੰ ਕਾਬਜ਼ ਕਰਵਾਇਆ, ਤਾਂ ਕਿ ਸਿੱਖ ਮੁੜ ਕੇ ਕਦੇ ਵੀ ਆਪਣਾ ਰਾਜ ਭਾਗ ਪ੍ਰਾਪਤ ਕਰਨ ਦੇ ਯੋਗ ਨਾ ਹੋ ਸਕਣ। ਭਾਂਵੇ ਸਿੱਖਾਂ ਨੇ ਮਹੰਤਾਂ ਤੋਂ ਗੁਰਦੁਆਰਾ ਪ੍ਰਬੰਧ ਤਾਂ ਵਾਪਸ ਲੈ ਲਿਆ,ਪਰ ਬਹੁਤਾ ਸਮਾਂ ਉਹ ਸਿੱਖੀ ਸਿਧਾਂਤਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਕਾਇਮ ਨਾ ਰੱਖ ਸਕੇ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਿੱਖ ਸੰਸਥਾਵਾਂ ਕਮਜ਼ੋਰ ਹੋ ਗਈਆਂ ਤੇ ਦੁਸ਼ਮਣ ਤਾਕਤਾਂ ਟੇਢੇ ਢੰਗ ਨਾਲ ਸ੍ਰੀ ਅਕਾਲ ਤਖਤ ਸਮੇਤ ਸਮੁੱਚੇ ਸਿੱਖ ਪ੍ਰਬੰਧ 'ਤੇ ਮੁੜ ਤੋਂ ਕਾਬਜ਼ ਹੋ ਗਈਆਂ। ਸਚਾਈ ਇਹ ਹੈ ਕਿ 1849 ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ,1947 ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ 1966 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਕਾਰਗੁਜ਼ਾਰੀ ਪੰਥਕ ਰਹੁ ਰੀਤਾਂ ਅਨੁਸਾਰੀ ਨਹੀਂ ਰਹੀ। ਮੌਜੂਦਾ ਸਮੇਂ ਅੰਦਰ ਅਕਾਲੀ ਦਲ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਿਹਾ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਦੀ ਪਰਵਾਹ ਕੀਤੇ ਬਗੈਰ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਪਰਿਵਾਰ ਨੂੰ ਮੁੜ ਤੋਂ ਸਿਆਸੀ ਤੌਰ 'ਤੇ ਜਿਉਂਦਾ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਕਰਦੀ ਹੈ। ਜਿਸ ਦਾ ਨਤੀਜਾ ਇਹ ਹੋਇਆ ਕਿ ਸਰਬ ਉੱਚ ਸਿੱਖ ਸੰਸਥਾਵਾਂ ਦੀ ਭਰੋਸੇਯੋਗਤਾ ਖ਼ਤਰੇ ਵਿੱਚ ਪੈ ਗਈ ਹੈ। ਚੰਗਾ ਹੋਵੇ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੁੱਚੀਆਂ ਪੰਥਕ ਧਿਰਾਂ, ਧਾਰਮਿਕ ਸਿੱਖ ਸੰਸਥਾਵਾਂ ਅਤੇ ਸਿੱਖ ਬੁੱਧੀਜੀਵੀਆਂ ਦੀ ਇਕੱਤਰਤਾ ਬੁਲਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਸਬੰਧੀ ਕੋਈ ਵਿਧੀ ਵਿਧਾਨ ਬਣਾਉਣ ਦੀ ਪਹਿਲ ਕਦਮੀਂ ਕਰੇ ਨਾ ਕਿ ਇਸ ਬਾਰੇ ਬਾਦਲ ਪੱਖੀਆਂ ਦੀ ਕਮੇਟੀ ਬਣਾਵੇ, ਤਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਬਹਾਲ ਹੋ ਸਕੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਬਹਾਲ ਹੋਣ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵੀ ਭਰੋਸੇਯੋਗਤਾ ਖ਼ੁਦ ਬ ਖ਼ੁਦ ਬਹਾਲ ਹੋ ਜਾਵੇਗੀ।

***

## ਸੜਕ ਹਾਦਸੇ 'ਚ ਮੇਰੇ ਪਤੀ ਨੇ

ਦਸਤਾਵੇਜ਼ ਅਨੁਸਾਰ ਮੌਕੇ 'ਤੇ ਮੌਜੂਦ ਕਿਸੇ ਵੀ ਗਵਾਹ ਨੇ ਇਹ ਨਹੀਂ ਕਿਹਾ ਕਿ ਸੜਕ ਤੋਂ ਉਤਰ ਕੇ ਪਹਾੜੀ ਵੱਲ ਵਧ ਰਹੀ ਤੇਜ਼ ਰਫ਼ਤਾਰ ਕਾਰ ਨੂੰ ਡਰਾਈਵਰ ਨੇ ਬਰੇਕ ਲਾਉਣ ਦਾ ਯਤਨ ਕੀਤਾ ਸੀ।

***

## ਗਦਰ ਲਹਿਰ ਦਾ ਬਾਗੀ ਨਾਇਕ ਕਰਤਾਰ ਸਿੰਘ ਸਰਾਭਾ

ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿੱਚ ਰਿਹਾ। ਉਸ ਦੀ ਕਵਿਤਾ ਦੇ ਬੋਲ ਹਨ

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ,
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।

ਅਖੀਰ 16 ਨਵੰਬਰ 1915 ਨੂੰ ਸਾਢੇ ਉਨੀ ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸੁਰੈਣ ਸਿੰਘ1 ਅਤੇ ਸੁਰੈਣ ਸਿੰਘ 2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਣੂ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ ਮਹਾਰਾਸ਼ਟਰ, ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿੱਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖ਼ਾਹਸ਼ ਸੀ ਕਿ ਮੇਰੇ ਨਾਮ ਨਾਲ ਬਾਗੀ ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ੍ਹ, ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਦੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿੱਚ ਉਸ ਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿੱਚ ਉਸ ਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਨ੍ਹਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ

-ਕਰਤਾਰ ਸਿੰਘ ਸਰਾਭਾ

***

## ਖ਼ੂਨ ਕੇ ਸੋਹਿਲੇ ਗਾਵੀਅਹਿ

ਵਿੱਚ ਲਿਖਾ ਮਾਨੋ ਆਪਣੇ ਪਾਪਾਂ ਦਾ ਪਸ਼ਚਾਤਾਪ ਨਹੀਂ ਕੀਤਾ ਸਗੋਂ ਪੰਥ ਨੂੰ ਬਲਦੀ ਭੱਠੀ ਵਿੱਚ ਸੁੱਟਣ ਵਾਲੇ ਆਗੂਆਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰ, ਪੰਥ ਨੂੰ ਹਲੂਣਨ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਵੇਲਾ ਰਹਿੰਦੇ ਇਤਿਹਾਸ ਤੋਂ ਸਿੱਖ ਜਾਵੋ ਨਹੀਂ ਇਤਿਹਾਸ ਨੇ ਤੁਹਾਨੂੰ ਸਿੱਖਿਆ ਦੇਣ ਲਈ ਮੁੜ ਭਵਿੱਖ ਬਣ ਤੁਹਾਡੇ ਸਾਹਮਣੇ ਆਉਣ ਨੂੰ ਦੇਰ ਨਹੀਂ ਲਾਉਣੀ।

ਇਸ ਸਾਕੇ ਵਿੱਚ ਮਾਰੀਆਂ ਸੈਕੜੇਂ ਹੋਰ ਔਰਤਾਂ ਦੇ ਵਾਲੀ-ਵਾਰਸ ਵੀ ਮਾਰੇ ਜਾਣ ਕਾਰਣ ਉਹਨਾਂ ਦੇ ਨਾਮ ਨਿਸ਼ਾਨ ਵੀ ਬੇਅੰਤ ਹੋਰ ਪੰਜਾਬੀਆਂ ਵਾਂਗ ਆਜ਼ਾਦੀ ਦੀ ਅੱਗ ਵਿੱਚ ਭਸਮ ਹੋ ਗਏ । ਸਿੰਘ ਸੂਰਮੇ ਅਤੇ ਬੀਬੀਆਂ ਆਪਣੇ ਬੱਚਿਆਂ ਦੇ ਸਮੇਤ ਧਰਮ ਦੀ ਖ਼ਾਤਰ ਸ਼ਹੀਦ ਹੋਏ ਹਨ। ਇਨਾਂ ਸਾਰਿਆਂ ਨੂੰ ਯਾਦ ਰੱਖਣਾ ਤੇ ਆਜ਼ਾਦੀ ਦੇ ਇਹਨਾਂ ਨਾਇਕਾਂ ਨੂੰ ਆਪਣੇ ਮਸਤਕ ਦਾ ਭਾਗ ਬਣਾਉਣਾ ਤਾਂ ਜੋ ਹੁਣ ਵਾਲੀ ਪੀੜ੍ਹੀ ਸੂਰਮਿਆਂ ਤੋਂ ਵਾਕਿਫ ਹੋਵੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜੋ ਕੌਮਾਂ ਆਪਣੀ ਵਿਰਾਸਤ ਤੋਂ ਮੂੰਹ ਮੋੜ ਲੈਂਦੀਆਂ ਹਨ ਉਨ੍ਹਾਂ ਦਾ ਵਿਨਾਸ਼ ਉਦੋਂ ਹੀ ਸ਼ੁਰੂ ਹੋ ਜਾਂਦਾ ਹੈ। ਸੋ ਅੱਜ ਜ਼ਰੂਰਤ ਹੈ ਹਰ ਇੱਕ ਸਿੱਖ ਨੂੰ ਇਤਿਹਾਸ ਨਾਲ ਜਾਣੂ ਹੋਣ ਦੀ, ਤਾਂ ਜੋ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਸਿੰਘ ਸੂਰਮਿਆਂ ਦੀਆਂ ਬਾਤਾਂ ਸੁਣਾ ਸਕੇ।

***

## ਮੁੜ ਨੋਟਬੰਦੀ : ਨੋਟਾਂ ਦਾ ਨਹੀਂ

ਕਿਉਂ? ਸਹੂਲਤ ਦੇਖੋ, ਇੱਕ ਵਾਰ ਉਹ ਵੀਹ ਹਜ਼ਾਰ ਰੁਪਏ ਜਮ੍ਹਾ ਕਰ ਸਕਦੇ ਹਨ ਜਾਂ ਬਦਲ ਸਕਦੇ ਹਨ। ਹਾਲਾਂ ਕਿ, ਕੌਣ ਕਿੰਨਾ ਪੈਸਾ ਜਮ੍ਹਾ ਕਰ ਰਿਹਾ ਹੈ? ਅਤੇ ਕਿਉਂ, ਇਸ ਦਾ ਲੇਖਾ-ਜੋਖਾ ਕਰਨਾ ਪਵੇਗਾ। ਇਨਕਮ ਟੈਕਸ ਦੇਣ ਵਾਲੇ ਵੀ ਸਰਗਰਮ ਹੋ ਸਕਦੇ ਹਨ ਪਰ ਸਾਰੀਆਂ ਛੋਟਾਂ, ਸਾਰੀਆਂ ਸਹੂਲਤਾਂ ਸਿਰਫ਼ ਅਮੀਰਾਂ ਨੂੰ ਹੀ ਕਿਉਂ ?ਭਾਜਪਾ ਆਗੂ ਕਹਿੰਦੇ ਹਨ ਕਿ ਇਸ ਵਾਰ ਕੋਈ ਹੰਗਾਮਾ ਨਹੀਂ ਹੋਣ ਵਾਲਾ ਹੈ ਕਿਉਂਕਿ ਬੈਂਕਾਂ ਅੱਗੇ ਕਤਾਰਾਂ ਵਿੱਚ ਖੜ੍ਹੇ ਲੋਕਾਂ ਕੋਲ ਹੁਣ 2000 ਰੁਪਏ ਦੇ ਨੋਟ ਹੀ ਨਹੀਂ ਹਨ। ਰਿਜ਼ਰਵ ਬੈਂਕ ਨੇ ਚਾਰ ਸਾਲ ਪਹਿਲਾਂ ਇਨ੍ਹਾਂ ਨੋਟਾਂ ਦੀ ਛਪਾਈ ਬੰਦ ਕਰ ਦਿੱਤੀ ਸੀ। ਜਿਨ੍ਹਾਂ ਏਟੀਐਮ ਤੋਂ ਆਮ ਆਦਮੀ ਆਪਣੀਆਂ ਜ਼ਰੂਰਤਾਂ ਲਈ ਪੈਸੇ ਕਢਵਾਉਂਦਾ ਹੈ, ਉਨ੍ਹਾਂ ਨੇ ਲਗਭਗ ਇੱਕ ਸਾਲ ਪਹਿਲਾਂ 2,000 ਰੁਪਏ ਦੇ ਨੋਟ ਕੱਢਣੇ ਬੰਦ ਕਰ ਦਿੱਤੇ ਸਨ।

## ਬਿਮਾਰੀਆਂ ਤੋਂ ਬਚਾਓ ਲਈ ਮਾਨਸਿਕ ਸਿਹਤ

ਵੱਡੀ ਗਿਣਤੀ ਲੋਕ ਮਾਈਗ੍ਰੇਨ ਦੇ ਸ਼ੁਰੂਆਤੀ ਲੱਛਣਾਂ ਨੂੰ ਨਹੀਂ ਪਛਾਣ ਪਾਉਂਦੇ, ਜਿਸ ਕਾਰਨ ਇਹ ਸਮੱਸਿਆ ਗੰਭੀਰ ਹੋ ਜਾਂਦੀ ਹੈ। ਮਾਈਗ੍ਰੇਨ ਇੱਕ ਕਿਸਮ ਦਾ ਸਿਰ ਦਰਦ ਹੈ, ਜਿਸ ਵਿੱਚ ਵਿਅਕਤੀ ਨੂੰ ਅਚਾਨਕ ਤੇਜ਼ ਸਿਰਦਰਦ, ਉਲਟੀਆਂ ਅਤੇ ਉੱਚੀ ਆਵਾਜ਼, ਚਮਕਦਾਰ ਰੋਸ਼ਨੀ ਨਾਲ ਪਰੇਸ਼ਾਨੀ ਹੁੰਦੀ ਹੈ। ਮਾਈਗ੍ਰੇਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ, ਜਿਸ ਵਿੱਚ ਵੱਖ-ਵੱਖ ਲੱਛਣ ਅਤੇ ਸਮੱਸਿਆਵਾਂ ਦੇਖਣ ਨੂੰ ਮਿਲਦੀਆਂ ਹਨ। ਕਈ ਵਾਰ ਮਾਈਗ੍ਰੇਨ ਤੋਂ ਪੀੜਤ ਵਿਅਕਤੀ ਗੰਭੀਰ ਸਿਰ ਦਰਦ ਦੇ ਨਾਲ-ਨਾਲ ਸਰੀਰ ਦੇ ਇੱਕ ਹਿੱਸੇ ਵਿੱਚ ਕਮਜ਼ੋਰੀ ਮਹਿਸੂਸ ਕਰਦਾ ਹੈ। ਹਾਲਾਂਕਿ ਕੁਝ ਘੰਟਿਆਂ ਬਾਅਦ ਸਰੀਰ ਦੀ ਸਥਿਤੀ ਆਮ ਵਾਂਗ ਹੋ ਜਾਂਦੀ ਹੈ। ਜੇਕਰ ਤੁਹਾਨੂੰ 2 ਹਫਤਿਆਂ ਤੋਂ ਜ਼ਿਆਦਾ ਸਮੇਂ ਤੱਕ ਇਸ ਤਰ੍ਹਾਂ ਦੀ ਸਮੱਸਿਆ ਰਹਿੰਦੀ ਹੈ ਤਾਂ ਇਹ ਮਾਈਗ੍ਰੇਨ ਹੋ ਸਕਦਾ ਹੈ। ਤੁਹਾਨੂੰ ਤੁਰੰਤ ਡਾਕਟਰ ਨੂੰ ਦਿਖਾਉਣਾ ਚਾਹੀਦਾ ਹੈ।

ਮੌਜੂਦਾ ਸਮੇਂ ਵਿਚ ਨੌਜਵਾਨਾਂ ਵਿਚ ਮਾਈਗ੍ਰੇਨ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। 18 ਤੋਂ 30 ਸਾਲ ਦਰਮਿਆਨ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਇਸ ਤੋਂ ਬਚਣ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਮਾਈਗ੍ਰੇਨ ਹੋਣ ਦਾ ਸਭ ਤੋਂ ਵੱਡਾ ਕਾਰਨ ਨੌਜਵਾਨਾਂ ਦੀ ਵਿਗੜੀ ਹੋਈ ਜੀਵਨ ਸ਼ੈਲੀ ਹੈ। ਕਈ ਲੋਕ ਦੇਰ ਰਾਤ ਤੱਕ ਜਾਗਦੇ ਹਨ ਅਤੇ ਸਮੇਂ ਸਿਰ ਖਾਣਾ ਵੀ ਨਹੀਂ ਖਾਂਦੇ। ਇਸ ਕਾਰਨ ਮਾਈਗ੍ਰੇਨ ਦੀ ਸਮੱਸਿਆ ਵੀ ਹੋ ਸਕਦੀ ਹੈ। ਕਰੋਨਾ ਕਾਲ ਦੇ ਵਿੱਚ ਘਰ ਤੋਂ ਕੰਮ ਕਰਨ ਦਾ ਰੁਝਾਨ ਵਧਿਆ ਹੈ। ਇਸ ਦੌਰਾਨ ਮਾਈਗ੍ਰੇਨ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਮਾਈਗ੍ਰੇਨ ਇੱਕ ਜੀਵਨ ਸ਼ੈਲੀ ਦੀ ਬਿਮਾਰੀ ਹੈ, ਜਿਸ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਜੀਵਨ ਸ਼ੈਲੀ ਵਿੱਚ ਸੁਧਾਰ ਕਰਨਾ ਹੋਵੇਗਾ। ਸੌਣ ਦਾ ਸਹੀ ਸਮਾਂ ਤੈਅ ਕਰਨ ਦੇ ਨਾਲ ਨਾਲ ਸਿਹਤਮੰਦ ਖੁਰਾਕ ਲੈਣੀ ਚਾਹੀਦੀ ਹੈ। ਇਸ ਸਮੱਸਿਆ ਤੋਂ ਬਚਣ ਲਈ ਤਣਾਅ ਤੋਂ ਬਚਣਾ ਚਾਹੀਦਾ ਹੈ। ਹਰ 3 ਤੋਂ 4 ਘੰਟਿਆਂ ਬਾਅਦ, ਖੂਨ ਵਿੱਚ ਗਲੂਕੋਜ਼ ਨੂੰ ਬਣਾਈ ਰੱਖਣ ਲਈ ਕੁਝ ਖਾਣਾ ਚਾਹੀਦਾ ਹੈ। ਲੰਬੇ ਸਮੇਂ ਤੱਕ ਵਰਤ ਰੱਖਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਤੁਹਾਨੂੰ ਯੋਗਾ ਕਰਨਾ ਚਾਹੀਦਾ ਹੈ। ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਨਾਲ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਤੋਂ ਬਚ ਸਕਦੇ ਹੋ। ਮਾਈਗ੍ਰੇਨ ਦਾ ਇਲਾਜ ਦਵਾਈਆਂ ਰਾਹੀਂ ਕੀਤਾ ਜਾਂਦਾ ਹੈ, ਪਰ ਹਰ ਮਰੀਜ਼ ਦੀ ਸਥਿਤੀ ਵੱਖਰੀ ਹੁੰਦੀ ਹੈ।

***

## 6 ਰੁੱਤਾਂ ਦਾ ਰਾਜਾ ਪੰਜਾਬ

ਜਦੋਂ ਰੁੱਖਾਂ ਦੇ ਪੱਤੇ ਝੜਦੇ ਹਨ ਤਾਂ ਅਕਸਰ ਲੋਕ ਇਸ ਰੁੱਤ ਨੂੰ 'ਉਦਾਸ ਰੁੱਤ' ਜਾਂ 'ਵਿਛੜਨ ਦੀ ਰੁੱਤ' ਵੀ ਕਹਿ ਦਿੰਦੇ ਹਨ। ਪੱਤਝੜ ਰੁੱਤ ਦੀ ਖਾਸੀਅਤ ਇਹ ਹੈ ਕਿ ਇਸ ਰੁੱਤ ਦੇ ਆਰੰਭ ਹੋਣ ਸਮੇਂ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ ਪਰ ਇਸ ਰੁੱਤ ਦੌਰਾਨ ਹੀ ਰੁੱਖਾਂ ਤੇ ਨਵੀਆਂ ਕਰੂੰਬਲਾ ਦਾ ਜਨਮ ਹੁੰਦਾ ਹੈ, ਜਿਸ ਕਾਰਨ ਇਸ ਰੁੱਤ ਨੂੰ 'ਤਬਦੀਲੀ ਦੀ ਰੁੱਤ ' ਜਾਂ 'ਨਵਿਆਂ ਦੀ ਰੁੱਤ' ਵੀ ਕਿਹਾ ਜਾਂਦਾ ਹੈ। ਜਦੋਂ ਦਰਖਤਾਂ ਦੇ ਪੱਤੇ ਝੜਦੇ ਹਨ ਤਾਂ ਰੁੰਡ ਮੁਰੰਡ ਰੁੱਖ ਓਪਰੇ ਜਿਹੇ ਲੱਗਦੇ ਹਨ, ਜਦੋਂ ਰੁੱਖਾਂ 'ਤੇ ਨਵੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ ਤਾਂ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਰੁੱਖਾਂ ਨੇ ਨਵੀਂ ਪੋਸ਼ਾਕ ਪਾ ਲਈ ਹੋਵੇ। ਨਵੀਆਂ ਕਰੂੰਬਲਾ ਦੇ ਆਉਣ ਨਾਲ ਰੁੱਖ ਦੁਲਹਣ ਵਾਂਗ ਸਜਾਏ ਹੋਏ ਲੱਗਦੇ ਹਨ। ਇਸ ਰੁੱਤ ਦੌਰਾਨ ਠੰਡ ਹੁੰਦੀ ਹੈ ਅਤੇ ਹਰ ਵਸਤ ਠਾਰੀ ਹੋਈ ਲੱਗਦੀ ਹੈ। ਇਸ ਰੁੱਤ 'ਚ ਲੋਕ ਗਰਮ ਪਹਿਰਾਵਾ ਪਾਉਂਦੇ ਹਨ।

**ਸੀਤ ਰੁੱਤ** : ਇਹ ਰੁੱਤ ਪੋਹ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਜਨਮ ਲੈਂਦੀ ਹੈ ਅਤੇ ਮਾਘ ਅਤੇ ਫੱਗਣ ਮਹੀਨਿਆਂ ਦੌਰਾਨ ਰਹਿੰਦੀ ਹੈ। ਇਸ ਰੁੱਤ ਦੌਰਾਨ ਕੜਾਕੇ ਦੀ ਠੰਡ ਪੈਂਦੀ ਹੈ। ਇਸ ਰੁੱਤ ਦੌਰਾਨ ਅਕਸਰ ਧੁੰਦਾਂ ਪੈਂਦੀਆਂ ਹਨ ਅਤੇ ਅੰਮ੍ਰਿਤ ਵੇਲੇ ਡੁੱਲਾਂ ਅਤੇ ਘਾਹ 'ਤੇ ਪਈ ਤਰੇਲ ਬਹੁਤ ਸੋਹਣੀ ਲੱਗਦੀ ਹੈ। ਇਸ ਰੁੱਤ ਦੌਰਾਨ ਵੀ ਲੋਕ ਊਨੀ ਤੇ ਗਰਮ ਪਹਿਰਾਵਾ ਪਾਉਂਦੇ ਹਨ। ਇਸ ਰੁੱਤ ਦੇ ਅੰਤਲੇ ਦਿਨਾਂ ਅਕਸਰ 'ਵਾ ਵਰੋਲੇ' ਆਉਂਦੇ ਹਨ। ਮਾਘ ਮਹੀਨੇ ਠੰਡ ਪੂਰੇ ਜੋਰਾਂ 'ਤੇ ਹੁੰਦੀ ਹੈ, ਪਰ ਮੱਘਰ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਠੰਡ ਦਾ ਜੋਰ ਕੁੱਝ ਘੱਟ ਹੋਣ ਲੱਗਦਾ ਹੈ। ਇਸ ਰੁੱਤ ਦੇ ਅੰਤਲੇ ਦਿਨਾਂ ਦੌਰਾਨ ਮੌਸਮ ਵਿੱਚ ਤਬਦੀਲੀ ਆਉਣ ਲੱਗਦੀ ਹੈ, ਜੋ ਕਿ ਬਸੰਤ ਰੁੱਤ ਦੇ ਆਉਣ ਦੇ ਸੰਕੇਤ ਦਿੰਦੀ ਹੈ।

ਸੀਤ ਰੁੱਤ ਤੋਂ ਬਾਅਦ ਮੁੜ ਬਸੰਤ ਰੁੱਤ ਦਾ ਜਨਮ ਹੁੰਦਾ ਹੈ। ਇਸ ਤਰਾਂ ਸਾਰਾ ਸਾਲ 6 ਰੁੱਤਾਂ ਦਾ ਕੁਦਰਤੀ ਚੱਕਰ ਚਲਦਾ ਰਹਿੰਦਾ ਹੈ।

**ਕੁਦਰਤ ਨਾਲ ਛੇੜਛਾੜ** : ਕੁਦਰਤ ਨੇ ਪੰਜਾਬ ਨੂੰ 6 ਰੁੱਤਾਂ ਦੇ ਨਾਲ ਕੁਦਰਤੀ ਸੁਹੱਪਣ ਦੇ ਕੇ ਸ਼ਿੰਗਾਰਿਆ ਹੋਇਆ ਹੈ, ਪਰ ਮਨੁੱਖ ਵੱਲੋਂ ਕੀਤੀ ਜਾਂਦੀ ਕੁਦਰਤ ਨਾਲ ਛੇੜਛਾੜ ਅਤੇ ਕੁਦਰਤ ਦੇ ਅਸੂਲਾਂ ਦੀ ਕੀਤੀ ਜਾਂਦੀ ਉਲੰਘਣਾ ਕਾਰਨ ਕਈ ਵਾਰ ਕੁਦਰਤ ਨੂੰ ਵੀ ਗੁੱਸਾ ਆ ਜਾਂਦਾ ਹੈ ਅਤੇ ਉਹ ਕਹਿਰ ਬਣ ਜਾਂਦੀ ਹੈ, ਜਿਸਦਾ ਖਮਿਆਜਾ ਖੁਦ ਮਨੁੱਖ ਨੂੰ ਭੁਗਤਣਾ ਪੈਂਦਾ ਹੈ। ਮਨੁੱਖ ਵੱਲੋਂ ਫੈਲਾਏ ਜਾਂਦੇ ਪ੍ਰਦੂਸ਼ਣ, ਕਣਕ ਦੇ ਨਾੜ ਨੂੰ ਲਗਾਈ ਜਾਂਦੀ ਅੱਗ ਅਤੇ ਹੋਰ ਕਈ ਕਾਰਨਾਂ ਕਰਕੇ ਕਈ ਵਾਰ ਰੁੱਤਾਂ ਦੇ ਆਉਣ ਦੇ ਕੁਦਰਤੀ ਸਮੇਂ 'ਚ ਵੀ ਗੜਬੜੀ ਹੋਣ ਦੇ ਆਸਾਰ ਪੈਦਾ ਹੋਣ ਲੱਗਦੇ ਹਨ, ਜਿਸਦਾ ਨੁਕਸਾਨ ਮਨੁੱਖ ਨੂੰ ਹੀ ਝੱਲਣਾ ਪੈਂਦਾ ਹੈ। ਇਸ ਲਈ ਮਨੁੱਖ ਨੂੰ ਕੁਦਰਤ ਨਾਲ ਛੇੜਛਾੜ ਕਰਨ ਦੀ ਥਾਂ ਕੁਦਰਤ ਦੇ ਅਸੂਲਾਂ ਨਾਲ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਤਾਂ ਹੀ ਮਨੁੱਖ ਪੰਜਾਬ ਵਿੱਚ ਇੱਕ ਸਾਲ ਵਿੱਚ ਆਉਂਦੀਆਂ 6 ਰੁੱਤਾਂ ਦਾ ਆਨੰਦ ਮਾਣ ਸਕਦਾ ਹੈ।

**ਰੁੱਤਾਂ ਦਾ ਪੰਜਾਬੀਆਂ ਨਾਲ ਰੋਸਾ** : ਕਿਹਾ ਜਾਂਦਾ ਹੈ ਕਿ ਪੰਜਾਬ 'ਚ ਲੋਕਾਂ ਵੱਲੋਂ ਕੁਦਰਤ ਨਾਲ ਕੀਤੀ ਜਾਂਦੀ ਛੇੜਛਾੜ, ਲੋਕਾਂ ਵੱਲੋਂ ਫੈਲਾਏ ਜਾਂਦੇ ਹਰ ਤਰਾਂ ਦੇ ਪ੍ਰਦੂਸ਼ਣ, ਵਾਹਨਾਂ, ਕਾਰਖਾਨਿਆਂ, ਇੱਟਾਂ ਦੇ ਭੱਠਿਆਂ, ਫੈਕਟਰੀਆਂ ਦੀਆਂ ਚਿਮਨੀਆਂ 'ਚੋਂ ਨਿਕਲਦੇ ਧੂੰਏਂ, ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਲਗਾਈ ਜਾਂਦੀ ਅੱਗ ਅਤੇ ਮਨੁੱਖ ਵੱਲੋਂ ਗਰਮੀ- ਸਰਦੀ ਦਾ ਮੁਕਾਬਲਾ ਕਰਨ ਲਈ ਏਅਰ ਕੰਡੀਸ਼ਨ, ਕੂਲਰ ਤੇ ਹੀਟਰ ਦੀ ਵਰਤੋ ਕਰਨ ਨਾਲ ਫੈਲਦੇ ਪ੍ਰਦੂਸ਼ਣ ਕਾਰਨ ਪੰਜਾਬੀਆਂ ਨਾਲ ਰੁੱਸ ਕੇ ਪੰਜਾਬ ਦੀਆਂ ਸਾਰੀਆਂ 6 ਰੁੱਤਾਂ ਕਾਦਰ (ਰੱਬ) ਕੋਲ ਚਲੀਆਂ ਗਈਆਂ ਅਤੇ ਬੇਨਤੀ ਕੀਤੀ ਕਿ ਪੰਜਾਬ ਦੇ ਲੋਕ ਕੁਦਰਤੀ ਰੁੱਤਾਂ ਦੀ ਮਹੱਤਤਾ ਨੂੰ ਨਹੀਂ ਸਮਝਦੇ, ਇਸ ਲਈ ਉਹਨਾਂ ਨੂੰ ਧਰਤੀ ਤੋਂ ਵਾਪਸ ਆਉਣ ਦੀ ਆਗਿਆ ਦਿਤੀ ਜਾਵੇ ਤਾਂ ਕਾਦਰ (ਰੱਬ) ਨੇ ਕਿਹਾ ਕਿ ਭਾਵੇਂ ਵੱਡੀ ਗਿਣਤੀ ਲੋਕ ਕੁਦਰਤ ਦੇ ਅਸੂਲਾਂ ਦਾ ਪਾਲਣ ਨਹੀਂ ਕਰਦੇ, ਫਿਰ ਵੀ ਪੰਜਾਬ ਵਿੱਚ ਅਜੇ ਵੀ ਅਜਿਹੇ ਲੋਕ ਹਨ, ਜੋ ਕਿ ਪੂਰੀ ਤਰਾਂ ਕੁਦਰਤ ਦੇ ਨਿਯਮਾਂ ਦਾ ਪਾਲਣ ਕਰਦੇ ਹਨ ਅਤੇ ਕੁਦਰਤੀ ਸੁੰਦਰਤਾ ਨੂੰ ਮਾਣਦੇ ਹਨ। ਇਸ ਲਈ ਅਜਿਹੇ ਲੋਕਾਂ ਲਈ ਸਾਰੀਆਂ 6 ਰੁੱਤਾਂ ਦਾ ਵਾਰੋ ਵਾਰੀ ਪੰਜਾਬ 'ਚ ਆਉਣਾ ਜਾਰੀ ਰਹੇਗਾ।

***

## ਭਾਰਤ ਦੀ ਰਾਜਨੀਤੀ ਅਤੇ ਚੋਣ ਇਤਿਹਾਸ

ਉਹ ਚੋਣ ਜਿੱਤ ਜਾਂਦੀ ਤਾਂ ਕਿੰਨਰਾਂ ਦੀ ਬਿਹਤਰੀ ਲਈ ਹੋਰ ਵੀ ਕੰਮ ਕਰਦੀ, ਪਰ ਜੇਕਰ ਉਹ ਨਾ ਜਿੱਤਦੀ ਤਾਂ ਵੀ ਇੱਕ ਕੰਧ ਢਾਹ ਦਿੰਦੀ। ਅਜੇ ਬਹੁਤ ਲੰਮਾ ਸਫ਼ਰ ਤੈਅ ਕਰਨਾ ਬਾਕੀ ਹੈ।

**ਸਨੇਹਾ ਕਾਲੇ**

ਸਨੇਹਾ ਕਾਲੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਮੁੰਬਈ ਉੱਤਰੀ-ਕੇਂਦਰੀ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਸੀ।

ਸਨੇਹਾ ਕਾਲੇ ਮੁੰਬਈ ਦੀ ਕਿਸੇ ਵੀ ਸੀਟ ਤੋਂ ਲੋਕ ਸਭਾ ਚੋਣ ਲੜਨ ਵਾਲੀ ਪਹਿਲੀ ਟਰਾਂਸਜੈਂਡਰ ਉਮੀਦਵਾਰ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ, ਉਸਨੇ ਮੁੰਬਈ ਵਿੱਚ ਉੱਤਰੀ-ਕੇਂਦਰੀ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਕੀਤਾ। ਉਸ ਸਮੇਂ ਉਨ੍ਹਾਂ ਦੀ ਉਮਰ 26 ਸਾਲ ਸੀ।

ਸਨੇਹਾ ਦੇ ਇਕੱਲੇ ਚੋਣ ਲੜਨ ਪਿੱਛੇ ਇਕ ਖਾਸ ਕਾਰਨ ਸੀ। ਜਦੋਂ ਤੋਂ ਕਿੰਨਰਾਂ ਨੂੰ 1994 ਵਿੱਚ ਵੋਟ ਦਾ ਅਧਿਕਾਰ ਮਿਲਿਆ ਹੈ, ਉਦੋਂ ਤੋਂ ਵੋਟਰ ਸੂਚੀ ਵਿੱਚ ਨਾਮ ਦਰਜ ਕਰਵਾਉਣ ਵਾਲੇ ਕਿੰਨਰਾਂ ਦੀ ਗਿਣਤੀ ਵਿੱਚ ਹੌਲੀ-ਹੌਲੀ ਵਾਧਾ ਹੋਇਆ ਹੈ। 2014 ਵਿੱਚ ਵੋਟਰ ਸੂਚੀ ਵਿੱਚ ਸਿਰਫ਼ 918 ਕਿੰਨਰਾਂ ਦੇ ਨਾਮ ਦਰਜ ਸਨ, ਜੋ 2019 ਵਿੱਚ ਵੱਧ ਕੇ 2086 ਹੋ ਗਏ।

ਸਨੇਹਾ ਜਾਣਦੀ ਸੀ ਕਿ ਜਦੋਂ ਤੱਕ ਆਮ ਲੋਕਾਂ ਦੀ ਮਜ਼ਬੂਤ ਪਕੜ ਨਹੀਂ ਹੁੰਦੀ ਅਤੇ ਉਹ ਵੀ ਵੋਟ ਨਹੀਂ ਪਾਉਂਦੇ ਉਦੋਂ ਤੱਕ ਚੋਣ ਜਿੱਤਣਾ ਅਸੰਭਵ ਹੈ, ਪਰ ਫਿਰ ਵੀ ਸਨੇਹਾ ਨੇ ਚੋਣ ਲੜਨ ਦਾ ਫੈਸਲਾ ਕੀਤਾ ਤਾਂ ਜੋ ਟਰਾਂਸਜੈਂਡਰ ਭਾਈਚਾਰਾ ਆਪਣੇ ਸਿਆਸੀ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕੇ।

ਉਨ੍ਹਾਂ ਨੂੰ ਵੋਟ ਦੀ ਤਾਕਤ ਨੂੰ ਸਮਝਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਵੋਟਰ ਸੂਚੀ ਵਿੱਚ ਆਪਣੇ ਨਾਮ ਦਰਜ ਕਰਵਾਉਣੇ ਚਾਹੀਦੇ ਹਨ।

ਸਨੇਹਾ ਕਾਲੇ ਨੂੰ ਸਿਰਫ਼ 674 ਵੋਟਾਂ ਮਿਲੀਆਂ, ਜੋ ਕੁੱਲ ਵੋਟਾਂ ਦਾ ਸਿਰਫ਼ 0.09 ਫ਼ੀਸਦੀ ਸੀ, ਪਰ ਸਨੇਹਾ ਦਾ ਨਾਂਅ ਮੁੰਬਈ ਤੋਂ ਲੋਕ ਸਭਾ ਚੋਣਾਂ ਵਿੱਚ ਖੜ੍ਹੇ ਹੋਣ ਵਾਲੀ ਪਹਿਲੀ ਟਰਾਂਸਜੈਂਡਰ ਵਜੋਂ ਇਤਿਹਾਸ ਵਿੱਚ ਦਰਜ ਹੋ ਗਿਆ।

**ਅਸ਼ਵਿਤੀ ਰਾਜੱਪਨ**

ਕੇਰਲ ਦੇ ਚੋਣ ਇਤਿਹਾਸ ਵਿੱਚ ਇਹ ਪਹਿਲੀ ਵਾਰ ਸੀ ਜਦੋਂ ਕੋਈ ਟਰਾਂਸਜੈਂਡਰ ਚੋਣ ਮੈਦਾਨ ਵਿੱਚ ਉਤਰ ਰਿਹਾ ਸੀ। ਸਾਲ 2019 ਵਿੱਚ, ਅਸ਼ਵਤੀ ਰਾਜੱਪਨ ਕੇਰਲ ਦੇ ਕੋਚੀ ਵਿੱਚ ਏਰਨਾਕੁਲਮ ਸੀਟ ਤੋਂ ਲੋਕ ਸਭਾ ਚੋਣਾਂ ਵਿੱਚ ਖੜ੍ਹੇ ਹੋਣ ਵਾਲੀ ਪਹਿਲੀ ਇੰਟਰਸੈਕਸ ਉਮੀਦਵਾਰ ਬਣ ਗਈ।

25 ਸਾਲਾ ਅਸ਼ਵਿਤੀ ਰਾਜੱਪਨ ਵੀ ਉਨ੍ਹਾਂ ਵਿੱਚੋਂ ਇੱਕ ਸੀ। ਹਾਲਾਂਕਿ ਉਸ ਨੂੰ 494 ਵੋਟਾਂ ਮਿਲੀਆਂ, ਜੋ ਕਿ ਕੁੱਲ ਪੋਲ ਦਾ 0.05 ਫੀਸਦੀ ਸੀ, ਪਰ ਉਸ ਦੇ ਚੋਣ ਲੜਨ ਨਾਲ ਟਰਾਂਸਜੈਂਡਰ ਭਾਈਚਾਰੇ ਵਿੱਚ ਇਹ ਸੰਦੇਸ਼ ਗਿਆ ਕਿ ਉਹ ਵੀ ਰਾਜਨੀਤੀ ਵਿਚ ਹਿੱਸਾ ਲੈ ਸਕਦੇ ਹਨ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾ ਸਕਦੇ ਹਨ।

**ਪਾਇਲ: ਲਾਲਜੀ ਟੰਡਨ ਨਾਲ ਮੁਕਾਬਲਾ**

2002 ਦੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਚੋਣਾਂ ਵਿੱਚ ਮੱਧ ਪ੍ਰਦੇਸ਼ ਵਿੱਚ 100 ਤੋਂ ਵੱਧ ਕਿਨਰ ਉਮੀਦਵਾਰ ਮੈਦਾਨ ਵਿੱਚ ਸਨ, ਜਦਕਿ ਯੂਪੀ ਤੋਂ 18 ਕਿੰਨਰਾਂ ਨੇ ਵੱਖ-ਵੱਖ ਸੀਟਾਂ ਤੋਂ ਨਾਮਜ਼ਦਗੀ ਕੀਤੀ ਸੀ। ਇਨ੍ਹਾਂ ਵਿੱਚ ਪਾਇਲ ਸਮੇਤ ਤਿੰਨ ਕਿੰਨਰ ਲਖਨਊ ਦੇ ਵੱਖ-ਵੱਖ ਹਲਕਿਆਂ ਤੋਂ ਉਮੀਦਵਾਰ ਸਨ। ਕਿੰਨਰ ਪਾਇਲ ਲਖਨਊ ਪੱਛਮੀ ਦੀ ਸੀਟ ਤੋਂ ਚੋਣ ਮੈਦਾਨ ਵਿੱਚ ਸਨ, ਜਿੱਥੋਂ ਭਾਜਪਾ ਦੇ ਕੱਟੜ ਨੇਤਾ ਲਾਲਜੀ ਟੰਡਨ ਜਿੱਤਦੇ ਰਹੇ ਸਨ।

**ਆਸ਼ਾ ਦੇਵੀ: ਗੋਰਖਪੁਰ ਦੀ ਮੇਅਰ**

2001 ਦੀਆਂ ਨਗਰ ਨਿਗਮ ਚੋਣਾਂ ਵਿੱਚ ਗੋਰਖਪੁਰ ਦੇ ਲੋਕਾਂ ਨੇ ਇਤਿਹਾਸ ਰਚਿਆ ਸੀ। ਸਾਰੀਆਂ ਸਿਆਸੀ ਪਾਰਟੀਆਂ ਅਤੇ ਦਿੱਗਜਾਂ ਨੂੰ ਨਜ਼ਰਅੰਦਾਜ਼ ਕਰਕੇ ਲੋਕਾਂ ਨੇ ਕਿੰਨਰ ਆਸ਼ਾ ਦੇਵੀ ਉਰਫ਼ ਅਮਰਨਾਥ ਨੂੰ ਜਿਤਾਇਆ। ਉਸ ਸਮੇਂ ਸੂਬੇ 'ਚ ਭਾਜਪਾ ਦੀ ਸਰਕਾਰ ਸੀ ਅਤੇ ਯੋਗੀ ਆਦਿਤਿਆਨਾਥ ਗੋਰਖਪੁਰ ਤੋਂ ਸੰਸਦ ਮੈਂਬਰ ਸਨ। ਆਸ਼ਾ ਦੇਵੀ ਨੇ ਚੂੜੀਆਂ ਚੋਣ ਨਿਸ਼ਾਨ 'ਤੇ ਸਪਾ ਉਮੀਦਵਾਰ ਅੰਜੂ ਚੌਧਰੀ ਨੂੰ 60 ਹਜ਼ਾਰ ਵੋਟਾਂ ਨਾਲ ਹਰਾਇਆ। ਚੋਣ ਵਿੱਚ ਆਸ਼ਾ ਦੇਵੀ ਨੂੰ 1.08 ਲੱਖ, ਸਪਾ ਦੀ ਅੰਜੂ ਚੌਧਰੀ ਨੂੰ 45 ਹਜ਼ਾਰ ਅਤੇ ਭਾਜਪਾ ਦੀ ਵਿਦਿਆਵਤੀ ਦੇਵੀ ਨੂੰ 13 ਹਜ਼ਾਰ ਵੋਟਾਂ ਮਿਲੀਆਂ।

***

## ਭਾਰਤ ਵਿੱਚ ਫੈਲਿਆ ਕੈਂਸਰ

ਉਦੋਂ ਤੋਂ ਹੀ ਸੀਐਮ ਫਲਾਇੰਗ ਅਤੇ ਡਰੱਗ ਵਿਭਾਗ ਦੇ ਛਾਪੇਮਾਰੀ ਅਤੇ ਜਾਂਚ ਲਗਾਤਾਰ ਜਾਰੀ ਸੀ। ਹੁਣ ਨਕਲੀ ਦਵਾਈਆਂ ਦੇ ਅੰਤਰਰਾਸ਼ਟਰੀ ਰੈਕੇਟ ਦਾ ਪਰਦਾਫਾਸ਼ ਹੋਇਆ ਹੈ ਪਿਛਲੇ ਮਹੀਨੇ ਹੀ ਦਿੱਲੀ ਪੁਲਿਸ ਨੇ ਕੈਂਸਰ ਦੀਆਂ ਨਕਲੀ ਦਵਾਈਆਂ ਦੇ ਕਾਰੋਬਾਰ ਦੇ ਸਬੰਧ ਵਿੱਚ 11 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਪੁਲਿਸ ਨੇ ਉਸ ਦੇ ਖਾਤੇ ਵਿਚੋਂ ਕਰੋੜਾਂ ਰੁਪਏ ਬਰਾਮਦ ਕੀਤੇ ਹਨ। ਇਸ ਗਰੋਹ ਦਾ ਸਰਗਨਾ ਦਿੱਲੀ ਦੇ ਪੰਤ ਹਸਪਤਾਲ ਵਿੱਚ ਡਾਕਟਰ ਹੈ, ਜਦਕਿ ਬਾਕੀ ਦਿੱਲੀ ਐਨਸੀਆਈ ਵਿੱਚ ਮੈਡੀਕਲ ਸਟਾਫ਼ ਰੂਮ ਵਿੱਚ ਕੰਮ ਕਰਦੇ ਸਨ।

ਇਹੀ ਨਹੀਂ, ਲਿਬਨਾਨ ਅਤੇ ਯਮਨ ਸਥਿਤ ਸਿਹਤ ਅਧਿਕਾਰੀਆਂ ਨੇ ਹੈਦਰਾਬਾਦ ਸਥਿਤ ਇੱਕ ਦਵਾਈ ਕੰਪਨੀ ਦੀ ਬਣਾਈ ਹੋਈ ਕੈਂਸਰ ਦੀ ਦਵਾਈ ਦੇ ਕੁਝ ਬੈਚਾਂ ਵਿੱਚ ਖਤਰਨਾਕ ਬੈਕਟੀਰੀਆ ਪਾਏ ਜਾਣ ਦੇ ਬਾਅਦ ਇਸ ਦੀ ਵਰਤੋਂ ਰੋਕ ਦਿੱਤੀ ਹੈ। ਲੋਕ ਦਵਾਈਆਂ ਦੀ ਵਰਤੋਂ ਸਾਹਾਂ ਦੀ ਰੱਖਿਆ ਲਈ ਕਰਦੇ ਹਨ, ਇਸ ਲਈ ਦਵਾਈ ਨਿਰਮਾਤਾਵਾਂ ਵੱਲੋਂ ਵੱਧ ਲਾਭ ਦੇ ਲਾਲਚ ਵਿੱਚ ਨਕਲੀ ਅਤੇ ਘਟੀਆ ਦਵਾਈਆਂ ਬਾਜ਼ਾਰ ਵਿੱਚ ਉਤਾਰ ਕੇ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣੀ ਹੱਤਿਆ ਵਰਗੇ ਜੁਰਮ ਤੋਂ ਘੱਟ ਨਹੀਂ ਨਕਲੀ ਦਵਾਈਆਂ ਦੇ ਇਹ ਧੰਦੇਬਾਜ਼ ਨਾ ਸਿਰਫ ਧਨ ਦੇ ਲਾਲਚ ਵਿੱਚ ਲੋਕਾਂ ਦੀ ਜਾਨ ਨਾਲ ਖੇਡ ਰਹੇ ਹਨ, ਸਗੋਂ ਦੂਜੇ ਦੇਸ਼ਾਂ 'ਚ ਦੇਸ਼ ਦੀ ਬਦਨਾਮੀ ਦਾ ਕਾਰਨ ਵੀ ਬਣ ਰਹੇ ਹਨ। ਅਜਿਹੇ ਕਾਰਿਆਂ ਵਿੱਚ ਸ਼ਾਮਲ ਹੋਣ ਵਾਲੇ ਅਪਰਾਧੀਆਂ ਦੇ ਵਿਰੁੱਧ ਸਖ਼ਤ ਕਾਰਵਾਈ ਕਰ ਕੇ ਉਨ੍ਹਾਂ ਨੂੰ ਉਚਿਤ ਸਜ਼ਾ ਦੇਣ ਅਤੇ ਅਜਿਹੇ ਸਮਾਜ ਵਿਰੋਧੀ ਤੱਤਾਂ ਨੂੰ ਫੜਣ ਲਈ ਮੁਹਿੰਮ ਹੋਰ ਤੇਜ਼ ਕਰਨੀ ਚਾਹੀਦੀ ਹੈ।

***

## ਹਿੰਦੂ ਰਾਸ਼ਟਰ ਤੇ ਮਨੂਵਾਦ

ਜਦਕਿ ਪਹਿਲਾਂ ਬਰਾਬਰ ਨਿਆਂ ਵਿਵਸਥਾ ਰਹੀ ਸੀ। ਪਹਿਲਾਂ ਸਜ਼ਾਵਾਂ ਜਾਤਾਂ ਦੇ ਆਧਾਰ 'ਤੇ ਦਿੱਤੀਆਂ ਜਾਂਦੀਆਂ ਸਨ।

1795 ਅਧਿਨਿਯਮ ਦੇ ਤਹਿਤ ਸ਼ੂਦਰਾਂ ਨੂੰ ਜਾਇਦਾਦ ਰੱਖਣ ਦਾ ਹੱਕ ਦਿੱਤਾ ਗਿਆ। ਪਹਿਲਾਂ ਸ਼ੂਦਰਾਂ ਨੂੰ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਸੀ। ਮੰਨੂੰ ਸਿਮਰਤੀ ਅਨੁਸਾਰ ਸ਼ੂਦਰਾਂ ਦੀ ਜਾਇਦਾਦ ਟੁੱਟੇ ਭਾਂਡੇ-ਗੱਧੇ ਆਦਿ ਹੋਣਗੇ। ਨਾ ਉਹ ਚੰਗੇ ਕੱਪੜੇ ਪਾ ਸਕਦੇ ਸਨ ਅਤੇ ਨਾ ਚੰਗਾ ਘਰ ਪਾ ਸਕਦੇ ਸਨ।

1804 ਵਿੱਚ ਕੰਨਿਆ ਹੱਤਿਆ 'ਤੇ ਪਾਬੰਦੀ ਲਗਾਈ ਗਈ। ਲੜਕੀ ਦੇ ਜੰਮਣ 'ਤੇ ਬੱਚੇ ਦੇ ਤਾਲੂ 'ਤੇ ਅਫ਼ੀਮ ਲਗਾ ਦਿੱਤੀ ਜਾਂਦੀ ਸੀ। ਥਣਾਂ 'ਤੇ ਧਤੂਰੇ ਦਾ ਲੇਪ ਲਗਾ ਦਿੱਤਾ ਜਾਂਦਾ ਸੀ। ਜਾਂ ਟੋਆ ਪੁੱਟ ਕੇ ਉਸ ਵਿੱਚ ਦੁੱਧ ਪਾ ਕੇ ਲੜਕੀ ਨੂੰ ਡੋਬ ਦਿੱਤਾ ਜਾਂਦਾ ਸੀ।

1813 ਵਿੱਚ ਅੰਗਰੇਜ਼ਾਂ ਨੇ ਸਿੱਖਿਆ ਦਾ ਅਧਿਕਾਰ ਸਭ ਨੂੰ ਦੇ ਦਿੱਤਾ। ਸਭ ਧਰਮਾਂ ਅਤੇ ਜਾਤੀਆਂ ਨੂੰ ਇਹ ਅਧਿਕਾਰ ਮਿਲ ਗਿਆ। ਲੜਕੀਆਂ ਨੂੰ ਵੀ ਪੜ੍ਹਨ ਦਾ ਅਧਿਕਾਰ ਨਹੀਂ ਸੀ, ਉਹ ਵੀ ਮਿਲ ਗਿਆ।

1813 ਵਿੱਚ ਦਾਸ ਪ੍ਰਥਾ ਖਤਮ ਕਰ ਦਿੱਤੀ ਗਈ। 1819 ਵਿੱਚ ਅਧਿਨਿਯਮ 7 ਦੇ ਤਹਿਤ ਬ੍ਰਾਹਮਣਾਂ ਵੱਲੋਂ ਇਸਤਰੀਆਂ ਦੀ ਕੀਤੀ ਜਾਂਦੀ ਸ਼ੁੱਧੀ ਕਰਨ ਵਾਲੀ ਪਰੰਪਰਾ 'ਤੇ ਪਾਬੰਦੀ ਲਗਾ ਦਿੱਤੀ ਗਈ। ਸ਼ੂਦਰਾਂ ਦੀ ਸ਼ਾਦੀ ਹੋਣ 'ਤੇ ਤਿੰਨ ਦਿਨਾਂ ਤੱਕ ਨਵੀਂ ਵਿਆਹੀ ਦੁਲਹਨ ਨੂੰ ਬ੍ਰਾਹਮਣ ਦੇ ਘਰ ਰਹਿਣਾ ਪੈਂਦਾ ਸੀ ਅਤੇ ਬ੍ਰਾਹਮਣ ਦੀ ਸਰੀਰਕ ਸੇਵਾ ਕਰਨੀ ਪੈਂਦੀ ਸੀ।

1830 ਵਿੱਚ ਨਰਬਲੀ ਪ੍ਰਥਾ 'ਤੇ ਰੋਕ ਲਗਾ ਦਿੱਤੀ ਗਈ। ਦੇਵੀ ਦੇਵਤੇ ਨੂੰ ਖੁਸ਼ ਕਰਨ ਦੇ ਲਈ ਸ਼ੂਦਰ ਇਸਤਰੀ ਪੁਰਸ਼ ਬੱਚਿਆਂ ਨੂੰ ਮੂਰਤੀ ਦੇ ਅੱਗੇ ਪਟਕ ਪਟਕ ਕੇ ਬਲੀ ਚੜ੍ਹਾਇਆ ਜਾਂਦਾ ਸੀ।

1830 ਵਿੱਚ ਹੀ ਪ੍ਰਥਮ ਪੁੱਤਰ ਨੂੰ ਗੰਗਾ ਵਿੱਚ ਦਾਨ ਦੇਣ ਦੀ ਪ੍ਰਥਾ ਖਤਮ ਕਰ ਦਿੱਤੀ ਗਈ। ਬ੍ਰਾਹਮਣਾਂ ਦਾ ਨਿਯਮ ਸੀ ਕਿ ਸ਼ੂਦਰ ਦੇ ਘਰ ਜਦੋਂ ਪਹਿਲਾਂ ਪੁੱਤਰ ਪੈਦਾ ਹੁੰਦਾ ਸੀ ਤਾਂ ਉਸ ਨੂੰ ਗੰਗਾ ਵਿੱਚ ਸੁੱਟ ਦੇਣ ਦੀ ਪ੍ਰਥਾ ਸੀ। 1835 ਵਿੱਚ ਸ਼ੂਦਰ ਨੂੰ ਕੁਰਸੀ 'ਤੇ ਬੈਠਣ ਦਾ ਅਧਿਕਾਰ ਦਿੱਤਾ ਗਿਆ। ਦਸੰਬਰ 1829 ਅਧਿਨਿਯਮ 17 ਦੇ ਤਹਿਤ ਸਤੀ ਪ੍ਰਥਾ ਖਤਮ ਕਰ ਦਿੱਤੀ ਗਈ, ਜਿਸ ਵਿੱਚ ਵਿਧਵਾ ਨੂੰ ਮੁਰਦਾ ਪਤੀ ਨਾਲ ਸਾੜ ਦੇਣ ਦੀ ਪ੍ਰਥਾ ਸੀ। ਆਦਿ ਆਦਿ-

ਇਹ ਦੱਸਣਾ ਜ਼ਰੂਰੀ ਹੈ ਕਿ ਪੁਰਾਣੇ ਹਿੰਦੂ ਰਾਸ਼ਟਰ ਦੀ ਸੰਸਕ੍ਰਿਤੀ ਵਿੱਚ ਕਈ ਅਮਾਨਵੀ ਪ੍ਰੰਪਰਾਵਾਂ-ਨਿਯਮ ਅਤੇ ਰਵਾਜ ਪ੍ਰਚਲਤ ਸਨ, ਜਿਨ੍ਹਾਂ ਨੂੰ ਮੌਜੂਦਾ ਵਸੋਂ ਦੇ ਵੱਡੇ ਹਿੱਸੇ ਨੂੰ ਕੋਈ ਜਾਣਕਾਰੀ ਨਹੀਂ ਹੈ।

ਪੁਰਾਣੇ ਹਿੰਦੂ ਰਾਸ਼ਟਰ ਵਿੱਚ ਦਲਿਤ ਵਰਗ, ਜੋ ਕਿ ਸ਼ੂਦਰ ਵਰਣ ਵਜੋਂ ਜਾਣਿਆ ਜਾਂਦਾ ਸੀ, ਦੀ ਪਸ਼ੂਆਂ ਤੋਂ ਵੀ ਮਾੜੀ ਜਿੰਦਗੀ ਸੀ, ਲੇਕਿਨ ਇਥੇ ਇਸ ਦਾ ਵਿਸਥਾਰ ਸਾਹਿਤ ਜਿਕਰ ਕਰਨਾ ਠੀਕ ਨਹੀਂ। ਕਿਉਂਕਿ ਦਲਿਤਾਂ ਨਾਲ ਹੁੰਦੇ ਅਮਾਨਵੀ ਵਰਤਾਰੇ ਤਾਂ ਅੱਜ ਕੱਲ ਵੀ ਦੇਖਣ ਨੂੰ ਮਿਲਦੇ ਰਹਿੰਦੇ ਹਨ। ਇਨ੍ਹਾਂ ਦੀ ਹੋਂਦ ਤਾਂ ਅੱਜ ਕੱਲ ਵੀ ਦੇਖਣ ਨੂੰ ਮਿਲ ਜਾਂਦੀ ਹੈ, ਜਿਵੇਂ ਘੋੜਾ ਰੱਖਣ ਤੇ ਦਲਿਤ ਦਾ ਕਤਲ, ਮੁੱਛਾਂ ਰੱਖਣ 'ਤੇ ਦਲਿਤ ਦਾ ਕਤਲ, ਵਿਆਹ ਸਮੇਂ ਘੋੜੀ ਤੇ ਚੜ੍ਹੇ ਦਲਿਤ ਲਾੜੇ ਦਾ ਕੁਟਾਪਾ, ਮੰਦਰ ਗਏ ਦਲਿਤ ਦਾ ਕੁਟਾਪਾ, ਦਲਿਤ ਲੜਕੀਆਂ ਨਾਲ ਬਲਾਤਕਾਰ, ਆਦਿ ਘਟਨਾਵਾਂ, ਅੱਜ ਵੀ ਵਾਪਰ ਰਹੀਆਂ ਹਨ। ਲੇਕਿਨ ਦਲਿਤਾਂ ਵਿਰੁੱਧ ਮੰਨੂ ਸਿਮਰਤੀ ਨੂੰ ਅਧਾਰ ਮੰਨ ਕੇ ਕਈ ਅਮਾਨਵੀ ਹੁਕਮਨਾਮੇ ਦਲਿਤਾਂ ਵਿਰੁਧ ਸਮਾਜ ਵਿੱਚ ਜਾਰੀ ਕੀਤੇ ਜਾਂਦੇ ਰਹੇ ਹਨ, ਜਿਸ ਦਾ ਇਕ ਨਮੂਨਾ ਦੇ ਰਹੇ ਹਾਂ। ਦਸੰਬਰ 1930 ਨੂੰ ਦਲਿਤਾਂ ਦੇ ਵਿਰੁੱਧ ਰਾਮਨਾਡ ਮਦਰਾਸ ਪ੍ਰੈਜ਼ੀਡੈਂਸੀ ਸਕਾਲਰਾਂ ਨੇ 10 ਬੰਦਸ਼ਾਂ ਵਾਲਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ 1. ਦਲਿਤ ਔਰਤਾਂ ਸੋਨੇ ਦੇ ਕਹਿਣੇ ਨਹੀਂ ਪਾਉਣਗੀਆਂ, 2. ਦਲਿਤ ਮਰਦ ਗੋਡਿਆਂ ਤੋਂ ਥੱਲੇ ਅਤੇ ਕੂਹਲਿਆਂ ਤੋਂ ਉੱਪਰ ਕਪੜੇ ਨਹੀਂ ਪਾਉਣਗੇ, 3. ਦਲਿਤ ਮਰਦ ਕੋਟ ਪੈਂਟ, ਕਮੀਜ਼ ਅਤੇ ਬਨਾਇਣ ਨਹੀਂ ਪਾਉਣਗੇ, 4. ਇਹ ਲੋਕ ਘਰਾਂ ਵਿੱਚ ਕੇਵਲ ਮਿੱਟੀ ਦੇ ਬਰਤਨ ਰੱਖਣਗੇ, 5.ਇ ਇਨ੍ਹਾਂ ਦੀਆਂ ਔਰਤਾਂ ਸਰੀਰ ਕੇ ਉਪਰਲੇ ਭਾਗ (ਛਾਤੀਆਂ) ਨੂੰ ਨਹੀਂ ਕੱਜਣਗੀਆਂ। ਸ਼ਿੰਗਾਰ ਨਹੀਂ ਕਰਨਗੀਆਂ, 6. ਇਨ੍ਹਾਂ ਲੋਕਾਂ ਨੂੰ ਸਕੂਲਾਂ ਕਾਲਜਾਂ ਵਿੱਚ ਪੜ੍ਹਾਉਣ ਨਹੀਂ ਦਿੱਤਾ ਜਾਵੇਗਾ, 7. ਇਨ੍ਹਾਂ ਦੇ ਬੱਚੇ ਜ਼ਿਮੀਦਾਰਾਂ ਦੇ ਪਸ਼ੂ ਚਾਰਨਗੇ, 8. ਇਹ ਲੋਕ ਜ਼ਿਮੀਦਾਰਾਂ ਦੇ ਗੁਲਾਮ ਮੰਨੇ ਜਾਣਗੇ, 9. ਇਹ ਲੋਕ ਆਪਣੇ ਬੱਚਿਆਂ ਦੇ ਵਿਆਹਾਂ ਵਿੱਚ ਭਾਰਤੀ ਸੰਗੀਤ ਦੀ ਵਰਤੋਂ ਨਹੀਂ ਕਰਨਗੇ, 10. ਵਿਆਹ ਦੇ ਵਕਤ ਲਾੜਾ ਘੋੜੀ ਦੀ ਸਵਾਰੀ ਨਹੀਂ ਕਰੇਗਾ, ਲਾੜੀ ਡੋਲੀ ਵਿੱਚ ਨਹੀਂ ਬੈਠ ਸਕੇਗੀ। ਇਥੇ ਦਿੱਤੇ ਗਏ ਵੇਰਵੇ ਪੁਰਾਣੇ ਹਿੰਦੂ ਰਾਸ਼ਟਰ ਵੱਲੋਂ ਸਿਰਜੀ ਗਈ ਪੁਰਾਣੀ ਹਿੰਦੂ ਸੰਸਕ੍ਰਿਤੀ ਦੇ ਨਮੂਨੇ ਹਨ, ਜਿਸ ਬਾਰੇ ਆਰਐਸਐਸ ਬੀਜੇਪੀ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਦੇ ਨੇਤਾ ਸੰਤ-ਸਾਧੂ-ਸਾਧਵੀਆਂ ਪ੍ਰਚਾਰਕ ਡੇਰੇਦਾਰ ਮਹੰਤ ਆਦਿ ਤਰੀਫ਼ ਕਰਦੇ ਨਹੀਂ ਥੱਕਦੇ ਅਤੇ ਇਸ ਨੂੰ ਦੁਬਾਰਾ ਦੇਸ਼ ਅਤੇ ਸਮਾਜ ਵਿੱਚ ਲਾਗੂ ਕਰਨ ਦੇ ਲਈ ਸਿਰ ਤੋੜ ਯਤਨ ਕਰ ਰਹੇ ਹਨ। ਇਥੇ ਸਿਰਫ਼ ਭਾਰਤ ਦੀਆਂ ਰਾਜਨੀਤਕ ਪਾਰਟੀਆਂ ਨੂੰ ਸਾਵਧਾਨ ਕਰਨਾ ਬਣਦਾ ਹੈ ਕਿ ਉਹ ਹਿੰਦੂ ਰਾਸ਼ਟਰ ਦੇ ਖਤਰਨਾਕ ਮਨਸੂਬਿਆਂ ਨੂੰ ਸਮਝਣ ਦਾ ਯਤਨ ਕਰਨ ਅਤੇ ਇਸ ਦੇ ਵਿਰੁਧ ਆਵਾਜ਼ ਬੁਲੰਦ ਕਰਨ ਦੇ ਲਈ ਲੋਕਾਂ ਨੂੰ ਲਾਮਬੰਦ ਕਰਨ। ਖਾਸ ਕਰਕੇ ਦਲਿਤ ਜਥੇਬੰਦੀਆਂ ਆਪਣੀ ਭੂਮਿਕਾ ਨਿਭਾਉਣ ਲਈ ਅੱਗੇ ਆਉਣ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਦਰਸਾਏ ਖ਼ਤਰੇ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਭਾਰਤੀ ਜਨਤਾ ਪਾਰਟੀ ਵਿਚਲੇ ਦਲਿਤਾਂ, ਜੋ ਕਿ ਵਿਭੀਸ਼ਣ ਅਤੇ ਸੁਗਰੀਵ ਵਰਗੇ ਗੱਦਾਰਾਂ ਦੀ ਭੂਮਿਕਾ ਨਿਭਾ ਰਹੇ ਹਨ, ਨੂੰ ਵੀ ਆਪਣੀ ਭੂਮਿਕਾ ਬਾਰੇ ਸੋਚਣਾ ਚਾਹੀਦਾ ਹੈ।

***

## ਪੰਜ ਸਾਲਾਂ 'ਚ ਤਾਪਮਾਨ ਦਾ ਰਿਕਾਰਡ ਟੁੱਟਣ

ਰਿਪੋਰਟ ਦੇ ਪ੍ਰਮੁੱਖ ਲੇਖਕ, ਜਲਵਾਯੂ ਵਿਗਿਆਨੀ ਲਿਓਨ ਹਰਮਨਸਨ ਦਾ ਕਹਿਣਾ ਹੈ, ਜਿਸ ਨਾਲ ਗਲੋਬਲ ਤਾਪਮਾਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਸੰਭਵ ਹੋ ਜਾਵੇਗਾ। ਵਿਗਿਆਨੀ ਆਮ ਤੌਰ 'ਤੇ 30 ਸਾਲਾਂ ਦੀ ਔਸਤ ਵਰਤਦੇ ਹਨ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜਲਵਾਯੂ ਪਰਿਵਰਤਨ ਵਿਰੁੱਧ ਚੱਲ ਰਹੇ ਯਤਨਾਂ ਵਿੱਚ ਰੁਕਾਵਟਾਂ ਦਾ ਪੱਧਰ ਆਉਣ ਵਾਲੇ ਪੰਜ ਸਾਲਾਂ ਵਿੱਚ ਵੱਧ ਕੇ 66 ਪ੍ਰਤੀਸ਼ਤ ਹੋ ਜਾਵੇਗਾ, ਜੋ ਪਿਛਲੇ ਸਾਲ 48 ਪ੍ਰਤੀਸ਼ਤ, 2020 ਵਿੱਚ 20 ਪ੍ਰਤੀਸ਼ਤ ਅਤੇ ਇੱਕ ਦਹਾਕਾ ਪਹਿਲਾਂ 10 ਪ੍ਰਤੀਸ਼ਤ ਸੀ।

***

## ਸਿਹਤ ਲਈ ਖਤਰਨਾਕ ਨੇ

ਇਸ ਬਾਰੇ ਡਬਲਿਊ. ਐੱਚ. ਓ. 'ਚ ਪੋਸ਼ਣ ਤੇ ਖੁਰਾਕ ਸੁਰੱਖਿਆ ਦੇ ਨਿਰਦੇਸ਼ਕ ਫਰਾਂਸੈੱਸਕਾ ਬ੍ਰਾਂਕਾ ਦਾ ਕਹਿਣਾ ਹੈ ਕਿ ਖੰਡ ਦੀ ਥਾਂ ਬਨਾਵਟੀ ਮਿਠਾਸ ਦੀ ਵਰਤੋਂ ਕਰਨ ਨਾਲ ਲੰਬੇ ਸਮੇਂ 'ਚ ਭਾਰ ਘੱਟ ਕਰਨ 'ਚ ਕੋਈ ਮਦਦ ਨਹੀਂ ਮਿਲਦੀ। ਅਜਿਹੇ 'ਚ ਉਨ੍ਹਾਂ ਦਾ ਸੁਝਾਅ ਹੈ ਕਿ ਲੋਕਾਂ ਨੂੰ ਖੰਡ ਦੀ ਵਰਤੋਂ ਘੱਟ ਕਰਨ ਲਈ ਹੋਰ ਰਾਹ ਲੱਭਣੇ ਪੈਣਗੇ। ਇਸ ਲਈ ਮਿਠਾਸ ਦੇ ਕੁਦਰਤੀ ਸਰੋਤਾਂ ਜਿਵੇਂ ਫਲਾਂ ਅਤੇ ਬਿਨਾਂ ਮਿਠਾਸ ਵਾਲੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਕਰਨੀ ਪਵੇਗੀ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com